# ਸੁਖਮਨੀ ਦਰਸ਼ਨ

ਪਿਆਰਾ ਸਿੰਘ ਪਦਮ

Pb
294.682
P 13 S

ਪਬਲੀਕੇਸ਼ਨ ਬਿਊਰੋ
ਾਬੀ ਯੂਨੀਵਰਸਿਟੀ ਪਟਿਆਲਾ

ਸੁਖਮਨੀ

ਸੁਖ

ਅੰਮ੍ਰਿਤ ਪ੍ਰਭੁ ਨਾਮੁ

# ਤਤਕਰਾ


| | | |
|---|---|---|
| | ਦੋ ਸ਼ਬਦ | v |
| | ਪ੍ਰਵੇਸ਼ | vii |
| ੧. | ਸੁਖਮਨੀਕਾਰ ਮਹਾਨ ਕਵੀ ਗੁਰੂ ਅਰਜਨ | ੧ |
| ੨. | ਸੁਖਮਨੀ ਦਾ ਨਾਮ-ਸੰਸਕਾਰ | ੧੧ |
| ੩. | ਸੁਖਮਨੀ ਦਾ ਅਸ਼ਟਪਦੀਵਾਰ ਸਾਰੰਸ਼ | ੧੬ |
| ੪. | ਸੁਖਮਨੀ ਦਾ ਰਹੱਸਵਾਦ | ੨੫ |
| ੫. | ਸੁਖਮਨੀ ਦਾ ਆਚਾਰ ਸ਼ਾਸਤ੍ਰ | ੩੩ |
| ੬. | ਸੁਖਮਨੀ ਦਾ ਪਰਮ ਮਨੁੱਖ | ੪੪ |
| ੭. | ਸੁਖਮਨੀ ਵਿਚ 'ਸੁਖ' ਦਾ ਸੰਕਲਪ | ੫੧ |
| ੮. | ਸਖਮਨੀ ਦਾ ਕਲਾ ਪੱਖ | ੬੨ |

# ਸੁਖਮਨੀ ਦਰਸ਼ਨ

ਪਿਆਰਾ ਸਿੰਘ ਪਦਮ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

SUKHMANI DARSHAN (*Punjabi*)
by
PIARA SINGH PADAM

1988
ਦੂਜੀ ਵਾਰ : 1100
ਮੁੱਲ : 17.00 ਰੁਪਏ

P
294.682
P 13 S

Acc. No. 77050
Date 15.10.94
SIMLA

Library IIAS, Shimla
P 294.682 P 13 S
00077050

ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਮੈ/ਸ. ਮੇਹਰਬਾਨ ਪ੍ਰਿੰਟਰਜ਼, ਲੁਧਿਆਣਾ ਨੇ ਛਾਪੀ।

# ਪ੍ਰਵੇਸ਼
## (ਪਹਿਲਾ ਸੰਸਕਰਣ)

ਸੰਸਾਰ ਦੇ ਅਧਿਆਤਮਕ ਤੇ ਧਾਰਮਿਕ ਸਾਹਿਤ ਨੂੰ ਇਹ ਮਾਣ ਹਾਸਲ ਹੈ ਕਿ ਉਸ ਨੇ ਮਨੁੱਖੀ ਸਭਿਅਤਾ ਦੇ ਵਿਕਾਸ ਵਿਚ ਸਭ ਤੋਂ ਵਧ ਹਿੱਸਾ ਪਾਇਆ ਹੈ। ਸ੍ਰੇਸ਼ਟ ਮਾਨਵ ਦੀ ਸਿਰਜਨਾ ਉਸ ਦਾ ਉੱਚਾ ਸੁੱਚਾ ਆਦਰਸ਼ ਰਿਹਾ ਹੈ ਜਿਸ ਵਿਚ ਇਸ ਨੂੰ ਪੂਰੀ ਸਫਲਤਾ ਵੀ ਮਿਲਦੀ ਰਹੀ ਹੈ। ਭਾਰਤੀ ਰਿਸ਼ੀਆਂ ਮੁਨੀਆਂ ਦੇ ਵੇਦ, ਉਪਨਿਸ਼ਦ ਤੇ ਗੀਤਾ ਆਦਿ ਸਾਹਿਤ ਨੂੰ ਲੈ ਲਓ, ਇਹ ਹਮੇਸ਼ਾਂ ਮਨੁੱਖ ਨੂੰ ਸ਼ਾਂਤੀ ਦਾ ਮਾਰਗ ਦਰਸਾਉਂਦੇ ਆਏ ਹਨ। ਇਸੇ ਤਰ੍ਹਾਂ ਬੋਧੀ ਤੇ ਜੈਨੀ ਗ੍ਰੰਥਾਂ ਨੇ ਸਤਿ ਤੇ ਅਹਿੰਸਾ ਦੀ ਸਿਖਿਆ ਦੇ ਕੇ ਮਨੁੱਖ ਨੂੰ ਸ੍ਰੇਸ਼ਟਾਚਾਰੀ ਬਣਨ ਦਾ ਉਪਦੇਸ਼ ਦਿਤਾ ਹੈ। ਜਦੋਂ ਅਸੀਂ ਯਹੂਦੀ, ਈਸਾਈ ਤੇ ਮੁਸਲਮਾਨਾਂ ਦੇ ਪਵਿੱਤਰ ਧਰਮ-ਗ੍ਰੰਥਾਂ ਨੂੰ ਵਾਚਦੇ ਹਾਂ ਤਾਂ ਪਤਾ ਲਗਦਾ ਹੈ, ਇਨ੍ਹਾਂ ਇਲਹਾਮੀ ਮੰਨੀਆਂ ਜਾਂਦੀਆਂ ਰਚਨਾਵਾਂ ਨੇ ਵੀ ਆਪਣੇ ਆਪਣੇ ਖੇਤਰਾਂ ਵਿਚ ਡੂੰਘਾ ਪ੍ਰਭਾਵ ਪਾ ਕੇ ਮਨੁੱਖ ਨੂੰ ਅਗੇ ਵਧਣ ਵਿਚ ਮੱਦਦ ਦਿਤੀ ਹੈ।

ਭਾਰਤ ਵਿਚ ਧਾਰਮਿਕ ਸਾਹਿਤ ਦੀ ਅਮੀਰ ਪਰੰਪਰਾ ਹੈ ਤੇ ਇਸ ਨੇ ਸਦਾ ਮਨੁੱਖਤਾ ਦਾ ਮਾਰਗ-ਪਰਿਦਰਸ਼ਨ ਕੀਤਾ ਹੈ। ਕੁਝ ਸਾਹਿਤ ਐਸਾ ਵੀ ਹੈ ਜਿਸ ਨੇ ਤਰਕ ਦੇ ਹਥਿਆਰ ਨਾਲ ਮਨੁੱਖ ਦੀ ਦਿਮਾਗੀ ਤਸੱਲੀ ਵੀ ਕਰਾਈ ਤੇ ਕੁਝ ਐਸਾ ਸਾਹਿਤ ਵੀ ਹੈ ਜੋ ਰਹੱਸਵਾਦੀ ਭਾਵਾਂ ਨਾਲ ਭਰਪੂਰ ਹੋਣ ਕਾਰਣ ਮਨੁੱਖ ਨੂੰ ਆਪਣੇ ਆਪ ਸਹੀ ਪਾਸੇ ਪ੍ਰੇਰਨਾ ਬਖਸ਼ਦਾ ਆਇਆ ਹੈ।

ਭਗਤੀ ਲਹਿਰ ਦੇ ਮਾਣਕ ਮੋਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਭਾਲ ਦਿਤੇ ਗਏ ਸਨ ਤੇ ਸੁਖਮਨੀ ਸਾਹਿਬ ਇਸ ਵਿਚ ਇਕ ਬਿਹਤਰੀਨ ਮਣੀ ਹੈ, ਇਸਨੂੰ ਸਿੱਖ ਲਹਿਰ ਦੀ ਪ੍ਰਾਪਤੀ ਦਾ ਸਿਖਰ ਵੀ ਕਹਿ ਸਕਦੇ ਹਾਂ। ਦੂਜੇ ਸ਼ਬਦਾਂ ਵਿਚ 'ਸੁਖਮਨੀ' ਸੰਪੂਰਨ ਮਨੁੱਖ ਦੀ ਕਹਾਣੀ ਕਹਿੰਦੀ ਹੈ। ਸੰਪੂਰਨ ਮਨੁੱਖ ਕੇਹੋ ਜੇਹਾ ਹੁੰਦਾ ਹੈ, ਉਸਦੇ ਖ਼ਾਸ ਖ਼ਾਸ ਗੁਣ ਕੀ ਹਨ, ਉਹ ਕੀ ਕੀ ਕਰਦਾ ਤੇ ਕੀ ਕੀ ਨਹੀਂ ਕਰਦਾ। ਅਜੇਹੇ ਸਭਯ ਮਾਨਵ ਬਣਨ ਦੀ ਵਿਧੀ ਕੀ ਹੈ, ਉਹ ਸੰਸਾਰ ਦੇ ਵਿਕਾਰ-ਚੱਕ੍ਰ ਵਿਚੋਂ ਨਿਕਲ ਕੇ ਕਿਵੇਂ ਸ਼ਾਂਤ, ਸੰਤੁਲਿਤ, ਨਿਰਮਲ, ਨਿਰਲੇਪ ਸ਼ਖ਼ਸੀਅਤ ਉਸਾਰਦਾ ਹੈ, ਕੁਝ ਅਜੇਹੀ ਪ੍ਰਸ਼ਨਾਵਲੀ ਦਾ ਸਾਦਾ ਤੇ ਸੰਤੋਖਜਨਕ ਉਤਰ ਸੁਖਮਨੀ ਦਿੰਦੀ ਹੈ ਜੋ ਮਨ ਨੂੰ ਧਰਵਾਸ ਦਿੰਦਾ, ਆਸ਼ਾਵਾਦ ਸੰਚਾਰਦਾ ਤੇ ਆਤਮਾ ਨੂੰ ਉਚੇਰੀ ਮੰਜ਼ਲ ਵਲ ਜਾਣ ਲਈ ਹੁਲਾਰਦਾ ਹੈ।

ਸਮੁੱਚੇ ਤੌਰ ਤੇ ਦੇਖਿਆਂ ਅਨੁਭਵ ਹੁੰਦਾ ਹੈ ਕਿ ਸੁਖਮਨੀ ਕੋਈ ਖਟ ਸ਼ਾਸਤਰਾਂ ਵਾਂਙ ਕਿਸੇ ਲੰਮੇ ਦਾਰਸ਼ਨਿਕ ਵਾਦ-ਵਿਵਾਦ ਵਿਚ ਨਹੀਂ ਪੈਂਦੀ ਤੇ ਨਾ ਹੀ ਰਾਮਾਇਣ ਤੇ ਮਹਾਂ ਭਾਰਤ ਵਾਂਙ ਕਿਸੇ ਲੰਮੀ ਲੜਾਈ ਦੀ ਗੱਲ ਛੇੜਦੀ ਹੈ। ਇਹ ਤਾਂ ਸਰਬ ਗੁਣ-ਸਾਗਰ ਪ੍ਰਭੂ ਦੇ ਸਿਮਰਨ ਅਤੇ ਸਿਮਰਨ ਕਰਨ ਵਾਲਿਆਂ ਦੀ ਬਹੁ-ਭਾਂਤੀ ਸੁਹਾਵਣੀ ਸਰੇਸ਼ਟ ਚਿਤ੍ਰਾਵਲੀ

ਪੇਸ਼ ਕਰਕੇ ਸਾਡੇ ਮਨਾਂ ਨੂੰ ਪ੍ਰੇਰਿਤ ਕਰਦੀ ਹੈ ਕਿ ਆਤਮਿਕ ਸ਼ਾਂਤੀ ਲਈ ਮਨੁੱਖ ਨੇ ਕਿਸ ਮਾਰਗ, ਉਤੇ ਚਲਣਾ ਹੈ। ਸ਼ਾਇਦ ਭਗਤੀ-ਸਾਹਿਤ ਵਿਚ ਅਜੇਹੀ ਵਿਆਖਿਆ-ਮਈ ਸਰਲ ਤੇ ਸਰਸ ਲੜੀਬੱਧ ਰਹੱਸਵਾਦੀ ਰਚਨਾ ਹੋਰ ਪ੍ਰਾਪਤ ਨਹੀਂ। ਇਹ ਤਾਂ ਹਰ ਛੋਟੇ ਵੱਡੇ ਗ਼ਰੀਬ, ਅਮੀਰ, ਪੜ੍ਹੇ, ਅਨਪੜ੍ਹ ਤੇ ਸਾਧਾਰਣ ਅਤੇ ਆਸਾਧਾਰਣ ਮਨੁੱਖ ਦੀ ਸੁਖ ਸ਼ਾਂਤੀ ਲਈ ਅਧਿਆਤਮਵਾਦੀ ਅਨੁਭਵ ਦਾ ਅੰਮ੍ਰਿਤ ਔਖਧਿ ਹੈ ਜੋ ਮਨੁੱਖ ਨੂੰ ਹਰ ਤਰ੍ਹਾਂ ਅਰੋਗ ਕਰਦਾ ਹੈ।

ਅੱਜ ਭੌਤਿਕਵਾਦ ਤੇ ਬੁੱਧੀਵਾਦ ਆਪਣਾ ਦਮ ਤੋੜ ਬੈਠਾ ਹੈ। ਪਦਾਰਥਵਾਦੀ ਰੁਚੀਆਂ ਵਿਚ ਗ੍ਰਸਤ ਅਜੋਕਾ ਮਨੁੱਖ ਤ੍ਰਿਸ਼ਨਾਂ ਦੇ ਮਾਰੂਥਲ ਵਿਚ ਭਟਕ ਰਿਹਾ ਹੈ। ਵਿਗਿਆਨੀ ਤਰ੍ਹਾਂ ਤਰ੍ਹਾਂ ਦੇ ਤਬਾਹਕਾਰੀ ਸਾਮਾਨ ਪੈਦਾ ਕਰਕੇ ਉਸ ਨੂੰ ਇਸ ਤਰ੍ਹਾਂ ਸ਼ਸਤ੍ਰ-ਬਧ ਕਰੀ ਜਾ ਰਿਹਾ ਹੈ ਕਿ ਸਿਵਾਇ ਲੜਨ ਝਗੜਨ ਦੇ ਉਸ ਪਾਸ ਕੋਈ ਕੰਮ ਨਹੀਂ। ਪ੍ਰਮਾਣੂ ਬੰਬ ਉਸ ਦਾ ਵਧੀਆ ਖਿਡਾਉਣਾ ਹੈ। ਸਿਨਮਾ, ਟੀ. ਵੀ. ਤੇ ਮੌਜੂਦਾ ਸਾਹਿਤ ਦੇ ਕਹਾਣੀ, ਨਾਟਕ, ਨਾਵਲ ਤੇ ਕੁਲੱਛਣੀ ਕਵਿਤਾ, ਵਿਕਾਰੀ ਬਿਰਤੀ ਨੂੰ ਹੋਰ ਉਭਾਰ ਰਹੇ ਹਨ, ਇਸ ਨਾਲ ਇਕ ਤਰ੍ਹਾਂ ਮਨੁੱਖ ਦਾ ਵਾਤਾਵਰਣ ਕੁਸ਼ਟੀ ਹੋ ਰਿਹਾ ਹੈ। ਸੁਖਮਨੀ ਸਾਹਿਬ ਇਸ ਤਨ ਮਨ ਦੇ ਰੋਗੀ ਇਨਸਾਨ ਨੂੰ ਸਿਹਤਮੰਦ ਕਰਨ ਲਈ 'ਨਾਮ ਅੰਮਿਤ' ਦਾ ਨੁਸਖਾ ਦੱਸਦੀ ਤੇ ਸਤਿਸੰਗ ਦੇ ਮਾਨਸਰੋਵਰ ਵਲ ਜਾਣ ਲਈ ਪ੍ਰੇਰਦੀ ਹੈ ਜਿਥੇ ਬਹਿ ਕੇ ਹੰਸ, ਦੈਵੀ ਗੁਣਾਂ ਦੇ ਹੀਰੇ ਮੋਤੀ ਚੁਗਦੇ ਹਨ। 'ਸੁਖਮਨੀ' ਸਚਮੁਚ ਕੀਮਤੀ ਮਣੀਆਂ ਦਾ ਹਾਰ ਹੈ ਜੋ ਸਾਡੀ ਆਚਰਣਕ ਕੰਗਾਲੀ ਨੂੰ ਦੂਰ ਕਰਕੇ ਸਾਡੇ ਵਿਚਾਰ ਤੇ ਵਿਹਾਰ ਦੋਹਾਂ ਨੂੰ ਬਦਲ ਕੇ ਨਵੀਂ ਨੁਹਾਰ ਦੇ ਸਕਦਾ ਤੇ ਸਾਨੂੰ ਸੁਖ ਸ਼ਾਂਤੀ ਦੇ ਦੁਆਰ ਪਹੁੰਚਾ ਸਕਦਾ ਹੈ। ਇਹ ਸੰਖਿਪਤ ਅਧਿਐਨ, ਇਸ ਬਾਣੀ ਨੂੰ ਸਮਝਣ ਵਿਚ ਕੁਝ ਵੀ ਸਹਾਇਕ ਹੋ ਸਕਿਆ, ਸਕਾਰਥ ਸਮਝਿਆ ਜਾਵੇਗਾ।

ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪਿਆਰਾ ਸਿੰਘ ਪਦਮ**

# ਦੋ ਸ਼ਬਦ

ਇਤਿਹਾਸ ਦੇ ਗਿਆਤਾ ਇਹ ਗੱਲ ਭਲੀ-ਭਾਂਤ ਜਾਣਦੇ ਹਨ ਕਿ ਸਿੱਖ ਗੁਰੂ ਸਾਹਿਬਾਨ ਨੇ ਵਿਅਕਤੀ ਤੇ ਸਮਾਜ ਦਾ ਕਾਇਆਂ-ਕਲਪ ਕਰਕੇ ਇਕ ਨਵੀਂ ਜ਼ਿੰਦਗੀ ਪ੍ਰਦਾਨ ਕੀਤੀ ਤੇ ਇਹ ਗੱਲ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਇਹ ਸਾਰਾ ਪਰਿਵਰਤਨ ਉਨ੍ਹਾਂ ਗੁਰਬਾਣੀ ਤੇ ਸੰਗਤ ਦੁਆਰਾ ਅਮਲ ਵਿਚ ਲਿਆਂਦਾ। ਬਾਣੀ ਇਸ ਸਾਰੇ ਕ੍ਰਾਂਤੀ-ਕਾਰੀ ਮਾਰਗ ਦੀ ਰਹਿਨੁਮਾਈ ਕਰਨ ਵਾਲੀ ਸੀ। ਇਸੇ ਕਰਕੇ ਇਸ ਨੂੰ 'ਗੁਰੂ' ਕਹਿ ਕੇ ਸ਼ਤਿਕਾਰਿਆ ਗਿਆ ਤੇ ਇਸੇ ਰਾਹੀਂ ਸਾਰਾ ਜੀਵਨ ਸੰਵਾਰਿਆ-ਸ਼ਿੰਗਾਰਿਆ ਗਿਆ। ਗੁਰਬਾਣੀ ਨੇ ਟਿਕ ਨਵਾਂ ਸਿਧਾਂਤ ਦਿਤਾ, ਨਵਾਂ ਆਦਰਸ਼ ਸਨਮੁਖ ਲਿਆਂਦਾ ਜਿਸ ਵਿਚ ਬੁਰਿਆਈ, ਕੂੜ, ਅਨਿਆਂ, ਤੇ ਭਰਮ ਵਹਿਮ ਨੂੰ ਪਾਸੇ ਸੁਟਿਆ ਗਿਆ ਸੀ। ਗੁਰੂਆਂ ਦਾ ਜਤਨ ਸੀ ਕਿ ਮਨੁੱਖ ਗ਼ੈਰ-ਕੁਦਰਤੀ ਜੀਵਨ ਦੇ ਜੰਜਾਲਾਂ ਤੋਂ ਮੁਕਤ ਹੋ ਕੇ ਸਹਿਜ ਦਾ ਜੀਵਨ ਜੀਊ ਸਕੇ ਤੇ ਇਸ ਦੀ ਆਤਮਾ ਗੁਣਵੰਤ ਹੋ ਕੇ ਪਰਮਾਤਮ-ਆਦਰਸ਼ ਨੂੰ ਪਾਉਣ-ਜੋਗੀ ਹੋ ਜਾਵੇ।

ਸੰਸਾਰ ਦੇ ਧਾਰਮਿਕ ਸਾਹਿਤ ਵਿਚ ਸੁਖਮਨੀ ਸਾਹਿਬ ਇਕ ਐਸੀ ਸ਼ਾਂਤਮਈ ਬਾਣੀ ਹੈ ਜੋ ਇਸ ਅਧਿਆਤਮ ਮਾਰਗ ਨੂੰ ਸਰਲ ਤੇ ਸਪੱਸ਼ਟ ਰੂਪ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ। ਇਸ ਬਾਣੀ ਦਾ ਮਨੁੱਖੀ ਮਨ ਨੂੰ ਸ਼ਾਂਤੀ ਦੇਣ ਵਿਚ ਭਾਰਾ ਯੋਗਦਾਨ ਰਿਹਾ ਹੈ।

ਕਿਸੇ ਸਾਹਿਤ ਦੀ ਮਹਾਨਤਾ ਇਸ ਗੱਲ ਵਿਚ ਹੁੰਦੀ ਹੈ ਕਿ ਉਸ ਵਿਚ ਕੀ ਸੰਦੇਸ਼ ਦਿਤਾ ਗਿਆ ਹੈ ਤੇ ਉਹ ਕਿੰਨਾ ਚਿਰ ਲਈ ਜੀਵਤ ਹੈ। ਕਈ ਰਚਨਾਵਾਂ ਲਿਖੀਆਂ ਜਾਂਦੀਆਂ ਤੇ ਨਾਲੋਂ ਨਾਲ ਮਿਟਦੀਆਂ ਜਾਂਦੀਆਂ ਹਨ। ਲੇਕਿਨ ਅਧਿਆਤਮਕ ਸਾਹਿਤ ਦੀ ਇਹ ਖ਼ੂਬੀ ਹੈ ਕਿ ਇਹ ਮਿਟਦਾ ਨਹੀਂ ਸਗੋਂ ਨਾਸ਼ਮਾਨ ਜ਼ਿੰਦਗੀ ਨੂੰ ਅਮਰਤਾ ਪ੍ਰਦਾਨ ਕਰਨ ਵਾਲਾ ਹੁੰਦਾ ਹੈ। ਸੁਖਮਨੀ ਸਾਹਿਬ ਇਸੇ ਕਿਸਮ ਦਾ ਹੀ ਅਮਰ ਸਾਹਿਤ ਹੈ ਜਿਸ ਦਾ ਪਾਠ ਦੀਦਾਰ ਮਨਾਂ ਨੂੰ ਸ਼ਾਂਤੀ ਅਤੇ ਟਿਕਾਉ ਬਖ਼ਸ਼ਣ ਵਾਲਾ ਹੈ। ਇਸ ਦਾ ਵਿਸ਼ਾ, ਇਸ ਦੀ ਸ਼ੈਲੀ ਤੇ ਬੋਲੀ ਐਸੀ ਹੈ ਜੋ ਅੱਜ ਵੀ ਭਾਰਤ ਦੇ ਕੋਨੇ ਕੋਨੇ ਵਿਚ ਵਿਆਪਕ ਹੋਣ ਦੇ ਸਮਰੱਥ ਹੈ।

ਸੁਖਮਨੀ ਦਾ ਮੁੱਖ ਉੱਦੇਸ਼ ਸੁਖ-ਸ਼ਾਂਤੀ ਪ੍ਰਾਪਤ ਕਰਨ ਦਾ ਮਾਰਗ ਦਰਸਾਉਣਾ ਤੇ ਜਗਿਆਸੂ ਨੂੰ ਉਸ ਰਾਹ ਉਤੇ ਚਲਾਉਣਾ ਹੈ। ਸਤਿਗੁਰਾਂ ਇਸ ਦੀ ਪੂਰਤੀ ਕੇਵਲ ਨਾਮ-ਸਿਮਰਨ ਦੁਆਰਾ ਹੁੰਦੀ ਦੱਸੀ ਹੈ। ਧਰਮ ਇਕ ਬੜਾ ਪਵਿੱਤਰ ਸੰਕਲਪ ਹੈ ਜਿਸ ਬਾਰੇ ਕਈ ਤਰ੍ਹਾਂ ਦੇ ਵਿਚਾਰ ਦਿਤੇ ਗਏ ਹਨ। ਕਿਸੇ ਨੇ ਕਿਸੇ ਚੀਜ਼ ਨੂੰ ਧਰਮ ਮੰਨਿਆ ਤੇ ਕਿਸੇ ਨੇ ਕਿਸੇ ਗੱਲ ਨੂੰ ਧਰਮ ਕਰਾਰ ਦਿਤਾ ਹੈ ਲੇਕਿਨ ਗੁਰੂ ਸਾਹਿਬ ਦੇ ਅਨੁਭਵ ਦਾ

ਸਿੱਟਾ ਇਹ ਹੈ ਕਿ ਰੱਬੀ ਸਿਮਰਨ ਹੀ ਸਰਬ ਸ੍ਰੇਸ਼ਟ ਧਰਮ ਹੈ, ਇਸੇ ਨਾਲ ਮਨੁੱਖੀ ਮਨ ਸੰਤੁਲਨ ਤੇ ਸ਼ਾਂਤੀ ਹਾਸਲ ਕਰ ਸਕਦਾ ਹੈ :

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

ਜੋ ਆਦਮੀ ਸਰਬ-ਵਿਆਪਕ ਸੱਤਾ ਨੂੰ ਹਰ ਥਾਂ, ਹਰ ਸਮੇਂ ਆਪਣੇ ਨਾਲ ਹਾਜ਼ਰ ਨਾਜ਼ਰ ਮੰਨਦਾ ਹੈ, ਉਹ ਕਦੀ ਬਦੀ ਨਹੀਂ ਕਰ ਸਕਦਾ ਤੇ ਨਾ ਹੀ ਮੰਦਾ ਕੰਮ ਉਸ ਤੋਂ ਸੰਭਵ ਹੈ। ਪਰ ਇਹ ਸਿਮਰਨ ਵਾਲੀ ਮਾਨਸਕ ਅਵੱਸਥਾ ਪੈਦਾ ਕਰ ਲੈਣਾ ਸੌਖਾ ਕੰਮ ਨਹੀਂ, ਇਸ ਦੇ ਨਾਲ ਨਿੰਮ੍ਰਤਾ, ਸਹਿਨਸ਼ੀਲਤਾ, ਸਬਰ ਸੰਤੋਖ ਤੇ ਦਇਆ ਆਦਿ ਸ੍ਰੇਸ਼ਟ ਗੁਣ ਵਿਕਸਤ ਕਰਨੇ ਵੀ ਜ਼ਰੂਰੀ ਹਨ।

ਅੱਜ ਦਾ ਮਨੁੱਖ ਪਦਾਰਥਕ ਤ੍ਰਿਸ਼ਨਾ ਦਾ ਸ਼ਿਕਾਰ ਹੈ, ਉਸ ਨੂੰ ਸਮਝਾਇਆ ਗਿਆ ਹੈ ਕਿ ਤੇਰੀ ਆਰਥਿਕ ਹਸਤੀ ਕੇਵਲ ਮਾਇਕ ਬਹੁਲਤਾ ਨਾਲ ਹੀ ਬਰਕਰਾਰ ਰਹਿ ਸਕਦੀ ਹੈ। ਇਸ ਕਰਕੇ ਉਹ ਕਿਸੇ ਚੰਗਿਆਈ ਬੁਰਿਆਈ ਦੀ ਪਰਵਾਹ ਨਾ ਕਰਕੇ ਅਨ੍ਹੇਰ ਢੋਣ ਤੇ ਲਗਾ ਹੋਇਆ ਹੈ। ਮਾਨਸਿਕ ਗੁੰਝਲਾਂ ਉਸ ਲਈ ਪੈਰ ਪੈਰ ਤੇ ਅੜਚਨਾਂ ਪੈਦਾ ਕਰ ਰਹੀਆਂ ਹਨ, ਅਹੰਕਾਰ ਉਸ ਨੂੰ ਆਰਾਮ ਨਹੀਂ ਲੈਣ ਦਿੰਦਾ ਤੇ ਆਧੁਨਿਕ ਵਿਗਿਆਨ ਵੀ ਉਸ ਦੀ ਕੋਈ ਅਗਵਾਈ ਨਹੀਂ ਕਰ ਰਿਹਾ। ਸੁਖਮਨੀ ਸਾਹਿਬ ਇਸ ਭੁਲੇਖੇ ਦੀ ਨਵਿਰਤੀ ਕਰਕੇ ਮਨੁੱਖ ਨੂੰ ਇਕ ਵਧੀਆ ਸ਼ਾਂਤੀ-ਮਾਰਗ ਦਿਖਾਉਂਦੀ ਹੈ। ਭਾਵੇਂ ਪਦਾਰਥਕ ਖ਼ੁਸ਼ਹਾਲੀ ਕੋਈ ਮਾੜੀ ਗੱਲ ਨਹੀਂ ਪਰ ਸੁਚੱਜੀ ਜ਼ਿੰਦਗੀ ਦਾ ਸ਼ਿੰਗਾਰ ਸਬਰ ਸੰਤੋਖ ਹੀ ਹੈ, ਨਿੰਮ੍ਰਤਾ ਨਿਰਮਾਣਤਾ ਹੀ ਹੈ। ਇਸੇ ਨਾਲ ਮਨੁੱਖੀ ਸਭਿਅਤਾ ਦਾ ਮਿਆਰ ਨਿਰਖਿਆ ਪਰਖਿਆ ਜਾਂਦਾ ਰਿਹਾ ਹੈ। ਮਹਾਂ ਵਾਕ ਹੈ :

'ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬਿਰਥੇ ਸਭ ਕਾਜੈ ॥'

ਜਾਂ

'ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥'

ਸੋ ਵਰਤਮਾਨ ਯੁਗ ਵਿਚ ਸੁਖਮਨੀ ਸਾਹਿਬ ਦੇ ਸੰਦੇਸ਼ ਨੂੰ ਵਧੇਰੇ ਬਾਰੀਕੀ ਨਾਲ ਸਮਝਣ ਤੇ ਮੰਨਣ ਦੀ ਲੋੜ ਹੈ ਤਾਂ ਹੀ ਸਾਡੀ ਆਤਮਾ ਤੇ ਸਾਡਾ ਸਮਾਜ ਅਮਨ-ਅਮਾਨ ਨਾਲ ਰਹਿ ਸਕਦਾ ਹੈ।

ਸ. ਪਿਆਰਾ ਸਿੰਘ ਪਦਮ ਨੇ ਇਸ ਪ੍ਰਸਿੱਧ ਬਾਣੀ ਦਾ ਅਧਿਐਨ ਕਈ ਪੱਖਾਂ ਤੋਂ ਵਿਦਵਤਾ-ਪੂਰਣ ਢੰਗ ਨਾਲ ਪੇਸ਼ ਕੀਤਾ ਹੈ। ਮੈਨੂੰ ਆਸ ਹੈ ਕਿ ਗੁਰਬਾਣੀ ਦੇ ਪ੍ਰੇਮੀ ਇਸ ਤੋਂ ਲਾਭ ਉਠਾ ਕੇ ਸੁਖਮਨੀ ਸਾਹਿਬ ਦੇ ਗੌਰਵ ਨੂੰ ਪਛਾਣਨ ਦਾ ਜਤਨ ਕਰਨਗੇ।

ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਭਗਤ ਸਿੰਘ (ਡਾ.)**
ਵਾਈਸ-ਚਾਂਸਲਰ

# ਸੁਖ਼ਮਨੀਕਾਰ ਮਹਾਨ ਕਵੀ ਗੁਰੂ ਅਰਜਨ

'ਸੁਖਮਨੀ' ਅਧਿਆਤਮਕ ਅਨੁਭਵ ਦਾ ਅਨੂਠਾ ਕਾਵਿ-ਤਰੰਗ ਹੈ, ਜਿਸ ਲਈ ਸਾਗਰ ਦਾ ਸੀਨਾ ਫੋਲਣਾ ਜ਼ਰੂਰੀ ਹੈ। ਸੁਖਮਨੀਕਾਰ ਮਹਾਨ ਕਵੀ ਦੀ ਸੁਹਿਰਦ ਤੇ ਸਰਬਗੁਣ-ਸੰਪੰਨ ਸ਼ਖ਼ਸੀਅਤ ਉਸ ਦੀ ਰਚਨਾ ਵਿਚ ਇਉਂ ਮੂਰਤੀਮਾਨ ਹੋਈ ਹੈ ਜਿਵੇਂ ਪੂਰਨਮਾਸ਼ੀ ਦਾ ਚੰਨ ਨਿਰਮਲ ਸਰੋਵਰ ਵਿਚ ਲਿਸ਼ਕਾਰੇ ਮਾਰ ਰਿਹਾ ਹੋਵੇ। ਆਮ ਖਿਆਲ ਹੈ ਕਿ ਸਾਹਿਤਕ ਕਿਰਤ, ਸਾਹਿਤਕਾਰ ਤੋਂ ਭਿੰਨ ਨਹੀਂ ਹੁੰਦੀ। ਇਹ ਗੱਲ ਠੀਕ ਹੀ ਹੈ ਕਿ ਸੁਖਮਨੀ ਤੇ ਸੁਖਮਨੀਕਾਰ ਅਭੇਦ ਹਨ ਤੇ ਇਸ ਕਰਕੇ ਕਿਰਤ ਤੋਂ ਪਹਿਲਾਂ ਕਰਤਾ ਦਾ ਪਰਿਚਯ ਜ਼ਰੂਰੀ ਹੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਪੰਜਾਬ ਦੇ ਮਹਾਨ ਸੰਤ ਕਵੀ ਹੋਏ ਹਨ ਜਿਨ੍ਹਾਂ ਸੁੱਚੀ ਸੱਚੀ ਗੁਰਬਾਣੀ ਤੇ ਉੱਚੀ ਕੁਰਬਾਨੀ ਰਾਹੀਂ ਜ਼ਿੰਦਗੀ ਦਾ ਲਾਸਾਨੀ ਮਹੱਲ ਉਸਾਰਿਆ। ਉਨ੍ਹਾਂ ਦੀ ਸਰਬ-ਪੱਖੀ ਸ਼ਖ਼ਸੀਅਤ ਕਮਾਲ ਦੀ ਹੈ। ਉਹ ਮਹਾਨ ਗੁਰੂ ਸਨ ਜਿਨ੍ਹਾਂ ਸਮਾਜਕ ਭਲਾਈ ਤੇ ਪਰਮਾਰਥਕ ਜੀਵਨ ਲਈ ਨਵੀਂ ਰੋਸ਼ਨੀ ਦਿਤੀ, ਉਹ ਮਹਾਨ ਕਵੀ ਸਨ ਜਿਨ੍ਹਾਂ ਦੀ ਕਾਵਿ ਗੰਗਾ ਨੇ ਭਾਰਤੀ ਸੰਤ-ਕਾਵਿ ਧਾਰਾ ਵਿਚ ਇਕ ਵਿਸ਼ੇਸ਼ ਸੁਹਿਰਦਤਾ ਤੇ ਸੁਹੱਪਣ ਲਿਆਂਦੀ। ਕਵੀ ਹੋਣ ਤੋਂ ਇਲਾਵਾ ਉਹ ਵਿਦਵਾਨ ਸੰਪਾਦਕ ਵੀ ਸਨ ਜਿਨ੍ਹਾਂ ਆਦਿ ਗੁਰੂ ਗ੍ਰੰਥ ਦੇ ਰੂਪ ਵਿਚ ਬਾਰ੍ਹਵੀਂ ਸਦੀ ਤੋਂ ਲੈ ਕੇ ਸੋਲਵੀਂ ਸਦੀ ਤਕ ਦੇ ਪੰਜ ਸੌ-ਵਰਸੀ ਸੰਤ-ਸਾਹਿਤ ਨੂੰ ਸੰਪਾਦਿਤ ਕਰਕੇ ਭਾਰਤੀ ਸੰਸਕ੍ਰਿਤੀ ਤੇ ਮਹਾਨ ਉਪਕਾਰ ਕੀਤਾ। ਇਸ ਤੋਂ ਵੀ ਵਧੇਰੇ ਗੌਰਵ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਧਰਮ ਲਈ ਆਪਣਾ ਬਲੀਦਾਨ ਦੇ ਕੇ ਸੰਸਾਰ ਨੂੰ ਇਹ ਦਸ ਦਿਤਾ ਕਿ ਇਕ ਕੋਮਲ ਕਲਾਕਾਰ ਸਾਮਰਾਜ ਦੀ ਤਲਵਾਰ ਨਾਲ ਕਿਵੇਂ ਲੜ ਸਕਦਾ ਹੈ। ਅਹਿੰਸਾ, ਹਿੰਸਾ ਉਤੇ ਕਿਵੇਂ ਫਤਿਹ ਪ੍ਰਾਪਤ ਕਰਦੀ ਤੇ ਜ਼ਿੰਦਗੀ ਮੌਤ ਨੂੰ ਕਿਵੇਂ ਆਖਰ ਹਾਰ ਦਿੰਦੀ ਹੈ।

ਭਾਵੇਂ ਗੁਰੂ ਦੀ ਸਰਬ ਗੁਣ-ਸੰਪੰਨ ਸ਼ਖ਼ਸੀਅਤ ਵਿਚ ਸਤਿਗੁਰੂ ਸੁਧਾਰਕ, ਸ਼ਾਂਤਿ-ਪੁੰਜ ਸੰਤ ਸੰਪਾਦਕ, ਸੰਗੀਤਕਾਰ, ਸ਼ਾਇਰ ਤੇ ਸ਼ਹੀਦ ਦੀਆਂ ਅਨੋਖੀਆਂ ਸਿਫਤਾਂ ਦਾ ਸੰਗਮ ਮਿਲਦਾ ਹੈ ਪਰ ਉਨ੍ਹਾਂ ਦੀ ਸ਼ਾਇਰੀ ਯਾ ਮਹਾਂਕਵੀ ਹੋਣ ਦਾ ਗੁਣ ਇਤਨਾ ਪ੍ਰਬਲ ਤੇ ਵਿਸ਼ੇਸ਼ ਹੈ ਕਿ ਉਸ ਨਾਲ ਉਨ੍ਹਾਂ ਦੀ ਸਾਰੀ ਜ਼ਿੰਦਗੀ ਲਿਸ਼ਕਦੀ ਨਜ਼ਰ ਆਉਂਦੀ ਹੈ, ਇਕ-ਸੁਰ ਹੋਏ ਸਾਜ਼ ਵਾਂਗ ਉਨ੍ਹਾਂ ਦਾ ਹਰ ਬੋਲ ਦਿਲਾਂ ਨੂੰ ਧੂਹ ਪਾਉਂਦਾ ਜਾਂਦਾ ਹੈ ਤੇ ਸੁਖਮਨੀ ਆਪ ਦਾ ਸ਼ਾਹਕਾਰ ਹੈ। ਉਹ ਕੇਵਲ ਪੰਜਾਬੀ ਕਵੀ ਹੀ ਨਹੀਂ ਸਗੋਂ ਭਾਰਤੀ ਕਵੀਆਂ ਵਿਚ ਉਨ੍ਹਾਂ ਦੀ ਸ਼੍ਰੋਮਣੀ ਥਾਂ ਹੈ। ਉਹ ਸਦਾ ਆਪਣੇ ਸ਼ਰਧਾਲੂਆਂ ਨੂੰ ਦਰਿਆਵਾਂ ਨਦੀਆਂ ਤੇ ਛੰਭਾਂ ਕਿਨਾਰੇ ਬਹਿਕੇ ਸਰੰਦੇ ਨਾਲ ਗਾ ਗਾ ਸਹਿਜ ਸੁਭਾ ਸ਼ਾਂਤੀ ਦਾ ਸੰਦੇਸ਼ਾ ਦਿਆ ਕਰਦੇ ਸਨ, ਸਤਿਗੁਰੂ ਬਣਕੇ ਨਹੀਂ ਸਗੋਂ ਸਨਿੰਮਰ ਸੇਵਕ ਹੋ ਕੇ। ਨੇਕ

ਜ਼ਿੰਦਗੀਆਂ ਦੀ ਕਥਾ ਕਹਿਣਾ ਉਨ੍ਹਾਂ ਦਾ ਮਨ-ਭਾਉਂਦਾ ਮਜ਼ਮੂਨ ਸੀ :—

ਸੁਣ ਮੀਤਾ ! ਨਾਨਕ ਬਿਨਵੰਤਾ । ਸਾਧ ਜਨਾ ਕੀ ਅਚਰਜ ਕਥਾ ।

ਇਸ ਤਰ੍ਹਾਂ ਉਹ ਸਾਰੀ ਉਮਰ ਆਪਣੀ ਕਲਾ ਨੂੰ ਲੋਕ-ਭਲਾਈ ਲਈ ਵਰਤਦੇ ਰਹੇ । ਆਪਣੀ ਬਾਕੀ ਸ਼ਕਤੀ ਤੇ ਦੌਲਤ ਵੀ ਉਨ੍ਹਾਂ ਸਾਡੇ ਜੀਵਨ ਵਿਕਾਸ ਲਈ ਨਿਛਾਵਰ ਕੀਤੀ । ਲੋਕਾਂ ਦੇ ਸੁਖ ਅਰਾਮ ਲਈ ਮੰਦਰ, ਧਰਮਸ਼ਾਲਾ, ਬਾਗ, ਬਾਉਲੀਆਂ, ਬਸਤੀਆਂ, ਤਾਲ, ਹਸਪਤਾਲ ਤੇ ਲੰਗਰ ਲਾਉਣੇ ਉਨ੍ਹਾਂ ਦੀ ਉਮਰ ਭਰ ਦੀ ਕਾਰ ਰਹੀ । ਅਖੀਰ ਉਨ੍ਹਾਂ ਆਪਣਾ ਤਨ ਵੀ ਇਸੇ ਲੋਕ-ਪ੍ਰੇਮ ਲਈ ਭੇਟ ਕੀਤਾ । ਉਹ ਘਬਰਾਏ ਨਹੀਂ, ਹਜ਼ਾਰਾਂ ਔਕੜਾਂ, ਕਠਿਨਾਈਆਂ ਦੇ ਬਾਵਜੂਦ ਵੀ ਪ੍ਰੀਤਿ-ਨਦੀ ਨੂੰ ਲੰਘਦੇ ਵਜਦ ਵਿਚ ਗਾਉਂਦੇ ਰਹੇ :—

ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ, ਮੰਝਿ ਮੁਹਬਤਿ ਤੇਰੀ ।
ਤਉ ਸਹਿ ਚਰਣੀ ਮੈਡਾ ਹੀਅੜਾ ਸੀਤਮੁ, ਹਰਿ ਨਾਨਕ ਤੁਲਹਾ ਬੇੜੀ ।

ਜਿਸ ਬੇੜੇ ਨਾਲ ਉਨ੍ਹਾਂ ਆਪਣੀ ਜ਼ਿੰਦਗੀ ਨੂੰ ਪਾਰ ਲੰਘਾਇਆ, ਉਹੋ ਬੇੜਾ ਬੜੀ ਮੇਹਨਤ ਤੇ ਘਾਲ ਨਾਲ ਉਨ੍ਹਾਂ ਆਪਣੇ ਸਿਖਾਂ ਲਈ ਤਿਆਰ ਕੀਤਾ । ਬਾਣੀ ਰਚਣ ਦਾ ਹੁਨਰ ਉਨ੍ਹਾਂ ਵਿਚ ਜਮਾਂਦਰੂ ਸੀ । ਤਦੇ ਹੀ ਆਪ ਦੇ ਨਾਨਾ ਗੁਰੂ ਅਮਰਦਾਸ ਕਿਹਾ ਕਰਦੇ ਸਨ, 'ਮੇਰਾ ਦੋਹਤਾ ਬਾਣੀ ਦਾ ਬੋਹਿਥਾ' ਹੋਵੇਗਾ । ਆਪ ਵੀ ਤਰੇਗਾ ਅਤੇ ਹੋਰਾਂ ਨੂੰ ਵੀ ਤਾਰੇਗਾ ।' ਮਹਾਂਪੁਰਸ਼ਾਂ ਦਾ ਇਹ ਬਚਨ ਸੱਚਾ ਸੀ । ਮਹਾਨ ਕਵੀ ਆਪਣੇ ਸੁੰਦਰ ਬਚਨਾਂ ਦੀ ਸਮਰੱਥਾ ਨਾਲ ਮਾਨਵਤਾ ਦੇ ਬੇੜੇ ਨੂੰ ਪਾਰ ਲਾਉਂਦੇ ਆਏ ਹਨ । ਰੂਹਾਨੀ ਕਵੀ ਤਾਂ ਉਤਰਦੇ ਹੀ ਇਸੇ ਲਈ ਹਨ । ਗੁਰੂ ਅਰਜਨ ਦੇਵ ਆਪਣੇ ਸਮੇਂ ਦੇ ਮਹਾਨ ਕਵੀ ਸਨ । ਉਨ੍ਹਾਂ ਸਾਰੀ ਜ਼ਿੰਦਗੀ ਰੂਹਾਨੀ ਕਵਿਤਾ ਵਿਚ ਹੀ ਗੁਜ਼ਾਰੀ । ਰਾਬਰਟ ਬਰੁਕ ਨੇ ਇਕ ਥਾਂ ਲਿਖਿਆ ਹੈ ਕਿ ਤਿੰਨ ਚੀਜ਼ਾਂ ਮਿਲਣੀਆਂ ਕੁਝ ਅਮੋਲਕ ਜੇਹੀਆਂ ਹਨ—ਕਵਿਤਾ ਰਚਣਾ, ਕਵਿਤਾ ਪੜ੍ਹਨਾ ਤੇ ਕਵਿਤਾ ਵਿਚ ਜੀਊਣਾ । ਗੁਰੂ ਅਰਜਨ ਸਾਹਿਬ ਨੇ ਇਤਨੀ ਕਵਿਤਾ ਰਚੀ ਜੋ ਸ੍ਰੀ ਗੁਰੂ ਗ੍ਰੰਥ ਦਾ ਤਕੜਾ ਵਡੇਰਾ ਭਾਗ ਹੈ, ਫਿਰ ਉਨ੍ਹਾਂ 35-40 ਹੋਰ ਸੰਤ ਕਵੀਆਂ ਦੀ ਬਾਣੀ ਨੂੰ ਪੜ੍ਹਕੇ ਮਾਣਿਆ ਤੇ ਪੁਣਿਆ ਛਾਣਿਆ । ਆਖਿਰ ਉਨ੍ਹਾਂ ਦਾ ਆਪਣਾ ਜੀਵਨ ਵੀ ਇਕ ਤਰ੍ਹਾਂ ਦੀ ਸੁੰਦਰ ਕਵਿਤਾ ਹੀ ਸੀ ਜਿਸਦਾ ਰਾਜ-ਤਿਲਕ ਉਨ੍ਹਾਂ ਨੂੰ ਧੁਰੋਂ ਮਿਲਿਆ ਹੋਇਆ ਸੀ ਤੇ ਉਹ ਇਸ ਰੰਗ ਵਿਚ ਨਿਸਚਿੰਤ ਤੇ ਮਸਤ ਹੋ ਕੇ ਗੁਣ ਗੁਣਾਂਦੇ ਰਹੇ—

ਧੁਰ ਕੀ ਬਾਣੀ ਆਈ । ਤਿਨ ਸਗਲੀ ਚਿੰਤ ਮਿਟਾਈ ।

ਆਪਦਾ ਜਨਮ ਸੇਵਾ-ਪੁੰਜ ਸੁਘੜ ਮਾਤਾ ਭਾਨੀ ਤੇ ਪ੍ਰੇਮ-ਪੁੰਜ ਸਤਿਗੁਰੂ ਰਾਮਦਾਸ ਦੇ ਘਰ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਚ 15 ਅਪ੍ਰੈਲ, 1563 ਈ. ਨੂੰ ਹੋਇਆ । ਬਚਪਨ ਬਿਆਸਾ ਕੰਢੇ ਗੁਜ਼ਾਰਿਆ ਤੇ ਬਾਬਾ ਬੁੱਢਾ ਜੀ ਤੋਂ ਮੁਢਲੀ ਵਿਦਿਆ ਪਾਈ, ਇਸ ਤੋਂ ਬਾਦ ਭਾਰਤੀ ਸਾਹਿਤ ਤੇ ਧਰਮ ਦੇ ਅਧਿਐਨ ਲਈ ਕਾਫ਼ੀ ਘਾਲ ਘਾਲੀ । ਕਵਿਤਾ ਦਾ ਸ਼ੌਂਕ ਮੁਢ ਤੋਂ ਹੀ ਸੀ, ਹਮੇਸ਼ਾਂ ਗੁਰੂ ਪਰਮੇਸ਼ਰ ਦੇ ਪਿਆਰ ਵਿਚ ਆਪ ਗੀਤ ਉਚਾਰਦੇ ਰਹਿੰਦੇ ਸਨ, ਆਪ ਦੇ ਪਿਤਾ ਵੀ ਬੜੇ ਅੱਛੇ ਕਵੀ ਸਨ । ਜਿਨ੍ਹਾਂ ਦੇ ਪ੍ਰੇਮ-ਗੀਤ, ਰਸਰੰਗ ਤੇ ਦਰਦ ਨਾਲ ਭਿਜੇ ਹੁੰਦੇ ਸਨ । ਇਕ ਵਾਰ ਪਿਤਾ ਗੁਰੂ ਨੇ ਇਨ੍ਹਾਂ

ਨੂੰ ਲਾਹੌਰ ਭੇਜਿਆ ਤੇ ਕਿਹਾ, 'ਜਦ ਤਕ ਸੱਦਿਆ ਨਾ ਜਾਵੇ ਆਉਣਾ ਨਹੀਂ ।' 'ਕਾਫੀ ਸਮਾਂ ਲੰਘ ਜਾਣ ਉਪਰੰਤ ਵੀ ਪਿਤਾ ਗੁਰੂ ਵਲੋਂ ਕੋਈ ਸਨੇਹਾ ਨਾ ਆਇਆ । ਆਖਿਰ ਬਿਰਹੁ-ਵਿਆਕੁਲ ਹੋ ਕੇ ਇਹ ਪ੍ਰੇਮ-ਪੱਤ੍ਰ ਲਿਖਿਆ :—

ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈ ।
ਬਿਲਪ ਕਰੈ ਚਾਤ੍ਰਿਕ ਕੀ ਨਿਆਈ ।
ਤ੍ਰਿਖਾ ਨ ਉਤਰੈ ਸਾਂਤਿ ਨ ਆਵਹਿ
ਬਿਨ ਦਰਸ਼ਨ ਸੰਤ ਪਿਆਰੇ ਜੀਉ ।
ਹਉ ਘੋਲੀ ਜੀਉ ਘੋਲ ਘੁਮਾਈ ।
ਗੁਰਦਰਸ਼ਨ ਸੰਤ ਪਿਆਰੇ ਜੀਉ ।੧।

ਸ਼ਾਇਦ ਇਹ ਆਪ ਦੀ ਪਹਿਲੀ ਰਚਨਾ ਸੀ, ਜਿਸਦਾ ਪਿਤਾ ਗੁਰੂ ਉਤੇ ਡੂੰਘਾ ਪ੍ਰਭਾਵ ਪਿਆ । ਆਪ ਦੀ ਯੋਗਤਾ ਤੇ ਜੀਵਨ ਉਚਤਾ ਨੂੰ ਦੇਖਕੇ ਆਖਿਰ ਉਨ੍ਹਾਂ ਸਤੰਬਰ, 1581 ਈ. ਵਿਚ ਆਪ ਨੂੰ ਗੁਰਿਆਈ ਦੀ ਗੱਦੀ ਸੌਂਪ ਦਿੱਤੀ । ਆਪ ਦਾ ਭਾਈ ਪ੍ਰਿਥਵੀਚੰਦ ਉਮਰ ਵਿਚ ਵੱਡਾ ਹੋਣ ਕਰਕੇ ਆਪਣੇ ਆਪ ਨੂੰ ਗੱਦੀ ਦਾ ਅਧਿਕਾਰੀ ਸਮਝਦਾ ਸੀ ਪਰ ਸਤਿਗੁਰਾਂ ਗੁਣਾਂ ਦੀ ਪਰਖ ਕਰ ਕੇ ਆਪ ਨੂੰ ਹੀ ਇਸ ਲਾਇਕ ਸਮਝਿਆ । ਡਾ. ਗੋਕਲ ਚੰਦ ਲਿਖਦੇ ਹਨ—

'Now appeared on the scene a man who was a born poet, a practical philosopher, a powerful organiser and a great statesman'.

(Transformation of Sikhism, p. 65)

ਇਸ ਸਮੇਂ ਸਿਖਾਂ ਦੀ ਇਕ ਚੰਗੀ ਤਕੜੀ ਨਰੋਈ ਤੇ ਨਵੀਂ ਕਿਸਮ ਦੀ ਦੁਨੀਆਂ ਬਣ ਗਈ ਜੋ ਹਿੰਦੂ ਮੁਸਲਮਾਨਾਂ ਤੋਂ ਨਿਰਾਲੀ ਤਰ੍ਹਾਂ ਦੀ ਸੀ । ਇਨ੍ਹਾਂ ਦੇ ਸਾਲਾਨਾ ਜੋੜ ਮੇਲ, ਰੋਜ਼ਾਨਾ ਕਥਾ ਕੀਰਤਨ, ਸਾਂਝੇ ਲੰਗਰ ਤੇ ਹੋਰ ਧਰਮ-ਕਰਮ ਸਭ ਵਿਲੱਖਣ ਦਿਸ ਰਹੇ ਸਨ । ਇਨ੍ਹਾਂ 'ਬਾਗੀਆਂ' ਨੂੰ ਪੁਰਾਣੀ ਪ੍ਰੋਹਤ ਜਮਾਤ ਵੀ ਕੋਈ ਥਾਂ ਦੇਣ ਨੂੰ ਤਿਆਰ ਨਹੀਂ ਸੀ ਇਸ ਲਈ ਲੋੜ ਸੀ ਕੇਂਦਰੀ ਧਰਮ-ਮੰਦਰ ਦੀ ਤੇ ਸਾਂਝੇ ਪਵਿੱਤਰ ਧਰਮ-ਗ੍ਰੰਥ ਦੀ । ਸਿਖ ਠਾਕਰਦੁਆਰਿਆਂ, ਤੀਰਥਾਂ ਯਾ ਮਸਜਦਾਂ, ਮਜ਼ਾਰਾਂ ਤੇ ਜਾ ਨਹੀਂ ਸਨ ਸਕਦੇ । ਇਸੇ ਤਰ੍ਹਾਂ ਵੇਦ-ਕਿਤੇਬ ਦੇ ਵਿਸ਼ਵਾਸਾਂ ਤੋਂ ਵੀ ਇਹ ਲੋਕ ਆਕੀ ਸਨ । ਏਸ ਕਰਕੇ ਗੁਰੂ ਅਰਜਨ ਸਾਹਿਬ ਨੇ 1588 ਈ. ਵਿਚ ਸਰ ਮੱਧੇ ਸਰਬ-ਸਾਂਝੇ ਹਰਿਮੰਦਰ ਦੀ ਨੀਂਹ ਰੱਖੀ ਅਤੇ ਏਸ ਤੋਂ ਪਿਛੋਂ ਬੜੀ ਲੰਮੀ ਸਾਹਿਤ-ਸਾਧਨਾ ਬਾਦ 1601 ਈ. ਵਿਚ ਸ੍ਰੀ ਆਦਿ ਗੁਰੂ ਗ੍ਰੰਥ ਦਾ ਸੰਪਾਦਨ ਸੰਪੂਰਨ ਕੀਤਾ । ਇਸ ਤੋਂ ਬਿਨਾਂ ਜਨਤਕ ਭਲਾਈ ਦੇ ਕੰਮ ਤਾਂ ਉਨ੍ਹਾਂ ਹੋਰ ਵੀ ਬਹੁਤ ਕੀਤੇ ਜਿਸ ਕਰਕੇ ਸਿਖ ਜਾਗ੍ਰਤੀ ਲਹਿਰ ਦੀ ਚਰਚਾ ਦੂਰ ਦੂਰ ਤਕ ਫੈਲੀ । ਇਥੋਂ ਤਕ ਕਿ 24 ਨਵੰਬਰ, 1598 ਈ. ਨੂੰ ਬਾਦਸ਼ਾਹ ਅਕਬਰ ਵੀ ਖੁਦ ਕਰਤਾਰਪੁਰ ਗੁਰੂ ਜੀ ਦੇ ਡੇਰੇ ਆਇਆ । ਇਉਂ ਆਪ ਦੀ ਕੀਰਤੀ ਚਾਰੇ ਪਾਸੇ ਪਸਰੀ । ਸਮਕਾਲੀ ਭੱਟ ਰਾਇ ਬਲਵੰਡ ਤੇ ਸਤੇ ਨੇ ਠੀਕ ਹੀ ਕਿਹਾ ਹੈ :—

ਤਖਤਿ ਬੈਠਾ ਅਰਜਨ ਗੁਰੂ, ਸਤਿਗੁਰੂ ਕਾ ਖਿਵੈ ਚੰਦੋਆ
ਉਗਵਣਹੁ ਤੈ ਆਥਵਣਹੁ, ਚਹੁ ਚਕੀਂ ਕੀਅਨੁ ਲੋਆ । ੮ ।

ਭਾ. ਗੁਰਦਾਸ ਦੀ ਲਿਖਤ ਤੋਂ ਵੀ ਇਸੇ ਦੀ ਪੁਸ਼ਟੀ ਹੁੰਦੀ ਹੈ—

ਤਖਤ ਬਖਤ ਲੈ ਮਲਿਆ, ਸਬਦ ਸੁਰਤਿ ਵਾਪਾਰ ਸਮਤਾ
ਗੁਰਬਾਣੀ ਭੰਡਾਰ ਭਰਿ, ਕੀਰਤਨ ਕਥਾ ਰਹੈ ਰੰਗ ਰਤਾ।
ਚਾਰੇ ਚਕ ਨਿਵਾਇਓਨੁ, ਸਿਖ ਸੰਗਤਿ ਆਵੈ ਅਣਗਤਾ
ਲੰਗਰ ਚਲੈ ਸਬਦ ਗੁਰ, ਪੂਰੈ ਪੂਰੀ ਬਣੀ ਬਣਤਾ ।

(ਵਾਰ ੨੪)

ਇਸ ਤੋਂ ਪਤਾ ਲਗਦਾ ਹੈ ਕਿ ਸ਼ਬਦ ਯਾ ਰੂਹਾਨੀ ਬਾਣੀ ਦਾ ਭੰਡਾਰ ਭਰਪੂਰ ਕਰਕੇ ਕਿਸ ਤਰ੍ਹਾਂ ਉਨ੍ਹਾਂ ਨਵੇਂ ਜਾਗੇ ਲੋਕਾਂ ਨੂੰ ਜੀਵਨ-ਆਧਾਰ ਬਖਸ਼ਿਆ । ਇਹ ਉਨ੍ਹਾਂ ਦੀ ਸਾਹਿਤਕ ਘਾਲ ਅਧਿਆਤਮਕ ਪੱਖ ਤੋਂ ਵੀ ਇਕ ਬਹੁਤ ਉਚਾ ਕਾਰਨਾਮਾ ਸੀ ਕਿ ਬਗੈਰ ਕਿਸੇ ਨਸਲੀ, ਮਜ਼ਬੀ ਯਾ ਸੰਪ੍ਰਦਾਇਕ ਭਿੰਨ-ਭੇਦ ਦੇ ਮੁਸਲਮ ਦਰਵੇਸ਼ਾਂ, ਹਿੰਦੂ ਸੰਤਾਂ ਭਗਤਾਂ ਤੇ ਰੱਬੀ ਪਿਆਰਿਆਂ ਦੇ ਪਵਿਤਰ ਬਚਨ ਸੰਕਲਿਤ ਕਰਕੇ ਹਿੰਦੁਸਤਾਨ ਨੂੰ ਇਕ ਸਾਂਝਾ ਧਰਮ-ਗ੍ਰੰਥ ਦਿਤਾ ।

ਬਾਦਸ਼ਾਹ ਅਕਬਰ ਦੀ ਮੌਤ ਤੋਂ ਬਾਦ ਦਿੱਲੀ ਸਰਕਾਰ ਦੀ ਨੀਤੀ ਵਿਚ ਭਾਰੀ ਤਬਦੀਲੀ ਆਈ । 1605 ਈ. ਵਿਚ ਜਹਾਂਗੀਰ ਗੱਦੀ ਤੇ ਬੈਠਾ ਜਿਸ ਨੂੰ ਮੁਸਲਮਾਨਾਂ ਦੀ ਕੱਟੜ ਸ਼ਰਈ ਪਰੋਹਤ ਜਮਾਤ ਨੇ ਫੌਰਨ ਆਪਣੇ ਚੱਕ੍ਰ ਵਿਚ ਫਸਾ ਲਿਆ ।

ਇਸਦਾ ਮਾੜਾ ਨਤੀਜਾ ਇਹ ਹੋਇਆ ਕਿ ਸ਼ਾਹੀ ਹੁਕਮ ਨਾਲ ਗੁਰੂ ਅਰਜਨ ਵਰਗੇ ਲੋਕ ਸੇਵਕ, ਸੁਹਿਰਦ ਕਲਾਕਾਰ ਧਰਮ-ਗੁਰੂ ਨੂੰ ਸਖ਼ਤ ਤਸੀਹੇ ਦੇ ਦੇ ਕੇ 30 ਮਈ, 1606 ਈ. ਨੂੰ ਲਾਹੌਰ ਵਿਚ ਸ਼ਹੀਦ ਕਰ ਦਿਤਾ ਗਿਆ । ਇਹ ਬਲੀਦਾਨ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਦੇ ਕੇ ਤੇ ਹਜ਼ਰਤ ਈਸਾ ਮਸੀਹ ਨੂੰ ਸੂਲੀ ਚਾੜ੍ਹ ਕੇ ਮਾਰਨ ਵਾਂਗ ਹੀ ਇਕ ਤਰ੍ਹਾਂ ਦੀ ਕਹਿਰਮਈ ਘਟਨਾ ਸੀ । ਗੁਰੂ ਸਾਹਿਬ ਦੀ ਆਤਮਾ ਡੋਲੀ ਨਹੀਂ, ਬਲਕਿ ਖਿੜੇ ਮਥੇ 'ਤੇਰਾ ਕੀਆ ਮੀਠਾ ਲਾਗੈ । ਹਰਿ ਨਾਮੁ ਪਦਾਰਥ ਨਾਨਕ ਮਾਂਗੈ ।' ਦਾ ਗੀਤ ਗਾਉਂਦੀ ਪਰਮਾਤਮ ਸਾਗਰ ਵਿਚ ਲੀਨ ਹੋ ਗਈ ।

ਇਕ ਮਹਾਨ ਕਲਾਕਾਰ ਨਾਲ ਸਮੇਂ ਦੀ ਸਰਕਾਰ ਦਾ ਇਹ ਵਰਤਾਉ ਸਚਮੁਚ ਹਿਰਦੇ-ਵੇਧਕ ਸੀ ਪਰ ਬੁਨਿਆਦੀ ਕਾਰਨ ਇਹ ਸੀ ਕਿ ਗੁਰਬਾਣੀ ਦਾ ਦਸਿਆ ਜੀਵਨ-ਸਿਧਾਂਤ ਹਿੰਦੂ-ਮੁਸਲਮ ਦੇ ਸੰਪਰਦਾਇਕ ਸਿਧਾਂਤਾਂ ਤੋਂ ਵੱਖਰੀ ਭਾਂਤ ਦਾ ਸੀ ਤੇ ਇਹੋ ਨਿਆਰਾਪਣ ਕੱਟੜ-ਪੰਥੀ ਪੰਡਿਤ, ਮੁੱਲਾਂ ਨੂੰ ਚੁਭਦਾ ਸੀ । ਗੁਰੂ ਅਰਜਨ ਸਾਹਿਬ ਨੇ ਆਪਣਾ ਨਿਸਚਾ ਪਰਗਟ ਕਰਦਿਆਂ ਸਾਫ਼ ਕਿਹਾ ਹੈ :—

ਵਰਤ ਨ ਰਹਉ ਨ ਮਹ ਰਮਦਾਨਾ
ਤਿਸ ਸੇਵੀ ਜੋ ਰਖੈ ਨਿਦਾਨਾ
ਏਕ ਗੁਸਾਈਂ ਅਲਹੁ ਮੇਰਾ
ਹਿੰਦੂ ਤੁਰਕ ਦੁਹਾਂ ਨੇਬੇਰਾ । ਰਹਾਉ । ੧।
ਹਜ ਕਾਬੇ ਜਾਉ ਨ ਤੀਰਥ ਪੂਜਾ

ਏਕੋ ਸੇਵੀ ਅਵਰਿ ਨ ਦੂਜਾ । ੨ ।
ਪੂਜਾ ਕਰਉ ਨ ਨਿਵਾਜ ਗੁਜ਼ਾਰਉ ।
ਏਕ ਨਿਰੰਕਾਰ ਲੈ ਰਿਦੈ ਨਮਸਕਾਰਉ । ੩ ।
ਨ ਹਮ ਹਿੰਦੂ ਨ ਮੁਸਲਮਾਨ
ਅਲਹੁ ਰਾਮ ਕੇ ਪਿੰਡ ਪ੍ਰਾਨ । (ਭੈਰਉ ਮ: ੫)

ਗੁਰੂ ਅਰਜਨ, ਗੁਰੂ ਨਾਨਕ-ਵਿਚਾਰਧਾਰਾ ਦੇ ਸ਼ਿਰੋਮਣੀ ਵਿਆਖਿਆਕਾਰ ਮਹਾਂ ਕਵੀ ਸਨ । ਪੰਜਾਬੀ ਨਾਲੋਂ ਵੀ ਭਾਰਤੀ ਕਾਵਿ-ਧਾਰਾ ਵਿਚ ਉਨ੍ਹਾਂ ਦਾ ਉਚਤਮ ਸਥਾਨ ਹੈ ਕਿਉਂਕਿ ਉਨ੍ਹਾਂ ਦੀ ਵਧੇਰੇ ਰਚਨਾ ਸੰਤ-ਭਾਸ਼ਾ ਵਿਚ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੀ ਸਭ ਤੋਂ ਵਧ ਬਾਣੀ ਹੈ ਅਰਥਾਤ ਕੁਲ 5894 ਸ਼ਬਦਾਂ ਵਿਚੋਂ 2218 ਸ਼ਬਦ । ਇਕ ਤਰ੍ਹਾਂ ਸਾਰੇ ਆਦਿ ਗ੍ਰੰਥ ਦੇ ਤੀਜੇ ਹਿਸੇ ਤੋਂ ਵੀ ਵਧੇਰੇ । ਇਹ ਸਾਰੀ ਰਚਨਾ ਸੁਹਜਾਤਮਕ ਤੇ ਵਿਆਖਿਆਤਮਕ ਪੱਖ ਤੋਂ ਵਚਿਤਰ ਗੁਣਾਂ ਦੀ ਧਾਰਨੀ ਹੈ ਅਤੇ ਭਾਸ਼ਾਈ ਵੰਨ-ਸੁਵੰਨਤਾ ਇਸ ਦਾ ਇਕ ਹੋਰ ਵਿਸ਼ੇਸ਼ ਲੱਛਣ ਹੈ । ਸ਼ਾਇਦ ਕਿਸੇ ਵੀ ਸੰਤ ਕਵੀ ਨੇ ਇਤਨੀ ਅਨੇਕ-ਭਾਂਤੀ ਭਾਸ਼ਾ ਦਾ ਪ੍ਰਯੋਗ ਨਹੀਂ ਕੀਤਾ, ਗੁਰੂ ਸਾਹਿਬ ਨੇ ਆਪਣੇ ਸਮੇਂ ਦੀ ਕਿਸੇ ਨ ਕਿਸੇ ਰੂਪ ਵਿਚ ਵਰਤੀ ਜਾਂਦੀ ਹਰ ਭਾਸ਼ਾ ਯਾ ਬੋਲੀ ਦੇ ਨਮੂਨੇ ਸੰਭਾਲਣ ਦਾ ਜਤਨ ਕੀਤਾ ਹੈ । ਸੰਤ-ਭਾਸ਼ਾ, ਬ੍ਰਿਜ ਭਾਸ਼ਾ, ਰੇਖ਼ਤਾ, ਹਿੰਦੁਸਤਾਨੀ, ਗਾਥਾ, ਸਹਸਕ੍ਰਿਤੀ, ਪੰਜਾਬੀ ਤੇ ਲਹਿੰਦੀ ਆਦਿ ਸਭ ਦੀਆਂ ਵੰਨਗੀਆਂ ਪ੍ਰਾਪਤ ਹਨ । ਜੈਸਾ ਕਿ ਅਸਾਂ ਅਗੇ ਕਿਹਾ ਹੈ ਕਿ ਆਪ ਦੀ ਸਭ ਤੋਂ ਵਧ ਰਚਨਾ ਸੰਤ-ਭਾਸ਼ਾ ਵਿਚ ਹੈ, ਜਿਸ ਵਿਚ ਪੰਜਾਬੀ ਦਾ ਡੂੰਘਾ ਪ੍ਰਭਾਵ ਹੈ ।

ਪਰ ਇਸ ਮਹਾਨ ਕਲਮਧਾਰੀ ਨੇ ਹਿੰਦੀ ਰਚਨਾ ਵਿਚ ਜੋ ਸਫਲਤਾ ਪ੍ਰਾਪਤ ਕੀਤੀ, ਉਹ ਕਮਾਲ ਦੀ ਹੈ । ਗੁਰੂ ਸਾਹਿਬ ਪਰਮੇਸ਼ਰ ਨੂੰ ਵੀ ਇਕ ਸੁੰਦਰ ਕਲਮਧਾਰੀ ਮੰਨ ਕੇ ਇਹ ਕਹਿੰਦੇ ਹਨ ਕਿ ਉਸਨੇ ਆਪਣੀ ਅਖੰਡ ਵਹਿੰਦੀ ਕਲਮ ਨਾਲ ਸੰਸਾਰ ਦੀ ਇਹ ਪੋਥੀ ਲਿਖੀ ਹੈ, ਉਸ ਦੀ ਉਸਤਤਿ ਤਾਂ ਆਖੀ ਨਹੀਂ ਜਾ ਸਕਦੀ ਪਰ ਤਲਾਸ਼ ਬਣੀ ਹੋਈ ਹੈ ।

ਹਾਥਿ ਕਲੰਮ ਅਗੰਮ ਮਸਤਕ ਲੇਖਾਵਤੀ
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ
ਉਸਤਤਿ ਕਹਨ ਨ ਜਾਇ ਮੁਖਹੁ ਤਿਹਾਰੀਆ
ਮੋਹੀ ਦੇਖੀ ਦਰਸ ਨਾਨਕ ਬਲਿਹਾਰੀਆ ।
ਊਪਰਿ ਬਨੇ ਅਕਾਸ, ਤਲੇ ਧਰ ਸੋਹਤੀ
ਦਹਿ ਦਿਸ ਚਮਕੇ ਬੀਜਲਿ, ਮੁਖ ਕਉ ਜੋਹਤੀ
ਖੋਜਤ ਫਿਰਉ ਬਿਦੇਸ ਪੀਉ ਕਤ ਪਾਈਐ ।
ਹਰਿ ਹਾਂ ਮਸਤਕ ਹੋਵਹਿ ਭਾਗ ਤ ਦਰਸ ਸਮਾਈਐ ।
ਸੁਪਨੇ ਊਭੀ ਭਈ, ਗਹਿਓ ਕੀ ਨ ਅੰਚਲਾ
ਸੁੰਦਰ ਪੁਰਖ ਬਿਰਾਜਤ ਪੇਖਿ ਮਨ ਬੰਚਲਾ
ਖੋਜਉ ਤਾਂਕੇ ਚਰਣ, ਕਹਹੁ ਕਤ [illegible]
ਹਰਿ ਹਾਂ ਸੋਈ [illegible] ਪਾਈਐ । [ਫੁਨਹੇ ਮ. ੫]

ਇਸ ਸੰਤ ਭਾਸ਼ਾ ਵਾਲੀ ਬਾਣੀ ਵਿਚ 'ਸੁਖਮਨੀ' ਇਕ ਸਰਬੋਤਮ ਰਚਨਾ ਹੈ, ਜਿਸ ਨੂੰ ਸਿਖਾਂ ਤੋਂ ਇਲਾਵਾ ਗ਼ੈਰ ਸਿਖ ਹਲਕਿਆਂ ਵਿਚ ਵੀ ਬੜੇ ਸ਼ਰਧਾ ਪ੍ਰੇਮ ਨਾਲ ਪੜ੍ਹਿਆ ਜਾਂਦਾ ਹੈ। ਜਿਸ ਸਫਲਤਾ ਨਾਲ ਗੁਰੂ ਸਾਹਿਬ ਨੇ ਇਸ ਅਨੋਖੇ ਮਹਾਂ-ਕਾਵਿ ਵਿਚ ਆਦਰਸ਼ਕ ਪੂਰਨ ਮਨੁੱਖ ਦਾ ਜੀਵਨ ਚਿਤ੍ਰਿਆ ਹੈ, ਉਹ ਟੁੰਬਣ ਵਾਲਾ ਤੇ ਜ਼ਿੰਦਗੀ ਨੂੰ ਅਗੇ ਵਧਾਉਣ ਵਾਲਾ ਹੈ। ਕਿਤੇ ਕੋਈ ਨਿਰਾਸ਼ਤਾ ਨਹੀਂ, ਉਚਾਸੀ ਯਾ ਮਾਯੂਸੀ ਨਹੀਂ, ਸਗੋਂ ਬੜੀ ਹੀ ਸੁਹਿਰਦਤਾ ਨਾਲ ਮਨੁੱਖ ਨੂੰ ਸਮਝਾਇਆ ਗਿਆ ਹੈ ਕਿ ਜੇ ਪਰਧਾਨ ਮੁਖੀਏ ਬਣਨਾ ਹੈ ਤਾਂ ਨਿੰਮ੍ਰਤਾ ਧਾਰੋ, ਜੇ ਰੱਬ ਨੂੰ ਪਾਉਣਾ ਹੈ, ਸਭ ਨੂੰ ਸੱਜਣ ਜਾਣੋ। ਸਭ ਤੋਂ ਵਧੀਆ ਧਰਮ ਰੱਬ ਦੀ ਯਾਦ ਹੈ, ਸਭ ਤੋਂ ਵਧੀਆ ਕਰਮ ਜਾਂ ਰਹਿਤ ਸਤਿਸੰਗ ਵਿਚ ਆਪਾ ਉਜਲ ਕਰਨਾ ਹੈ।

ਜੇ ਚਾਰ ਪਦਾਰਥ ਚਾਹੀਦੇ ਹਨ ਤਾਂ ਰੱਬੀ ਪਿਆਰਿਆਂ ਦੀ ਸੇਵਾ ਵਿਚ ਲਗੋ, ਜੇ ਦੁਖ ਸੰਕਟ ਕੱਟਣ ਦਾ ਖਿਆਲ ਹੈ ਤਾਂ ਨਾਮ ਦਾ ਨਗਮਾ ਗਾਓ, ਜੇ ਸ਼ੁਹਰਤ ਵਡਿਆਈ ਦੀ ਚਾਹ ਹੈ ਤਾਂ ਸੰਗਤ ਵਿਚ ਆ ਕੇ ਹਉਮੈ ਦਾ ਖਹਿੜਾ ਛਡ ਦਿਓ। ਕਿੰਨਾ ਸਿਧਾ ਸਾਦਾ ਪਰ ਪ੍ਰਭਾਵਸ਼ਾਲੀ ਸੰਦੇਸ਼ ਹੈ :—

ਚਾਰਿ ਪਦਾਰਥ ਜੇ ਕੋ ਮਾਗੈ। ਸਾਧ ਜਨਾ ਕੀ ਸੇਵਾ ਲਾਗੈ।
ਜੇ ਕੋ ਅਪਨਾ ਦੂਖ ਮਿਟਾਵੈ। ਹਰਿ ਹਰਿ ਨਾਮ ਰਿਦੈ ਸਦ ਗਾਵੈ।
ਜੇ ਕੋ ਅਪਨੀ ਸੋਭਾ ਲੋਰੈ। ਸਾਧਿ ਸੰਗਿ ਇਹ ਹਉਮੈ ਛੋਰੈ।

ਸਿੰਧੀ ਵਿਦਵਾਨ ਸਾਧੂ ਟੀ. ਐਲ. ਵਿਸਵਾਨੀ ਕਹਿੰਦੇ ਹਨ, 'ਅਸੀਂ ਲੋਕ ਵੀਹਵੀਂ ਸਦੀ ਤੇ ਬੜਾ ਨਾਜ਼ ਕਰਦੇ ਹਾਂ ਪਰ ਅਸਲੀਅਤ ਇਹ ਹੈ ਕਿ ਅਸੀਂ ਗੁਰੂ ਅਰਜਨ ਦੇਵ ਜੀ ਅਗੇ ਬਿਲਕੁਲ ਹੇਚ ਹਾਂ। ਉਨ੍ਹਾਂ ਦੀ ਰਚਨਾ 'ਸੁਖਮਨੀ' ਜ਼ਿੰਦਗੀ ਦੀਆਂ ਗੁੰਝਲਾਂ ਦਾ ਅਮਲੀ ਹੱਦ ਦਸਦੀ ਹੈ ਜੋ ਕਿ ਸ਼ਰ੍ਹਾ ਸ਼ਰੀਅਤ ਤੇ ਫੋਕੀ ਵਾਲ ਦੀ ਖੱਲ-ਲਾਹੂ ਗਿਆਨ ਚਰਚਾ ਤੋਂ ਰਹਿਤ ਹੈ।

ਮੈਨੂੰ ਆਖਿਆ ਗਿਆ ਕਿ ਸਿੰਧ ਦੇ ਕਾਲਜ-ਵਿਦਿਆਰਥੀਆਂ ਲਈ ਕੋਈ ਧਾਰਮਕ ਕੋਰਸ ਤਜਵੀਜ਼ ਕਰਾਂ। ਮੇਰੀ ਰਾਇ ਵਿਚ ਸੁਖਮਨੀ ਸਾਹਿਬ ਹੀ ਬਿਹਤਰੀਨ ਰਚਨਾ ਹੈ ਜਿਸਦੀ ਕਿ ਹਰ ਹਿੰਦੁਸਤਾਨੀ ਨੌਜਵਾਨ ਨੂੰ ਅਜ ਲੋੜ ਹੈ। ਇਸ ਰਚਨਾ ਦਾ ਜੀਵਨ ਸੰਦੇਸ਼ ਸਭ ਕੌਮਾਂ ਤੇ ਦੇਸ਼ਾਂ ਲਈ ਇਕੋ ਜੇਹਾ ਲੋੜੀਂਦਾ ਹੈ। ਅੱਜ ਸੰਸਾਰ ਕੌਮ ਪ੍ਰਸਤੀ ਦੀ ਤੰਗ ਖਿਆਲੀ ਵਿਚ ਗੌਰਵ ਮਹਿਸੂਸ ਕਰ ਰਿਹਾ ਹੈ, ਜੰਗ ਵਿਚ ਮਰਨਾ ਯੂਰਪ ਅੰਦਰ ਪਰਮ ਮਨੋਰਥ ਮੰਨਿਆ ਜਾ ਰਿਹਾ ਹੈ। ਇਹ ਵੀ ਆਖਿਆ ਜਾਂਦਾ ਹੈ ਕਿ ਸਚਾਈ ਕਮਜ਼ੋਰਾਂ ਦਾ ਬਹਾਨਾ ਹੈ, ਪ੍ਰੇਮ ਨਿਸ਼ਕਾਮਤਾ ਤੇ ਨਿੰਮ੍ਰਤਾ ਕਾਇਰਾਂ ਦਾ ਧਰਮ ਹੈ। ਇਸ ਹਾਲਤ ਵਿਚ ਸੰਸਾਰ ਨੂੰ ਇਸ ਸਮੇਂ ਪਰਮਾਰਥਕ ਸੰਦੇਸ਼ ਦੀ ਬਹੁਤ ਜ਼ਰੂਰਤ ਹੈ ਤੇ ਇਹ ਜੀਵਨ ਸੰਦੇਸ਼ ਸਾਨੂੰ ਕੇਵਲ ਸੁਖਮਨੀ ਸਾਹਿਬ ਵਿਚੋਂ ਹੀ ਮਿਲਦਾ ਹੈ।'

ਪ੍ਰੋ. ਪੂਰਨ ਸਿੰਘ ਸੁਖਮਨੀ ਨੂੰ 'ਰੂਹਾਨੀ ਸੰਗੀਤ' ਦੱਸਦੇ ਲਿਖਦੇ ਹਨ ਕਿ ਇਹ ਆਪਣੇ ਆਪ ਸੁਰਤਿ ਨੂੰ ਬ੍ਰਹਿਮਗਿਆਨੀ ਦੀ ਉਚ ਅਵਸਥਾ ਤੇ ਪਹੁੰਚਾ ਦਿੰਦਾ ਹੈ। ਪ੍ਰੋ. ਤੇਜਾ ਸਿੰਘ ਦੇ ਸ਼ਬਦਾਂ ਵਿਚ 'ਫ਼ਲਸਫ਼ੇ ਦੇ ਮਾਰੇ ਖੁਸ਼ਕ ਹਿਰਦਿਆਂ ਤੇ ਦੁਖਾਂ ਦੇ ਤੜਫਾਏ ਤਪਤ ਦਿਲਾਂ ਦੀ ਸ਼ਾਂਤੀ ਸੁਮਖਨੀ ਵਿਚੋਂ ਸਹਿਜੇ ਪਾਈ ਜਾ ਸਕਦੀ ਹੈ।'

ਦਰਅਸਲ ਸੁਖਮਨੀ ਅਜ ਦੇ ਹਿੰਦੁਸਤਾਨ ਦੀ ਨਵੀਂ ਗੀਤਾ ਹੈ ਜਿਸ ਨੂੰ ਸਪੱਸ਼ਟ ਵਿਚਾਰਾਂ ਤੇ ਸਰਲ ਭਾਸ਼ਾ ਕਾਰਣ ਹਰ ਕੋਈ ਪੜ੍ਹ ਸਮਝ ਸਕਦਾ ਹੈ। ਜਿਤਨਾ ਗੁਰੂ ਸਾਹਿਬ ਨੂੰ ਸੱਚੇ ਜੀਵਨ ਆਦਰਸ਼ ਤੇ ਇਸਦੇ ਸਾਧਨ ਸਪਸ਼ਟ ਹਨ ਉਤਨਾ ਹੋਰ ਕਿਸੇ ਨੂੰ ਨਹੀਂ, ਅਤੇ ਇਹ ਬਿਆਨ ਦੇ ਪੱਖ ਤੋਂ ਵੀ ਬੜੀ ਪ੍ਰਭਾਵਸ਼ਾਲੀ ਕਿਰਤ ਹੈ। ਦਰਅਸਲ ਪਰਮ ਅਨੰਦ ਦੀ ਪ੍ਰਾਪਤੀ ਮਾਨਵਤਾ ਦੀ ਪੁਕਾਰ ਹੈ, ਇਹ ਇਨਸਾਨੀਅਤ ਦੀ ਹਜ਼ਾਰਾਂ ਵਰ੍ਹਿਆਂ ਦੀ ਤਾਂਘ ਹੈ, ਗੁਰੂ ਸਾਹਿਬ ਇਸ ਬਾਣੀ ਵਿਚ ਇਸੇ ਮਾਨਸਕ ਸ਼ਾਂਤਿ ਦੀ ਪ੍ਰਾਪਤੀ ਦਾ ਸ਼ਾਹਰਾਹ ਦਸਦੇ ਤੇ ਜ਼ਿੰਦਗੀ ਨੂੰ ਧਰਵਾਸ ਬਖਸ਼ਦੇ ਹਨ।

ਮਨ ਆਪੁਨੇ ਤੇ ਬੁਰਾ ਮਿਟਾਨਾ।
ਪੇਖੈ ਸਗਲ ਸ੍ਰਿਸਟਿ ਸਾਜਨਾ।

ਉਂਜ ਤਾਂ ਆਪ ਦੀ ਸਾਰੀ ਬਾਣੀ ਦਾ ਵਿਸ਼ਾ-ਵਸਤੂ ਹੀ ਮਨੁਖੀ ਜ਼ਿੰਦਗੀ ਨੂੰ ਪਰਸਪਰ ਮੇਲਕੇ ਪਰਮੇਸ਼ਰ ਨਾਲ ਅਭੇਦ ਕਰਨਾ ਹੈ। ਗੁਰੂ ਨਾਨਕ-ਬਾਣੀ ਵਿਚ ਸਮਾਜਕ ਬੁਰਾਈਆਂ ਤੇ ਰਾਜਨੀਤਕ ਅਤਿਆਚਾਰਾਂ ਦਾ ਵਿਰੋਧ ਹੈ ਅਤੇ ਧਾਰਮਕ ਪਖੰਡਾਂ ਦਾ ਵੀ ਜ਼ੋਰਦਾਰ ਖੰਡਨ ਹੈ ਪਰੰਤੂ ਗੁਰੂ ਅਰਜਨ ਦੇਵ ਦੀ ਰਚਨਾ ਵਿਚ ਇਹ ਵਿਰੋਧ ਇਸ ਮਾਤਰਾ ਵਿਚ ਨਹੀਂ ਮਿਲਦਾ। ਗੱਲ ਇਉਂ ਲਗਦੀ ਹੈ ਜਿਵੇਂ ਕਿ ਸੌ ਸਾਲ ਦੀ ਮਿਹਨਤ ਨਾਲ ਗੁਰੂਆਂ ਨੇ ਕਾਫੀ ਬੁਰਿਆਈਆਂ ਤੇ ਕਮਜ਼ੋਰੀਆਂ ਦੀ ਮੈਲ ਨੂੰ ਭਾਰਤੀ ਸਮਾਜ ਵਿਚੋਂ ਦੂਰ ਕਰ ਦਿਤਾ ਸੀ।

ਅਕਬਰ ਸਮੇਂ ਦੀ ਰਾਜਨੀਤਕ ਅਵਸਥਾ ਵੀ ਅਮਨ ਸ਼ਾਂਤੀ ਵਾਲੀ ਸੀ, ਹਕੂਮਤ ਖੁਦ ਜਬਰੀ ਤਬਲੀਗ਼ ਵਰਗੀ ਭੈੜੀ ਗੱਲ ਕਰਨ ਦੀ ਥਾਂ 'ਦੀਨਿ ਇਲਾਹੀ' ਵਰਗੇ ਸਰਬ-ਸਾਂਝੇ ਧਰਮ ਦੀ ਤਲਾਸ਼ ਵਿਚ ਸੀ। ਕਲਾ ਦੇ ਵਿਕਾਸ ਲਈ ਖੁਲ੍ਹੇ ਮੌਕੇ ਦਿਤੇ ਜਾ ਰਹੇ ਸਨ। ਇਹ ਤੇ ਕਈ ਹੋਰ ਚੰਗੇ ਲੱਛਣ ਸਨ। ਇਸ ਕਰਕੇ ਹੁਣ ਜੀਵਨ ਦੇ ਉਸਾਰੂ ਪੱਖਾਂ ਵਲ ਵਧੇਰੇ ਧਿਆਨ ਦੇਣ ਦੀ ਲੋੜ ਸੀ। ਇਸਦਾ ਭਾਵ ਇਹ ਵੀ ਨਹੀਂ ਕਿ ਗੁਰੂ ਨਾਨਕ ਸਾਹਿਬ ਨੇ ਉਸਾਰੂ ਪੱਖ ਉਜਾਗਰ ਨਹੀਂ ਸੀ ਕੀਤੇ ਕੇਵਲ ਗੱਲ ਇਤਨੀ ਸੀ, ਕਿ ਜਿਤਨਾ ਉਨ੍ਹਾਂ ਨੂੰ ਹਿੰਦੁਸਤਾਨੀ ਜੀਵਨ ਦੇ ਮੈਲੇ ਬਸਤਰ ਨੂੰ ਸਾਫ ਕਰਨ ਲਈ ਉਪਰਾਲੇ ਕਰਨੇ ਪਏ, ਉਹ ਖੇਚਲ ਹੁਣ ਘਟ ਗਈ ਸੀ, ਹੁਣ ਤਾਂ ਲੋੜ ਇਸ ਧੋਤੇ ਕਪੜੇ ਨੂੰ ਨਵੇਂ ਰੰਗ ਵਿਚ ਰੰਗਣ ਦੀ ਸੀ। ਸੋ ਗੁਰੂ ਅਰਜਨ ਸਾਹਿਬ ਨੇ ਆਪਣੀ ਉਚੀ ਬਾਣੀ ਰਾਹੀਂ ਇਹ ਰੰਗ ਚਾੜ੍ਹਨ ਦੀ ਭਰਪੂਰ ਕੋਸ਼ਸ਼ ਕੀਤੀ।

ਪਹਿਲੇ ਮਨੁਖੀ ਏਕਤਾ ਦਾ ਬੰਨ੍ਹ ਬੰਨ੍ਹਣ ਦੀ ਲੋੜ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ, ਮੁਸਲਮਾਨ, ਬ੍ਰਾਹਮਣ, ਸੂਦਰ ਤੇ ਊਚ ਨੀਚ ਆਖੇ ਜਾਣ ਵਾਲੇ ਤਮਾਮ ਸੰਤਾਂ ਫ਼ਕੀਰਾਂ ਦੇ ਬਚਨ ਇਕ ਥਾਂ ਇੱਕਠੇ ਕਰਕੇ ਇਹ ਆਦਰਸ਼-ਮੁਨਾਰਾ ਕਾਇਮ ਕਰ ਦਿਤਾ ਗਿਆ ਸੀ। ਗੁਰੂ ਸਾਹਿਬ ਆਪਣੇ ਭਗਵਾਨ ਤੋਂ ਪਹਿਲੀ ਮੰਗ ਹੀ ਇਹ ਕਰਦੇ ਹਨ :

ਜੇ ਤੂ ਤੁਠਾ ਕ੍ਰਿਪਾ ਨਿਧਾਨ, ਨ ਦੂਜਾ ਵੇਖਾਲਿ।
ਏਹਾ ਪਾਈ ਮੂ ਦਾਤੜੀ, ਨਿਤ ਹਿਰਦੈ ਰਖਾ ਸਮਾਲਿ (ਸੂਹੀ ੫)

ਫਿਰ ਉਸ ਸਾਂਝ ਤੇ ਪਿਆਰ ਦੇ ਵੀ ਉਨ੍ਹਾਂ ਬੜੇ ਸੁੰਦਰ ਚਿਤ੍ਰ ਖਿਚਕੇ ਇਹ ਗੱਲ ਸਮਝਾਈ ਕਿ ਪ੍ਰਭੂ ਪ੍ਰਾਪਤੀ ਦਾ ਇਕੋ ਇਕ ਮਾਰਗ ਦਵੈਤ-ਭਾਵ ਤਿਆਗ ਕੇ ਸਭ ਨੂੰ ਮਿਤ੍ਰ

ਬਣਾਉਣਾ ਹੈ ।

ਸਭ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ।
ਦੂਰ ਪਰਾਇਓ ਮੇਰਾ ਮਨ ਕਾ ਬਿਰਹਾ
ਤਉ ਮੇਲ ਕੀਓ ਮੇਰੇ ਰਾਜਨ ।

ਜਾਂ

ਬਿਸਰਿ ਗਈ ਸਭ ਤਾਤਿ ਪਰਾਈ ।
ਜਬ ਤੇ ਸਾਧਸੰਗਤਿ ਮੋਹਿ ਪਾਈ ।
ਨਾ ਕੋ ਬੈਰੀ ਨਹੀਂ ਬਿਗਾਨਾ ਸਗਲਿ ਸੰਗਿ ਹਮ ਕਉ ਬਨਿ ਆਈ ।

ਇਸ ਏਕਤਾ ਤੇ ਸਾਂਝੀਵਾਲਤਾ ਦਾ ਇਹ ਭਾਵ ਨਹੀਂ ਕਿ ਸੰਘਰਸ਼ ਤੋਂ ਪਿਛੇ ਹਟਣਾ ਹੈ, ਸਗੋਂ ਗੁਰੂ ਜੀ ਨੇ ਉਚੇਚੇ ਉਦਮ ਦੀ ਤਾਕੀਦ ਕੀਤੀ ਤੇ ਅਗੇ ਵਧਣਾ ਹੀ ਜੀਵਨ ਦਾ ਉਦੇਸ਼ ਦਸਿਆ ਹੈ :

'ਉਦਮ ਕਰੇਦਿਆ ਜੀਉ ਤੂੰ, ਕਮਾਂਵਦਿਆ ਸੁਖ ਭੁੰਚ ।
ਧਿਆਇਦਿਆਂ ਤੂੰ ਪ੍ਰਭੂ ਮਿਲ, ਨਾਨਕ ਉਤਰੀ ਚਿੰਤ ।'
'ਅਗਾਂਹਾ ਕੂ ਤ੍ਰਾਂਘਿ, ਪਿਛਾਂਹ ਫੇਰ ਨ ਮੋਹਡੜਾ ।
ਨਾਨਕ ਸਿਝ ਇਵੇਹਾ ਵਾਰ, ਬਹੁੜਿ ਨ ਹੋਈ ਜਨਮੜਾ ।'

ਉਹ ਖੁਦ ਆਪਣੇ ਆਪ ਨੂੰ ਸੰਗ੍ਰਾਮੀਆ ਮੰਨਕੇ ਕਹਿੰਦੇ ਹਨ :—

'ਹਉ ਗੋਸਾਈਂ ਦਾ ਪਹਿਲਵਾਨੜਾ । ਮੈਂ ਗੁਰ ਮਿਲਿ ਉਚ ਦੁਮਾਲੜਾ
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ।
ਵਾਤ ਵਜਨਿ ਟੰਮਕ ਭੇਰੀਆ । ਮਲ ਲਥੇ ਲੈਂਦੇ ਫੇਰੀਆ ।
ਨਿਹਤੇ ਪੰਜ ਜੁਆਨ ਮੈਂ ਗੁਰਿ ਥਾਪੀ ਦਿਤੀ ਕੰਡ ਜੀਉ ।'
(ਸਿਰੀ ਰਾਗ ੫)

ਇਸ ਬੀਰ ਸੰਗ੍ਰਾਮੀਏ ਦੇ ਹਥਿਆਰ ਕਿਹੜੇ ਹਨ :—

ਗਰੀਬੀ ਗਦਾ ਹਮਾਰੀ । ਖੰਨਾ ਸਗਲਿ ਰੇਣੁ ਛਾਰੀ ।
ਤਿਸ ਆਗੈ ਕੋ ਨ ਟਿਕੈ ਵਿਕਾਰੀ । (ਸੋਰਠਿ ੫)

ਫਿਰ ਜ਼ਿੰਦਗੀ ਦੀ ਅੰਤਮ ਜਿੱਤ ਵਿਚ ਵਿਸ਼ਵਾਸ ਦ੍ਰਿੜਾਇਆ ਹੈ, ਕੋਈ ਮਾਯੂਸੀ ਨਹੀਂ, ਨਿਰਾਸ਼ਾਵਾਦ ਨੂੰ ਕੋਈ ਥਾਂ ਨਹੀਂ ।

ਬੁਰਾ ਨਾਹੀ ਸਭ ਭਲਾ ਹੀ ਹੈ ਰੇ, ਹਾਰ ਨਹੀਂ ਸਭ ਜੇਤੈ ।
ਦੁਖ ਨਾਹੀ ਸਭ ਸੁਖ ਹੀ ਹੈ ਰੇ, ਏਕੈ ਏਕੀ ਨੇਤੈ ।

ਗੁਰੂ ਅਰਜਨ ਸਾਹਿਬ ਨੇ ਥਾਂ ਥਾਂ ਸਹਿਜ, ਸ਼ਾਂਤ ਤੇ ਸੰਤੁਲਤ ਜੀਵਨ ਬਣਾਉਣ ਤੇ ਜ਼ੋਰ ਦਿਤਾ ਹੈ । ਸੁਖਮਨੀ ਸਾਹਿਬ ਵਿਚ ਬ੍ਰਹਿਮ ਗਿਆਨੀ ਯਾ ਪੂਰਨ ਮਨੁਖ (ਮਰਦਿ ਕਾਮਲ) ਦੇ ਲੱਛਣ ਇਹੋ ਸਮਝਾਏ ਹਨ, ਜੋ ਕਮਲ ਵਾਂਗ ਦੁਖਾਂ ਸੁਖਾਂ ਤੋਂ ਨਿਰਲੇਪ ਰਹਿੰਦਾ ਹੈ, ਜੋ ਸਮਦ੍ਰਿਸ਼ਟੀ ਰਖਕੇ ਸਭ ਨਾਲ ਇਕੋ ਜੇਹਾ ਵਰਤਾਰਾ ਕਰਦਾ ਹੈ, ਜਿਸਦੀ ਅਡੋਲ ਧੀਰਜ ਧਰਤੀ ਜੇਹੀ ਤੇ ਜਿਸਦੀ ਪ੍ਰਕਾਸ਼ਮਈ ਆਤਮਾ ਅਕਾਸ਼ ਜੇਹੀ ਵਿਸ਼ਾਲ ਹੈ । ਸੱਚੇ ਰੱਬੀ ਸੇਵਕ ਦਾ ਜੀਵਨ ਭਾਣੇ ਅੰਦਰ ਬੀਤਦਾ ਤੇ ਜ਼ਰਾ ਜਿੰਨਾ ਡੋਲਾਇਮਾਨ ਨਹੀਂ ਹੁੰਦਾ । ਇਸਦੀ

ਜਿਤਨੀ ਸੁਚੱਜੀ ਤਸਵੀਰ ਗੁਰੂ ਸਾਹਿਬ ਨੇ ਇਨ੍ਹਾਂ ਸ਼ਬਦਾਂ ਵਿਚ ਉਘਾੜੀ ਹੈ, ਉਤਨੀ ਹੀ ਉਨ੍ਹਾਂ ਆਪਣੇ ਅਮਲੀ ਜੀਵਨ ਰਾਹੀਂ ਵੀ ਪਰਗਟਾਈ ਹੈ :—

ਮਾਨ ਮੋਹੁ ਅਰੁ ਲੋਭ ਵਿਕਾਰਾ, ਬੀਉ ਚੀਤਿ ਨਾ ਘਾਲਿਓ ।
ਨਾਮ ਰਤਨ ਗੁਣਾ ਹਰਿ ਵਣਜੇ, ਲਾਦਿ ਵਖਰੁ ਲੈ ਚਾਲਿਓ ।
ਸੇਵਕ ਕੀ ਓੜਕ ਨਿਬਹੀ ਪ੍ਰੀਤ ।
ਜੀਵਤ ਸਾਹਿਬ ਸੇਵਿਓ ਅਪਣਾ, ਚਲਤੇ ਰਾਖਿਓ ਚੀਤਿ । ੧ ।

ਇਉਂ ਆਪ ਨੇ ਆਪਣੀ ਬਾਣੀ ਰਾਹੀਂ ਆਦਰਸ਼ਮਈ ਉਚ ਜੀਵਨ ਦੇ ਮਿਆਰਾਂ ਨੂੰ ਪੱਕਿਆਂ ਕਰਨ ਤੇ ਜ਼ੋਰ ਦਿਤਾ ਤਾਂ ਕਿ ਇਹ ਜਾਗ੍ਰਤੀ ਲਹਿਰ ਕਿਸੇ ਵੀ ਸੰਘਰਸ਼ ਦਾ ਟਾਕਰਾ ਕਰਨ ਲਈ ਸਮਰਥ ਸਿਧ ਹੋਵੇ ਅਤੇ ਉਨ੍ਹਾਂ ਆਪਣੀ ਕੁਰਬਾਨੀ ਰਾਹੀਂ ਵੀ ਇਸਦੇ ਪੂਰਨੇ ਪਾ ਕੇ ਦ੍ਰਿੜ ਕਰਾ ਦਿਤਾ ਕਿ ਸੰਕਟਾਂ ਨਾਲ ਖਿੜੇ ਮੱਥੇ ਟਕਰਾਉਣਾ ਮਰਦਾਂ ਦਾ ਕੰਮ ਹੈ । ਜੈਸਾ ਕਿ ਅਸਾਂ ਦੇਖਿਆ ਹੈ, ਵਿਸ਼ਾ-ਵਸਤੂ ਦੇ ਪੱਖ ਤੋਂ ਗੁਰੂ ਜੀ ਦੀ ਉਚੀ ਬਾਣੀ ਬੜੀ ਮਾਅਰਕੇ ਦੀ ਹੈ, ਉਸ ਵਿਚ ਉਚੇ ਸੁਚੇ ਜੀਵਨ ਦੇ ਕਈ ਪਹਿਲੂਆਂ ਨੂੰ ਵਖੋ ਵੱਖ ਢੰਗਾਂ ਰਾਹੀਂ ਰੁਸ਼ਨਾਇਆ ਗਿਆ ਹੈ । ਇਹ ਠੀਕ ਹੈ ਕਿ ਕਿਸੇ ਕਵੀ ਦੀ ਮਹਾਨਤਾ ਇਸ ਤੋਂ ਵੀ ਜਾਂਚੀ ਜਾਂਦੀ ਹੈ ਕਿ ਉਸ ਕੀ ਕਿਹਾ ਹੈ, ਯੁਗ ਨੂੰ ਕੀ ਪੈਗ਼ਾਮ ਦਿਤਾ ਹੈ ਅਤੇ ਹੁਣ ਉਸ ਸੰਦੇਸ਼ ਦਾ ਕੀ ਮੁੱਲ ਹੈ । ਪਰ ਸਾਹਿਤਕ ਦੁਨੀਆਂ ਵਿਚ ਇਸ ਤੋਂ ਵੀ ਵਧੇਰੇ ਮਹੱਤਵ ਦੀ ਗੱਲ ਇਹ ਹੈ ਕਿ ਕਵੀ ਨੇ ਇਸ ਗੱਲ ਨੂੰ ਆਖਿਆ ਕਿਵੇਂ ਹੈ, ਕਿਸ ਰੂਪ, ਸ਼ੈਲੀ ਤੇ ਭਾਸ਼ਾ ਰਾਹੀਂ ਇਸ ਸੰਦੇਸ਼ ਨੂੰ ਕਿੰਨਾ ਖ਼ੂ ਸੁਹਜਮਈ ਤੇ ਪ੍ਰਭਾਵਸ਼ਾਲੀ ਬਣਾ ਕੇ ਪੇਸ਼ ਕੀਤਾ ਹੈ । ਗੁਰੂ ਸਾਹਿਬ ਰਹੱਸਵਾਦੀ ਸੰਤ ਕਵੀ ਸਨ ਪਰ ਉਹ ਇਨ੍ਹਾਂ ਰਹੱਸਾਂ ਨੂੰ ਕੁਦਰਤ-ਚਿਤ੍ਰਾਂ ਵਿਚ ਸ਼ਿੰਗਾਰ ਕੇ ਪੂਰੇ ਵਿਸਤਾਰ ਨਾਲ ਬਿਆਨ ਕਰਦੇ ਸਨ, ਵਿਆਖਿਆਮਈ ਹੋਣਾ ਇਸ ਰਚਨਾ ਦਾ ਪ੍ਰਧਾਨ ਗੁਣ ਹੈ । ਉਹ ਅਧਿਆਤਮਕ ਗੱਲਾਂ ਨੂੰ ਬਹੁਤ ਸਰਲ ਤੇ ਰਸਮਈ ਢੰਗ ਨਾਲ ਰਮਣੀਕ ਬਣਾ ਕੇ ਕਹਿੰਦੇ ਤੇ ਖਿਆਲ ਨੂੰ ਸੁੰਦਰ ਅਲੰਕਾਰਾਂ ਦੇ ਗਹਿਣੇ ਸਜਾ ਕੇ ਪੇਸ਼ ਕਰਨਾ ਉਨ੍ਹਾਂ ਦਾ ਇਕ ਸੁਭਾਵਕ ਹੁਨਰ ਹੈ ਸੀ ।

ਦੁਨੀਆਂ ਦੀ ਨਾਸ਼ਮਾਨਤਾ ਤਾਂ ਹੋਰ ਭਗਤ ਕਵੀਆਂ ਨੇ ਵੀ ਬਿਆਨੀ ਹੈ ਪਰ ਗੁਰੂ ਦੀ ਕਲਾਕਾਰ ਕਲਮ ਦਾ ਇਹ ਚਿਤ੍ਰ ਵੀ ਦੇਖੋ ਜਿਸ ਵਿਚ ਉਹ ਕਹਿੰਦੇ ਹਨ ਕਿ ਅਸੀਂ ਸਭ ਪੰਛੀ ਹਾਂ ਤੇ ਵਾਰੀ ਵਾਰ ਿ ਇਸ ਜਹਾਨ ਦੇ ਬ੍ਰਿਛ ਤੋਂ ਉਡ ਜਾਣਾ ਹੈ :—

ਬਿਰਖੈ ਹੇਠਿ ਸਭਿ ਜੰਤ ਇਕਠੇ । ਇਕਿ ਤਤੇ ਇਕਿ ਬੋਲਨਿ ਮਿਠੇ ।
ਅਸਤ ਉਦੋਤੁ ਭਇਆ ਉਠਿ ਚਲੇ ਜਿਉਂ ਜਿਉਂ ਅਉਧ ਵਿਹਾਣੀਆ ।

ਪਉੜੀ ਦੀ ਤਰਜ਼ ਵਿਚ ਇਸੇ ਨਾਸ਼ਮਾਨਤਾ ਨੂੰ ਦੂਜੀ ਤਰ੍ਹਾਂ ਦਰਸਾਇਆ ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਗੁਰੂ ਸਾਹਿਬ ਸਮਕਾਲੀ ਹਾਕਮ ਸ਼ਰੇਣੀ ਤੇ ਹੈਂਕੜ-ਬਾਜ਼ ਪਰੋਹਤ ਜਮਾਤ ਤੋਂ ਨਿਰਭੈ ਹੋ ਕੇ ਉਨ੍ਹਾਂ ਦੇ ਅੰਤ ਵਲ ਸੰਕੇਤ ਕਰਨੋਂ ਝਿਜਕ ਨਹੀਂ ।

ਧਰਤਿ ਅਕਾਸੁ ਪਤਾਲੁ ਹੈ, ਚੰਦੁ ਸੂਰੁ ਬਿਨਾਸੀ ।
ਬਾਦਸ਼ਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ।
ਰੰਗੁ ਤੁਰੰਗ ਗਰੀਬ ਮਸਤ ਸਭ ਲੋਕ ਸਿਧਾਸੀ,
ਕਾਜੀ ਸੇਖ ਮਸਾਇਕਾ, ਸਭੇ ਉਠ ਜਾਸੀ ।

ਪੀਰ ਪੈਕਾਂਬਰ ਅਉਲੀਏ ਕੋ ਥਿਰ ਨ ਰਹਾਸੀ ।
ਰੋਜਾ ਬਾਂਗ ਨਿਵਾਜ ਕਤੇਬ ਵਿਣੁ ਬੁਝੇ ਸਭਿ ਜਾਸੀ ।
ਲਖ ਚਉਰਾਸੀਹ ਮੇਦਨੀ, ਸਭ ਆਵੈ ਜਾਸੀ ।
ਨਿਹਚਲੁ ਸਚੁ ਖੁਦਾਇ ਏਕ ਖੁਦਾਇ ਬੰਦਾ ਅਬਿਨਾਸੀ (ਵਾਰ ਮਾਰੂ)

ਜੇਹਾ ਕਿ ਅਸਾਂ ਪਿਛੇ ਵੀ ਕਿਹਾ ਹੈ ਕਿ ਗੁਰੂ ਸਾਹਿਬ ਇਕ ਵਿਦਵਾਨ ਕਲਾਕਾਰ ਸਨ, ਜਿਥੇ ਉਨ੍ਹਾਂ ਸਾਹਿਤ ਵਿਚ ਵਰਤੀਂਦੇ-ਵਾਰ, ਬਾਰਾਂਮਾਂਹ, ਰੁਤੀ, ਥਿਤੀ, ਸਤਵਾਰ, ਦਿਨ ਰੈਣਿ, ਬਾਵਨ ਅਖਰੀ, ਛੰਤ, ਕਾਫੀ, ਡਖਣੇ, ਕਰਹਲੇ, ਪਹਰੇ, ਚਉਬੋਲੇ, ਫੁਨਹੇ ਆਦਿ ਅਨੇਕ ਕਾਵਿ-ਰੂਪ ਵਰਤੋਂ ਵਿਚ ਲਿਆ ਕੇ ਰੰਗਾ ਰੰਗ ਕਾਵਿ-ਵੰਨਗੀ ਪੇਸ਼ ਕੀਤੀ ਹੈ, ਉਥੇ ਬਹੁ-ਭਾਂਤੇ ਭਾਸ਼ਾ-ਚਮਤਕਾਰਾਂ ਦਾ ਵੀ ਗੁਲਦਸਤਾ ਸਜਾਇਆ ਹੈ । ਹਰ ਕਵੀ ਹਰ ਭਾਸ਼ਾ ਵਿਚ ਰਚਨਾ ਕਰਨ ਲਈ ਨਿਪੁਣ ਨਹੀਂ ਹੋ ਸਕਦਾ ਪਰ ਗੁਰੂ ਸਾਹਿਬ ਦੀ ਪ੍ਰਤਿਭਾ ਬਹੁਮੁਖੀ ਸੀ ਤੇ ਉਹ ਸਮੇਂ ਦੀਆਂ ਸਾਹਿਤਕ ਭਾਸ਼ਾਵਾਂ ਦੇ ਪਾਰੰਗਤ ਵਿਦਵਾਨ ਸਨ । ਇਸੇ ਕਰਕੇ ਜਿਥੇ ਉਨ੍ਹਾਂ ਸੰਤ-ਭਾਸ਼ਾ ਵਿਚ ਢੇਰ ਰਚਨਾ ਕੀਤੀ, ਉਥੇ ਗਾਥਾ, ਸਹਸਕ੍ਰਿਤੀ ਵਰਗੇ ਪੁਰਾਣੇ ਅਪਭੰਸ਼ੀ ਰੂਪਾਂ ਵਿਚ ਵੀ ਆਪਣੇ ਭਾਵ ਪਰਗਟ ਕੀਤੇ ਹਨ । ਜੇ ਟਕਸਾਲੀ ਪੰਜਾਬੀ ਨੂੰ ਵਰਤਿਆ ਤਾਂ ਨਾਲ ਲਹਿੰਦੀ ਵਿਚ ਵੀ ਕਮਾਲ ਕਰ ਦਿਖਾਇਆ ਹੈ, ਜੇ ਸੰਸਕ੍ਰਿਤ ਰੰਗ ਵਾਲੇ ਸਲੋਕ ਦਿਤੇ ਹਨ ਤਾਂ ਫ਼ਾਰਸੀ ਅਸਰ ਹੇਠ ਨਵੀਂ ਬਣ ਰਹੀ ਜ਼ਬਾਨ ਰੇਖ਼ਤਾ ਦੇ ਨਮੂਨੇ ਵੀ ਆਪਦੀ ਬਾਣੀ ਵਿਚੋਂ ਮਿਲ ਜਾਂਦੇ ਹਨ । ਜੈਤਸਰੀ ਦੀ ਵਾਰ ਰਚੀ ਹੀ ਇਸ ਅਧਾਰ ਤੇ ਗਈ ਕਿ ਇਕ ਸਲੋਕ ਸਹਸਕ੍ਰਿਤਮਈ, ਦੂਜਾ ਨਾਲ ਲਹਿੰਦੀ ਦਾ ਤੇ ਫਿਰ ਸਰਲ ਪੰਜਾਬੀ ਵਿਚ ਪਉੜੀ ।

ਜਰਮਨ ਪਾਦਰੀ ਡਾ. ਟ੍ਰੰਪ ਨੇ ਗੁਰੂ ਗ੍ਰੰਥ ਸਾਹਿਬ ਨੂੰ 'ਹਿੰਦਵੀ ਭਾਸ਼ਾਵਾਂ ਦਾ ਭੰਡਾਰ' ਕਿਹਾ ਹੈ । ਜੇਕਰ ਡੂੰਘੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਇਹ ਭੰਡਾਰ ਵਧੇਰੇ ਗੁਰੂ ਅਰਜਨ-ਬਾਣੀ ਵਿਚ ਸੁਰੱਖਿਅਤ ਹੈ, ਇਸਦਾ ਕਾਰਣ ਉਨ੍ਹਾਂ ਦਾ ਵਿਸ਼ਾਲ ਅਧਿਐਨ ਤੇ ਵਿਆਪਕ ਅਨੁਭਵ ਹੈ । ਆਖਿਰ ਸਰਬਪੱਖੀ ਵਿੱਦਵਤਾ ਦਾ ਹੀ ਸਿਟਾ ਸੀ ਕਿ ਉਨ੍ਹਾਂ 35-40 ਵਿਅਕਤੀਆਂ ਦੀ ਬਾਣੀ ਨੂੰ ਰਾਗਾਂ, ਛੰਦਾਂ ਤੇ ਹੋਰ ਪਹਿਲੂਆਂ ਨੂੰ ਸਾਹਵੇਂ ਰੱਖ ਕੇ ਸੁਘੜਤਾ ਤੇ ਸੁਚੱਜਤਾ ਨਾਲ ਇਕ ਮਾਲਾ ਵਿਚ ਪਰੋਇਆ । ਪਰੰਤੂ ਇਸ ਵਿਦਵਾਨ ਕਵੀ ਦੀ ਨਿੰਮਰਤਾ ਦਾ ਕਮਾਲ ਹੈ ਕਿ ਇਤਨਾਂ ਕੁਝ ਕਰਦਿਆਂ ਵੀ ਆਖਰ ਉਸ ਹਲੀਮੀ ਤੇ ਆਜਜ਼ੀ ਦਾ ਗੀਤ ਗਾਇਆ ।

'ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ
ਮੈ ਨਿੰਰਗੁਣਿਆਰੇ ਕੋ ਗੁਣ ਨਾਹੀ ਆਪੇ ਤਰਸ ਪਇਓਈ ।'

ਸੁਖਮਨੀ ਸਾਹਿਬ ਦੀ ਹਰ ਸਤਰ ਜਿਥੇ ਉਨ੍ਹਾਂ ਦੀ ਅਧਿਆਤਮਕ ਉਚਤਾ ਤੇ ਕਲਾਤਮਕ ਕਮਾਲ ਦੀ ਸ਼ਾਹਦੀ ਭਰਦੀ ਹੈ, ਉਥੇ ਉਨ੍ਹਾਂ ਦੇ ਸ਼ਿਸ਼ਟਾਚਾਰ-ਪੂਰਣ ਪਤਵੰਤੇ ਜੀਵਨ ਦਾ ਵੀ ਮਨੋਹਰ ਦਰਸ਼ਨ ਕਰਾਉਂਦੀ ਸਾਨੂੰ ਸਮਝਾਉਂਦੀ ਹੈ ਕਿ ਆਦਰਸ਼ਕ ਮਹਾ ਮਾਨਵ ਦਾ ਕੀ ਸਰੂਪ ਹੈ ਤੇ ਕਿਵੇਂ ਇਸ ਪਦਵੀ ਨੂੰ ਪਾਇਆ ਜਾ ਸਕਦਾ ਹੈ ।

# ਸੁਖਮਨੀ ਦਾ ਨਾਮ-ਸੰਸਕਾਰ

ਸੁਖਮਨੀ ਸਾਹਿਬ, ਸਰਬ ਤਰ੍ਹਾਂ ਸੰਪੂਰਣ ਬ੍ਰਹਿਮਵੇਤਾ ਕਲਾਕਾਰ ਗੁਰੂ ਦਾ ਆਤਮ-ਪ੍ਰਕਾਸ਼ ਹੈ। ਧਰਮ, ਜੇਹੋ ਜੇਹੇ ਪਰਮ ਮਨੁੱਖ ਦਾ ਨਿਰਮਾਣ ਕਰਨ ਦੀ ਕਲਪਨਾ ਸਦੀਆਂ ਤੋਂ ਕਰਦਾ ਆਇਆ ਹੈ, ਇਸ ਵਿਚ ਉਸਦਾ ਸਰੂਪ ਪ੍ਰਤੱਖ ਮੂਰਤੀ ਵਾਂਙ ਸਥਾਪਨ ਕਰਕੇ ਫਿਰ ਉਸ ਆਦਰਸ਼ ਦੀ ਪ੍ਰਾਪਤੀ ਦੇ ਸਾਧਨ ਵੀ ਸਪਸ਼ਟ ਭਾਂਤ ਨਿਰੂਪਣ ਕੀਤੇ ਗਏ ਹਨ। ਇਸ ਵਰਣਨ ਤੇ ਇਹ ਵਾਤਾਵਰਣ ਇਤਨਾ ਪ੍ਰਭਾਵਸ਼ਾਲੀ ਹੈ ਕਿ ਇਸਦਾ ਪਾਠੀ ਜਾਂ ਸ੍ਰੋਤਾ ਇਸ ਤੋਂ ਕਿਵੇਂ ਵੀ ਅਭਿੱਜ ਨਹੀਂ ਰਹਿ ਸਕਦਾ। ਇਹ ਸੁਖਮਨੀਕਾਰ ਦੀ ਉੱਚ ਸ਼ਖਸੀਅਤ ਤੇ ਅਨੁਭਵ ਅਤੇ ਅਨੂਠੀ ਅਭਿਵਿਅੰਜਨਾ ਦਾ ਸਿੱਟਾ ਹੈ ਕਿ ਇਹ ਬਾਣੀ ਇਤਨੀ ਸ਼ਾਂਤਿਪੁੰਜ ਤੇ ਸ਼ਕਤੀਸ਼ਾਲੀ ਸਿੱਧ ਹੋਈ ਹੈ ਕਿ ਲੱਖਾਂ ਹਿਰਦਿਆਂ ਨੂੰ ਇਸ ਨਾਲ ਧਰਵਾਸ ਮਿਲੀ ਤੇ ਸੰਤੁਲਿਤ ਜੀਵਨ ਦੀ ਜਾਚ ਹਾਸਲ ਹੋਈ ਹੈ। ਬਾਣੀ ਵਿਚਲੀ ਵਿਚਾਰਧਾਰਾ ਨੂੰ ਜਾਣਨ ਤੋਂ ਪਹਿਲਾਂ ਇਸਦੇ ਨਾਮ ਬਾਰੇ ਸੰਖਿਪਤ ਜਾਣਕਾਰੀ ਬਹੁਤ ਜ਼ਰੂਰੀ ਹੈ।

ਭਾਰਤ ਦੇ ਧਾਰਮਿਕ ਸਾਹਿਤ ਵਿਚ 'ਸੁਖਮਨੀ' ਬਿਲਕੁਲ ਨਵੀਨ ਸੰਕੇਤ ਹੈ। ਪ੍ਰਾਚੀਨ ਯੋਗ-ਸਾਹਿਤ ਵਿਚ ਸੁਖਮਨਾ (सुषुम्ना) ਇਕ ਨਾੜੀ ਦਾ ਨਾਮ ਹੈ ਇਸ ਨੂੰ ਕਿਤੇ ਕਿਤੇ 'ਸੁਖਮਨਿ' ਨਾਂ ਨਾਲ ਵੀ ਯਾਦ ਕੀਤਾ ਗਿਆ ਹੈ। ਵੇਦ ਅਨੁਸਾਰ 'ਸੁਖਮਨਾ' ਸੂਰਜ ਦੀਆਂ ਸੱਤ ਕਿਰਣਾਂ ਵਿਚੋਂ ਇਕ ਹੈ ਜਿਸ ਦੁਆਰਾ ਇਹ ਚੰਦ੍ਰਮਾ ਨੂੰ ਰੋਸ਼ਨ ਕਰਦਾ ਹੈ। ਯੋਗ ਸਾਹਿਤ ਵਿਚ ਇਹ ਇਕ ਵਿਸ਼ੇਸ਼ ਨਾੜੀ ਹੈ। ਮੇਰੂਦੰਡ ਵਿਚ ਤਿੰਨ ਨਾੜੀਆਂ ਹਨ—ਇੜਾ, ਪਿੰਗਲਾ ਤੇ ਸੁਖਮਨਾ, ਇੜਾ ਖੱਬੇ ਪਾਸੇ ਤੇ ਪਿੰਗਲਾ ਸੱਜੇ ਪਾਸੇ ਹੈ ਤੇ ਸੁਖਮਨਾ ਦੋਹਾਂ ਦੇ ਵਿਚਕਾਰ ਹੈ। ਜਦ ਖੱਬੀ ਨਾਸ ਚਲਦੀ ਹੈ ਤਾਂ ਇੜਾ ਕੰਮ ਕਰਦੀ ਹੈ, ਜਦ ਸੱਜੀ ਨਾਸ ਚਲਦੀ ਹੈ ਤਾਂ ਪਿੰਗਲਾ। ਇਨ੍ਹਾਂ ਦੋਹਾਂ ਦੇ ਦਰਮਿਆਨ ਜੋ ਨਾੜੀ ਸੁੱਤੀ ਪਈ ਹੈ ਉਹ ਸੁਖਮਨਾ ਹੈ, ਇਸ ਸੁਖਮਨਾ ਪਦ ਦਾ ਅਰਥ ਹੀ 'ਸੁੱਤੀ ਹੋਈ' ਹੈ। ਜਦੋਂ ਇਹ ਨਾੜੀ ਯੋਗ-ਸਾਧਨਾ ਦੁਆਰਾ ਜਾਗ ਪੈਂਦੀ ਹੈ ਤਾਂ ਇੜਾ ਪਿੰਗਲਾ ਰਾਹੀਂ ਜਾਣ ਵਾਲਾ ਸੁਆਸ ਇਸ ਰਾਹੀਂ ਚਲਣ ਲੱਗ ਪੈਂਦਾ ਹੈ ਤੇ ਮਨ ਦੀ ਚੰਚਲਤਾ ਮਿਟ ਕੇ ਸਮਾਧੀ ਦੀ ਅਵਸਥਾ ਹੋ ਜਾਂਦੀ ਹੈ।[1] ਇਹ ਹੈ ਯੋਗ ਮਤ ਵਾਲਿਆਂ ਦਾ ਖਿਆਲ ਜਿਸਦਾ ਸੰਕੇਤ ਕਈ ਥਾਂ ਬਾਣੀ ਵਿਚ ਆਇਆ ਹੈ। ਗੁਰਬਾਣੀ, ਭਾਵੇਂ ਇਸ ਸਿਧਾਂਤ ਨੂੰ ਪਰਵਾਣ ਨਹੀਂ ਕਰਦੀ ਪਰ ਉਸ ਬਾਰੇ ਅਜੇਹਾ ਹਵਾਲਾ ਜ਼ਰੂਰ ਦਿਤਾ ਮਿਲਦਾ ਹੈ ਜਿਵੇਂ ਕਿ......

---

1. ਹਿੰਦੀ ਸਾਹਿਤ ਕੋਸ਼, ਪੰਨਾ 929

ਇੜਾ ਪਿੰਗਲਾ ਅਉਰ ਸੁਖਮਨਾ, ਤੀਨਿ ਬਸਹਿ ਇਕ ਠਾਈ
ਬੇਣੀ ਸੰਗਮੁ ਤਹ ਪਿਰਾਗ ਮਨੁ, ਮਜਨੁ ਕਰੇ ਤਿਥਾਈ[1]।

(ਰਾਮਕਲੀ ਬੇਣੀ, ਪੰਨਾ ੯੭੪)

ਇਸੇ 'ਸੁਖਮਨਾ' ਨਾੜੀ ਨੂੰ ਸੁਖਮਨਿ ਵੀ ਕਿਹਾ ਗਿਆ ਹੈ :—

ਗੁੜ ਕਰਿ ਗਿਆਨੁ ਧਿਆਨੁ ਕਰਿ ਮਹੂਆ, ਭਉ ਭਾਠੀ ਮਨ ਧਾਰਾ
ਸੁਖਮਨਿ ਨਾਰੀ ਸਹਜ ਸਮਾਨੀ, ਪੀਵੈ ਪੀਵਨਹਾਰਾ ।

(ਰਾਮਕਲੀ ਕਬੀਰ, ਪੰਨਾ ੯੬੯)

ਗੁਰੂ ਨਾਨਕ ਸਾਹਿਬ ਜੀ ਨੇ ਇਸਦਾ ਪ੍ਰਯੋਗ ਇਉਂ ਕੀਤਾ ਹੈ—

ਘਰ ਮਹਿ ਘਰੁ ਦਿਖਾਇ ਦੇਇ, ਸੋ ਸਤਿਗੁਰ ਪੁਰਖੁ ਸੁਜਾਣੁ
ਪੰਜ ਸਬਦ ਧੁਨਿਕਾਰ ਧੁਨਿ, ਤਹ ਬਾਜੈ ਸਬਦੁ ਨੀਸਾਣੁ
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ
ਤਾਰ ਘੋਰ ਬਾਜਿੰਤ੍ਰ ਤਹ, ਸਾਚਿ ਤਖਤਿ ਸੁਲਤਾਨੁ
ਸੁਖਮਨ ਕੈ ਘਰਿ ਜਾਗੁ ਸੁਨਿ, ਸੁੰਨਿ ਮੰਡਲਿ ਲਿਵ ਲਾਇ
ਅਕਥਾ ਕਥਾ ਬੀਚਾਰੀਐ, ਮਨਸਾ ਮਨਹਿ ਸਮਾਇ ।

(ਵਾਰ ਮਲਾਰ, ੧, ਪੰਨਾ ੧੨੯੧)

ਗੁਰੂ ਅਮਰਦਾਸ ਜੀ ਦਾ ਵਾਕ ਹੈ—

'ਪੂਰੇ ਗੁਰ ਕੀ ਸਾਚੀ ਬਾਣੀ
ਸੁਖਮਨ ਅੰਤਰਿ ਸਹਿਜ ਸਮਾਣੀ ।

(ਧਨਾਸਰੀ ੩, ਪੰਨਾ ੬੬੩)

ਸਾਡਾ ਇਹ ਮਿਸਾਲਾਂ ਦੇਣ ਦਾ ਭਾਵ ਇਤਨਾ ਹੈ ਕਿ ਸੁਖਮਨਾ ਯਾ ਸੁਖਮਨਿ ਸੰਕੇਤ ਜੋ ਪਹਿਲੇ ਧਾਰਮਿਕ ਸਾਹਿਤ ਵਿਚ ਵਿਸ਼ੇਸ਼ ਨਾੜੀ ਲਈ ਪ੍ਰਚਲਤ ਸੀ, ਉਸ ਦਾ ਇਸ ਨਾਮ ਨਾਲ ਕੋਈ ਸਬੰਧ ਨਹੀਂ ਜਾਪਦਾ । ਜਰਮਨੀ ਵਿਦਵਾਨ ਡਾ: ਟ੍ਰੰਪ ਨੇ ਇਥੇ ਨਾੜੀ ਦਾ ਭਾਵ ਹੀ ਲਿਆ ਹੈ ਜੋ ਠੀਕ ਨਹੀਂ, ਇਸ ਸਬੰਧੀ ਅਸੀਂ ਅੱਗੇ ਚਰਚਾ ਕਰਾਂਗੇ । ਜਾਪਦਾ ਇਹ ਹੈ ਕਿ ਇਹ ਗੁਰੂ ਸਾਹਿਬ ਵਲੋਂ ਸਿਰਜਿਆ ਨਵਾਂ ਸਿਰਲੇਖ ਹੈ, ਜੋ ਦੋ ਪਦਾਂ ਦਾ ਸਮਾਜ ਹੈ—ਸੁਖ ਤੇ ਮਣਿ ਦਾ । ਸੁਖ ਦਾ ਅਰਥ ਅਨੰਦ, ਖੁਸ਼ੀ ਤੇ ਮਣਿ ਦਾ ਅਰਥ ਕੀਮਤੀ ਹੀਰਾ ਜਾਂ ਸੁਰਾਹੀ ਹੈ । ਸਮੁਚਾ ਅਰਥ ਹੋਇਆ ਅਨੰਦ, ਭਰਪੂਰ ਸੁਰਾਹੀ ਜਾਂ ਅਨੰਦ ਦਾਤੀ ਮਣੀ । ਕਈਆਂ ਇਹ ਵੀ ਆਖਿਆ ਹੈ ਕਿ ਮਨ ਦੇ ਸੁਖਾਂ ਦੀ ਚਰਚਾ ਕਰਨ ਕਾਰਣ ਇਹ 'ਸੁਖਮਨੀ' ਕਹੀ ਗਈ ਹੈ ਪਰ 'ਮਨੀ' ਸ਼ਬਦ ਨੂੰ ਇਸ ਤਰ੍ਹਾਂ 'ਮਨ' ਦੇ ਅਰਥਾਂ ਵਿਚ ਕਿਤੇ ਵੀ ਨਹੀਂ ਵਰਤਿਆ ਗਿਆ । ਹਾਂ, ਇਸ ਨੂੰ ਅਸੀਂ ਚਿੰਤਾਮਣੀ ਜਾਂ ਨਾਗਮਣੀ ਦੇ ਆਦਰਸ਼ ਜਾਂ ਪੈਟਰਨ ਤੇ ਬਣਿਆ ਸ਼ਬਦ 'ਸੁਖਮਣੀ' ਜਾਂ 'ਸੁਖਮਨੀ' ਕਹਿ ਸਕਦੇ ਹਾਂ । ਚਿੰਤਾਮਣਿ ਬਾਰੇ ਆਮ ਪ੍ਰਚਲਤ ਖਿਆਲ ਹੈ ਕਿ ਉਸਨੂੰ ਸਾਮ੍ਹਣੇ ਰੱਖ ਕੇ ਜੋ ਚਿਤਵੀਏ, ਸੋ ਮਿਲ ਜਾਂਦਾ ਹੈ । ਇਸੇ ਤਰ੍ਹਾਂ ਇਹ ਬਾਣੀ ਸੁਖਾਂ ਦੀ ਮਣੀ ਹੈ ਜਿਸ ਪਰਮ

---

1. ਮਹਾਨ ਕੋਸ਼, ਭਾ. ਕਾਨ੍ਹ ਸਿੰਘ, ਪੰਨਾ 706

ਸੁਖ ਯਾ ਆਤਮਾ ਅਨੰਦ ਦੀ ਅਭਿਲਾਸ਼ਾ ਕਰੀਏ, ਉਹ ਇਸ ਦੁਆਰਾ ਪੂਰੀ ਹੋ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਰੀਦਕੋਟੀ ਟੀਕੇ ਵਿਚ 'ਮਨ ਕੋ ਸੁਖ ਦੇਣੇ ਵਾਲੀ ਵਾ ਸੁਖੋਂ ਕੀ ਮਣੀ ਰੂਪ' ਕਿਹਾ ਹੈ (ਪੰਨਾ 581), ਪ੍ਰੋ. ਸਾਹਿਬ ਸਿੰਘ ਜੀ ਨੇ ਵੀ 'ਸੁਖਾਂ ਦੀ ਮਣੀ' ਹੀ ਅਰਥ ਕੀਤਾ ਹੈ (ਵੇਖੋ ਸ੍ਰੀ ਗੁਰੂ ਗ੍ਰੰਥ ਦਰਪਣ)। ਖਾਲਸਾ ਟ੍ਰੈਕਟ ਸੁਸਾਇਟੀ ਦੇ ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਲਿਖਿਆ ਹੈ, 'ਸੁਖਾਂ ਦੀ ਮਣੀ (ਰਤਨ) ਮਨ ਨੂੰ ਸੁਖ ਦੇਣ ਵਾਲੀ। ਇਕ ਬਾਣੀ ਦਾ ਨਾਉਂ ਜੋ ਪੰਜਵੇਂ ਸਤਿਗੁਰੂ ਅਰਜਨ ਦੇਵ ਜੀ ਦੇ ਅਨੁਭਵ ਤੋਂ ਉਚਰੀ ਹੋਈ ਹੈ (ਪੰਨਾ 165)

ਸਾਡੇ ਇਸ ਭਾਵ ਦੀ ਪੁਸ਼ਟੀ ਸੁਖਮਨੀ ਸਾਹਿਬ ਦੇ ਅੰਦਰਲੇ ਪ੍ਰਮਾਣਾਂ ਤੋਂ ਵੀ ਹੋ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਅਰਥਾਂ ਵਿਚ 'ਸੁਖਮਨੀ' ਪਦ ਹੋਰ ਕਿਧਰੇ ਵੀ ਨਹੀਂ ਵਰਤਿਆ ਗਿਆ ਲੇਕਿਨ ਇਸੇ ਬਾਣੀ ਵਿਚ ਇਸ ਸੰਕੇਤ ਦਾ ਪ੍ਰਯੋਗ ਤਿੰਨ ਥਾਂ ਇਉਂ ਕੀਤਾ ਗਿਆ ਹੈ :—

1. ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ
   ਭਗਤ ਜਨਾ ਕੈ ਮਨਿ ਬਿਸ੍ਰਾਮੁ। ਰਹਾਉ।

(ਅਸ਼ਟਪਦੀ ੧, ਪਦਾ ੧)

2. ਸੁਖਮਨੀ ਸਹਜ ਗੋਬਿੰਦ ਗੁਨ ਨਾਮੁ
   ਜਿਸੁ ਮਨਿ ਬਸੈ ਸੁ ਹੋਤ ਨਿਧਾਨੁ।

(ਅਸ਼ਟਪਦੀ ੨੪, ਪਦਾ ੫)

3. ਸਭ ਤੇ ਊਚ ਤਾਂਕੀ ਸੋਭਾ ਬਨੀ
   ਨਾਨਕ ਇਹ ਗੁਣ ਨਾਮੁ ਸੁਖਮਨੀ।

(ਅਸ਼ਟਪਦੀ ੨੪, ਪਦਾ ੮)

ਪਹਿਲੀ ਅਸਟਪਦੀ ਦੇ ਪਹਿਲੇ ਪਦੇ ਵਿਚ ਹੀ 'ਰਹਾਉ' ਵਾਲੀ ਤੁਕ ਅੰਦਰ ਇਸ ਸੰਕੇਤ ਦੇ ਪਹਿਲੇ ਪਦ 'ਸੁਖ ਨੂੰ ਵੱਖਰਾ ਕਰਕੇ ਦੱਸਿਆ ਇਹ ਹੈ ਕਿ ਜਗਿਆਸੂ ਲਈ ਨਾਮ ਹੀ 'ਸੁਖਮਨੀ' ਹੈ ਯਾ ਨਾਮ ਹੀ ਸੁਖ-ਆਤਮਿਕ ਅਨੰਦ ਹੈ। ਫਿਰ ਅੰਤਲੀ ਪਉੜੀ ਵਿਚ ਆਪਣੇ ਵਿਚਾਰ ਨੂੰ ਸਮਾਪਤ ਕਰਦਾ ਹੋਇਆ ਮਹਾਨ ਗੁਰੂ ਇਉਂ ਫੁਰਮਾਉਂਦਾ ਹੈ ਕਿ ਇਨ੍ਹਾਂ ਗੁਣਾਂ ਜਾਂ ਖੂਬੀਆਂ ਕਾਰਨ 'ਨਾਮ' ਹੀ 'ਸੁਖਮਨੀ' ਹੈ। ਸੋ 'ਸੁਖਮਨੀ' ਬਾਣੀ ਵਿਚ ਵੀ ਇਨ੍ਹਾਂ ਅਰਥਾਂ ਵਿਚ ਇਸ ਸੰਕੇਤ ਨੂੰ ਵਰਤਿਆ ਗਿਆ ਹੈ, ਇਸ ਤੋਂ ਸਪਸ਼ਟ ਹੁੰਦਾ ਹੈ ਕਿ ਕਰਤਾ ਨੇ ਇਹ ਨਵਾਂ ਨਾਮ ਸਿਰਜਿਆ ਤੇ ਸੁਖ ਦੀ ਮਣੀ-ਨਾਮ ਦਾ ਨਿਰੂਪਣ ਹੋਣ ਕਰਕੇ ਹੀ ਨਾਮ ਨੂੰ ਹੀ 'ਸੁਖਮਨੀ' ਯਾ ਇਸ ਬਾਣੀ ਨੂੰ 'ਸੁਖਮਨੀ' ਨਾਮ ਦਿਤਾ ਹੈ। ਸੋ ਇਸ ਸ਼ਾਬਦਿਕ ਅਰਥਾਂ ਤੋਂ ਅਸੀਂ ਇਹ ਠੀਕ ਅਨੁਮਾਨ ਕਰਦੇ ਹਾਂ ਕਿ ਜ਼ਿੰਦਗੀ ਦਾ ਅਸਲ ਮਨੋਰਥ ਪ੍ਰਸੰਨਤਾ, ਖੁਸ਼ੀ ਜਾਂ ਅਨੰਦ ਦੀ ਪ੍ਰਾਪਤੀ ਹੈ ਤੇ ਇਸ ਬਾਣੀ ਵਿਚ ਆਤਮਿਕ ਅਨੰਦ ਦਾ ਮਾਰਗ ਵਿਸਤਾਰ ਨਾਲ ਵਿਚਾਰਿਆ ਤੇ ਨਿਖਾਰਿਆ ਗਿਆ ਹੈ। ਜਿਥੇ ਪੁਰਾਤਨ ਮਾਰਗਾਂ ਦੀ ਚਰਚਾ ਕਰਦਿਆਂ ਉਨ੍ਹਾਂ ਦੀ ਊਣਤਾਈ ਦਰਸਾਈ ਹੈ, ਉਥੇ ਨਾਮ ਸਿਮਰਨ ਦੀ ਵਡਿਆਈ ਉਤੇ ਥਾਂ ਥਾਂ ਜ਼ੋਰ ਹੈ ਕਿਉਂਕਿ ਗੁਰੂ ਸਾਹਿਬਾਨ ਦੇ ਮਤ ਅਨੁਸਾਰ ਇਹ ਸਾਰੇ ਸਿਧਾਂਤਾਂ ਦਾ ਨਿਚੋੜ ਹੈ। ਅੰਤਲੀ ਪਉੜੀ

ਵਿਚ ਬਚਨ ਹੈ :—

ਸਗਲ ਮਤਾਂਤ ਕੇਵਲ ਹਰਿ ਨਾਮੁ
ਭਗਤ ਜਨਾ ਕੈ ਮਨਿ ਬਿਸ੍ਰਾਮ ।

ਮੁਢ ਵਿਚ 'ਰਹਾਉ' ਦੀ ਤੁਕ ਵੀ ਇਸੇ ਸਿਧਾਂਤ ਵਲ ਸੰਕੇਤ ਕਰਦੀ ਹੈ ਕਿ ਪ੍ਰਭੂ ਦਾ ਅੰਮ੍ਰਿਤ ਨਾਮ ਹੀ ਪਰਮ ਸੁਖ ਹੈ । ਕਈ ਵਾਰ ਅਧਿਆਤਮਵਾਦੀ, ਆਤਮਵਾਦੀ ਹੋ ਕੇ ਨਿਰੇਪੂਰੇ ਹਉਮੈਵਾਦੀ ਹੋ ਜਾਂਦੇ ਹਨ ਲੇਕਿਨ ਸਤਿਗੁਰੂ ਨਿਰੋਲ ਪ੍ਰਭੂਵਾਦੀ ਹਨ, ਉਹ ਬੂੰਦ ਨੂੰ ਸਾਗਰ ਬਣਾ ਕੇ ਰਾਜ਼ੀ ਹਨ । ਇਸ ਕਰਕੇ ਉਨ੍ਹਾਂ ਦਾ ਧਰਮ ਮਾਰਗ–ਨਾਮ ਨੂੰ ਹੀ ਸਭ ਕੁਝ ਮੰਨ ਕੇ ਚਲਦਾ ਹੈ ਉਨ੍ਹਾਂ ਇਸ ਅਨੁਭਵੀ ਬਾਣੀ ਦੇ ਨਾਂ ਵਿਚ ਹੀ ਇਹ ਰਹੱਸ ਭਰ ਦਿਤਾ ਹੈ ਕਿ ਨਾਮ ਹੀ ਪਰਮਸੁਖ਼ ਹੈ ਇਸੇ ਨਾਲ ਮਨ ਨੂੰ ਪਰਮ ਅਨੰਦ ਦੀ ਪ੍ਰਾਪਤੀ ਸੰਭਵ ਹੈ ।

ਸਰਬ ਰੋਗ ਕਾ ਅਉਖਦੁ ਨਾਮੁ ।
ਕਲਿਆਣ ਰੂਪ ਮੰਗਲ ਗੁਣ ਗਾਮ ।

'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ' ਇਸੇ ਸਿਧਾਂਤ ਦਾ ਮੂਲ ਸੂਤਰ ਹੈ ਤੇ ਬਾਕੀ ਬਾਣੀ ਇਸ ਦੀ ਵਿਆਖਿਆ ਹੈ ।

ਪੁਰਾਤਨ ਸਿਖ ਵਿਦਵਾਨਾਂ, 'ਸੁਖਮਨੀ' ਦੇ ਜੋ ਸ਼ਬਦੀ ਅਰਥ ਦੱਸੇ, ਉਨ੍ਹਾਂ ਤੋਂ ਵੀ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਇਹ 'ਸੁਖਮਨੀ' ਸੁਖਦਾਈ ਅਮੁੱਲੀ ਮਣੀ ਹੈ ਪੁਸ਼ਟੀ ਵਜੋਂ ਕੁਝ ਟੁਕਾਂ ਧਿਆਨ ਯੋਗ ਹਨ ।

(1) ਕਰਤਾ ਮਹਿਮਾ ਪ੍ਰਕਾਸ਼ ਲਿਖਦਾ ਹੈ :—

'ਸੁਖਮਨੀ ਨਾਮ ਗਿਆਨ ਪ੍ਰਵਾਹ । ਤਿਸ ਪ੍ਰਾਪਤ ਜਿਸ ਹੋਇ ਮਥਾਹ
ਤਾਂ ਕੇ ਗੁਨ ਮੁਖ ਕਹੇ ਨ ਬਨੈ । ਵਡਭਾਗੀ ਜੋ ਪਾਠ ਮੁਖ ਭਨੈ ।੧੦।
ਜਬ ਪਹਰ ਰਾਤ ਪਿਛਲੀ ਰਹੇ ਤਬ ਕਰਿ ਇਸ਼ਨਾਨ ਉਚਾਰ
ਸਰਬ ਪਦਾਰਥ ਤਿਸ ਮਿਲੇ, ਸਭ ਕਿਛ ਕਰੇ ਉਧਾਰ ।੧੧।

... ... ...

ਸੁਖਮਨੀ ਰਤਨ ਦਿਵ ਅਸਥੂਲ । ਤਾਂ ਮੋ ਚਲੇ ਅੰਮ੍ਰਿਤ ਕੇ ਕੂਲ
ਚੌਬੀਸ ਪਹਲ ਝਲਕਤ ਗੁਨ ਭਾਨੁ । ਪਹਲ ਪਹਲ ਮੁਕਤਾਂ ਕੀ ਖਾਨ ।੨੯।
ਚੌਬੀਸ ਸਲੋਕ ਹੀਰੇ ਸੰਗਿ ਲਗੇ । ਪਹਲਨ ਕੇ ਰੰਗ ਹੀਰੇ ਪਗੇ
ਇਹ ਗਿਆਨ ਖਾਨ ਕੀ ਕੌਸਤੁਭ ਮਣੀ ।
ਸ਼ੋਭਾ ਸ੍ਰੀ ਸਤਿਗੁਰ ਮੁਖ ਭਣੀ ।੩੦।

(ਮਹਿਮਾ ਪ੍ਰਕਾਸ਼, ਪੰਨਾ ੩੬੪)

(2) ਗੁਰਬਿਲਾਸ ਪਾਤਸ਼ਾਹੀ ਛੇਵੀਂ ਦਾ ਕਰਤਾ ਕਹਿੰਦਾ ਹੈ :—

ਤਬ ਗੁਰ ਮੁਖ ਸੁਖਮਨੀ ਉਚਾਰੀ । ਮਣਿਕ ਮਾਲ ਮਾਨੋ ਉਰਿ ਧਾਰੀ
ਚਵੀ ਹਜ਼ਾਰ ਅੱਛਰ ਇਹ ਧਰੇ । ਯਾਂਕੀ ਉਪਮਾ ਸ੍ਰੀ ਮੁਖ ਰਹੇ ।੨੪੩।

(ਗੁਰ ਬਿਲਾਸ, ਪੰਨਾ ੯੦)

(3) ਭਾਈ ਸੰਤੋਖ ਸਿੰਘ ਦਾ ਕਥਨ ਇਸ ਪ੍ਰਕਾਰ ਹੈ :—

ਦੋਹਰਾ : ਰਾਮ ਤਾਲ ਈਸਾਨ ਦਿਸ਼, ਬੈਠੇ ਗੁਰੂ ਕ੍ਰਿਪਾਲ
ਰਚਨ ਲਗੇ ਤਬ ਸੁਖਮਨੀ, ਦੇ ਸੁਖ ਕਰਤ ਨਿਹਾਲ ।੧।
ਪ੍ਰਥਮ ਸਲੋਕ ਗੁਰੂ ਪਗ ਬੰਦੇ । ਕੀਨ ਮੰਗਲਾਚਰਣ ਬਲੰਦੇ
ਪ੍ਰਭੁ ਸਿਮਰਨ ਕੀ ਮਹਿਮਾ ਫੇਰ । ਅਸ਼ਟਪਦੀ ਮਹਿ ਰਚੀ ਬਡੇਰ ।੨।
ਨਾਮ ਮਹਾਤਮ ਮਹਿਦ ਮਹਾਨਾ । ਬਹੁ ਬਿਧਿ ਸੋ ਸਤਿਗੁਰੂ ਬਖਾਨਾ ।
ਬ੍ਰਹਮ ਗਿਆਨੀ ਉਹ ਭਗਤ ਵਿਰਾਗੀ ।
ਸਾਧ ਸੰਗਤਿ ਜਿਨਕੀ ਲਿਵ ਲਾਗੀ ।੩।
ਕਹਯੋ ਮਹਾਤਮ ਮਤਿ ਤਿਨ ਕੇਰਾ । ਸੰਤਨ ਰਿਪੁ ਕੋ ਕਸ਼ਟ ਬਡੇਰਾ ।
ਨਿਰਗੁਨ ਆਪ ਸਰਗੁਨ ਭੀ ਓਹੀ । ਕਲਾ ਧਾਰਿ ਜਿਨ ਸਗਲੀ ਮੋਹੀ ।੪।
'ਤਤ੍ਵਮਸਿ' ਬਾਕ ਇਹ ਭਾਖਾ । ਇਸ ਸ੍ਰੁਤਿ ਸਾਰ ਆਨਿ ਸਭ ਰਾਖਾ
ਕਰਿ ਸੁਖਮਨੀ ਅੰਤਿ ਮਹਿੰ ਆਪੂ । ਕਹਯੋ ਮਹਾਤਮ ਅਧਿਕ ਪ੍ਰਤਾਪੂ ।੫।
(ਗੁਰਪ੍ਰਤਾਪ ਸੂਰਯ, ਰਾਸਿ ੩, ਅੰਸੂ ੪੩, ਪੰਨਾ ੨੦੯੫)

(4) ਕਵਿ ਸੰਤਰੇਣ ਪ੍ਰੇਮ ਸਿੰਘ ਲਿਖਦੇ ਹਨ :—
ਰਚਨ ਲਗੇ ਬਾਨੀ ਸੁਖਦਾਨੀ । ਮਣੀ ਮਾਲ ਮਨ ਸੁਖ ਕੀ ਦਾਨੀ ।
ਪ੍ਰਥਮ ਸ਼ਲੋਕ ਗੁਰੂ ਪਗ ਬੰਦੇ । ਕੀਨ ਮੰਗਲਾਚਰਣ ਬਿਲੰਦੇ ।੨੧।
ਪ੍ਰਭੁ ਸਿਮਰਨ ਕੀ ਮਹਿਮਾ ਫੇਰ । ਅਸਟਪਦੀ ਮਹਿੰ ਰਚੀ ਬਡੇਰ
ਨਾਮ ਮਹਾਤਮ ਮਹਿਦ ਮਹਾਨਾ । ਬਹੁ ਬਿਧਿ ਸੇ ਸਤਿਗੁਰੂ ਬਖਾਨਾ ।੨੨
(ਸ੍ਰੀਗੁਰਪੁਰ ਪ੍ਰਕਾਸ਼ ਕਵੀ ਸੰਤਰੇਣ ਪ੍ਰੇਮ ਸਿੰਘ, ਪੰਨਾ ੬੪੦)

ਇਹ ਪੁਰਾਣੇ ਤੇ ਨਵੇਂ ਟੀਕਾਕਾਰਾਂ ਦੇ ਹਵਾਲੇ ਦੇਣ ਦਾ ਭਾਵ ਇਤਨਾ ਹੀ ਹੈ ਕਿ ਸੁਖਮਨੀ ਦਾ ਅਰਥ 'ਸੁਖਾਂ ਦੀ ਮਣੀ' ਹੀ ਹੈ, ਸੁਖਮਨਾ ਨਾੜੀ ਨਹੀਂ ।

# 'ਸੁਖਮਨੀ' ਦਾ ਅਸ਼ਟਪਦੀਵਾਰ ਸਾਰੰਸ਼

ਸੁਖਮਨੀ ਇਕ ਪ੍ਰਬੰਧ ਕਾਵਿ ਹੈ ਜਿਸ ਵਿਚ ੨੪ ਅਸ਼ਟਪਦੀਆਂ ਹਨ, ਹਰ ਅਸ਼ਟਪਦੀ ਵਿਚ ਅੱਠ ਅੱਠ ਬੰਦ ਤੇ ਹਰ ਬੰਦ ਵਿਚ ਲਗਭਗ ਦਸ ਦਸ ਤੁਕਾਂ ਪਿਰੋਈਆਂ ਹਨ। ਇਹ ਇਕ ਯੋਜਨਾ ਸਹਿਤ ਰਚੀ ਬਾਣੀ ਹੈ ਜਿਸ ਵਿਚ ਮਾਨਵ ਆਤਮਾ ਨਾਇਕ ਬਣ ਕੇ ਵਿਕਾਸ ਦੀਆਂ ਮੰਜ਼ਲਾਂ ਤੈਅ ਕਰਦੀ ਪਰਮਾਨੰਦ ਦੇ ਪਰਮਧਾਮ ਪੁਜਦੀ ਹੈ। ੨੪ ਅਸ਼ਟਪਦੀਆਂ ਵਿਚ ਇਕ ਲੜੀਬੱਧ ਚਰਚਾ ਹੈ ਜਿਸ ਦੁਆਰਾ ਗੁਰੂ ਜੀ ਨੇ ਆਪਣਾ ਜੀਵਨ ਸਿਧਾਂਤ ਸਪਸ਼ਟ ਕਰਕੇ ਦਰਸਾਇਆ ਹੈ ਕਿ ਮਨੁੱਖ ਸੁਖੀ ਕਿਵੇਂ ਹੋ ਸਕਦਾ ਹੈ।

(੧) ਪ੍ਰਬੀਨ ਸਤਿਗੁਰੂ ਮੰਗਲਾਚਰਣ ਤੋਂ ਬਾਦ ਪਹਿਲੀ ਅਸ਼ਟਪਦੀ ਵਿਚ ਹੀ, ਨਾਮ ਸਿਮਰਨ ਦੀ ਮਹਿਮਾ ਨਿਰੂਪਣ ਕਰਦੇ ਇਹ ਕਹਿੰਦੇ ਹਨ ਕਿ ਸਿਮਰਨ ਦੇ ਮਾਰਗ ਤੇ ਚਲਣ ਵਾਲੇ ਹੀ ਦੁਖ, ਭੈ, ਸੰਕਟਾਂ ਦੇ ਸਾਗਰ ਨੂੰ ਉਲੰਘ ਕੇ ਪਰਮ ਸੁਖ ਦੀ ਅਵਸਥਾ ਵਿਚ ਵਿਚਰਦੇ ਹਨ, ਇਸ ਕਰਕੇ ਅਰੰਭ ਇਸੇ ਆਦੇਸ਼ ਨਾਲ ਕੀਤਾ ਹੈ :

'ਸਿਮਰਉ ਸਿਮਰਿ ਸਿਮਰਿ ਸੁਖ ਪਾਵਉ
ਕਲਿ ਕਲੇਸ਼ ਤਨ ਮਾਹਿ ਮਿਟਾਵਉ।'

ਇਸ ਅਸ਼ਟਪਦੀ ਵਿਚ ਆਈ 'ਰਹਾਉ' ਦੀ ਤੁਕ 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ' ਮੂਲ ਸਿਧਾਂਤ ਦੀ ਲਖਾਇਕ ਹੈ। ਸੋ ਨਾਮ ਸਿਮਰਨ ਨਾਲ ਗਿਆਨ ਧਿਆਨ ਤੇ ਤਤਬੁਧਿ ਜਾਗ੍ਰਤ ਹੁੰਦੀ ਤੇ ਸਭ ਰਿਧੀਆਂ ਸਿਧੀਆਂ ਤੇ ਸੁਖ ਅਨੰਦ ਪ੍ਰਾਪਤ ਹੁੰਦੇ ਹਨ ਪਰ ਸਿਮਰਨ ਦੀ ਦਾਤ ਕ੍ਰਿਪਾ ਦਾ ਫਲ ਹੈ।

(੨) ਜਦੋਂ ਹੋਰ ਕੋਈ ਸਾਧਨ ਕਾਰਗਰ ਸਾਬਤ ਹੁੰਦਾ ਨਹੀਂ ਦਿਸਦਾ ਤੇ ਔਕੜਾਂ ਜੀਵਨ ਦਾ ਰਾਹ ਮੱਲ ਖਲੋਂਦੀਆਂ ਹਨ ਤਾਂ ਅਜੇਹੀ ਸੰਕਟਮਈ ਅਵਸਥਾ ਵਿਚ ਇਕੋ ਇਕ ਨਾਮ ਸਿਮਰਨ ਹੀ ਸੁਖ ਦਾ ਮਾਰਗ ਖੋਲ੍ਹਦਾ ਹੈ। ਸਿਮਰਨ ਕਲਪ ਬਿਰਛ ਹੈ, ਸਿਮਰਨ ਕਾਮਧੇਨ ਹੈ, ਸਿਮਰਨ ਸਾਰੇ ਦੁਖਾਂ ਦਰਦਾਂ ਦਾ ਦਾਰੂ ਹੈ ਇਹ ਭੋਖੜੇ ਦੀ ਮਾਰੀ ਆਤਮਾ ਲਈ ਤੋਸਾ, ਅਨ੍ਹੇਰੇ ਵਿਚ ਭਟਕਦੀ ਰੂਹ ਲਈ ਰੋਸ਼ਨੀ ਤੇ ਅਸ਼ਾਂਤ ਤਪਤ ਵਾਤਾਵਰਣ ਨੂੰ ਸ਼ਾਂਤ ਕਰਨ ਵਾਲਾ ਨਾਮ, ਅੰਮ੍ਰਿਤ ਬਰਖਾ ਹੈ ਇਸ ਦੀਆਂ ਵਿਸ਼ੇਸ਼ਤਾਈਆਂ ਗਿਣੀਆਂ ਨਹੀਂ ਜਾ ਸਕਦੀਆਂ।

(੩) ਭਾਵੇਂ ਹੋਰ ਲੋਕਾਂ ਸੁਖ ਦੇ ਅਨੇਕਾਂ ਸਾਧਨ ਮੰਨੇ ਹਨ—ਜਪ, ਤਪ, ਤੀਰਥ ਇਸ਼ਨਾਨ, ਤਿਆਗ, ਭੇਖ ਬਾਣਾ ਤੇ ਕਈ ਕਰਮਕਾਂਡ ਆਦਿ ਪਰ ਸਤਿਗੁਰੂ ਇਨ੍ਹਾਂ ਮਾਰਗਾਂ ਦਾ ਚਰਚਾ ਕਰਕੇ ਤੇ ਇਨ੍ਹਾਂ ਦੀਆਂ ਖਾਮੀਆਂ ਦੱਸਕੇ ਮੁੜ ਇਸੇ ਸਿਧਾਂਤ ਨੂੰ ਦੁਹਰਾਉਂਦੇ ਹਨ :

ਅਵਰ ਕਰਤੂਤਿ ਸਗਲੀ ਜਮ ਡਾਨੈ
ਗੋਬਿੰਦ ਭਜਨ ਬਿਨੁ ਤਿਲੁ ਨਹੀਂ ਮਾਨੈ ।੪।

ਸੋ ਇਨ੍ਹਾਂ ਮਤਾਂ, ਵਿਸਵਾਸ਼ਾਂ ਤੇ ਧਾਰਮਿਕ ਸਾਧਨਾਂ ਵਿਚੋਂ ਸਰਬੋਤਮ ਧਰਮ, ਨਾਮ ਸਿਮਰਨ ਹੀ ਹੈ, ਇਸੇ ਨਾਲ ਸੱਚੇ ਆਤਮ ਅਨੰਦ ਦੀ ਪ੍ਰਾਪਤੀ ਸੰਭਵ ਹੈ ।

ਸਤਿਗੁਰਾਂ ਦੇ ਸ਼ਬਦ ਹਨ :—

ਸਰਬ ਧਰਮ ਮਹਿ ਸ੍ਰੇਸਟ ਧਰਮੁ
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ।

(੪) ਗੁਰੂ ਸਾਹਿਬ ਪਰਮ ਸੱਤਾ ਵਿਚ ਵਿਸਵਾਸ਼ ਤੇ ਉਸਦੇ ਨਾਮ ਸਿਮਰਨ ਦਾ ਮਹੱਤਵ ਇਕ ਹੋਰ ਪੱਖ ਤੋਂ ਦ੍ਰਿੜ੍ਹ ਕਰਾਉਂਦੇ ਹਨ ਕਿ ਇਹ ਸਾਰੀ ਕਿਰਤ, ਉਸੇ ਦੀ ਕ੍ਰਿਪਾਲਤਾ ਦਾ ਕ੍ਰਿਸ਼ਮਾ ਹੈ ਤੇ ਸਾਰੇ ਸੁਖ ਵੀ ਉਸੇ ਦੀ ਬਖਸ਼ਿਸ਼ ਹਨ । ਇਸ ਕਰਕੇ ਕ੍ਰਿਤੱਗਤਾ ਵਜੋਂ ਵੀ ਉਸਦੀ ਯਾਦ ਕਰਨਾ ਅਤਿਅੰਤ ਜ਼ਰੂਰੀ ਹੈ । ਪਰ ਮਨੁੱਖ ਅਕ੍ਰਿਤਘਣ ਸਾਬਤ ਹੋਇਆ ਹੈ ਤੇ ਇਸ ਹਕੀਕਤ ਨੂੰ ਭੁਲਾ ਬੈਠਾ ਹੈ, ਇਸ ਕਰਕੇ ਉਸ ਪ੍ਰਭੂ ਅੱਗੇ ਅਰਦਾਸ ਕਰਨਾ ਬਣਦਾ ਹੈ ਤਾਂਕਿ ਸਾਨੂੰ ਨਾਮ ਦੀ ਵਡਿਆਈ ਦ੍ਰਿੜ੍ਹ ਹੋ ਸਕੇ ਤੇ ਅਸੀਂ ਪੂਰੀ ਤਰ੍ਹਾਂ ਇਸ ਸਚਾਈ ਤੇ ਵਿਸ਼ਵਾਸ਼ੀ ਬਣੀਏ :—

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ।੮।

(੫) ਮਨੁੱਖ ਸੋਝੀ ਦੀ ਕਮੀ ਕਾਰਣ ਅਜੇਹੇ ਭੁਲੇਖਿਆਂ ਦਾ ਸ਼ਿਕਾਰ ਹੈ ਕਿ ਉਹ ਮਿਥਿਆ ਪਦਾਰਥਾਂ ਨੂੰ ਸੱਚ ਮੰਨਕੇ ਉਨ੍ਹਾਂ ਵਿਚ ਉਲਝਿਆ ਪਿਆ ਹੈ, ਬਿਰਛ ਦੀ ਛਾਂ ਨੂੰ ਪਕੜਨਾ ਚਾਹੁੰਦਾ ਹੈ, ਉਹ ਪਕੜੀ ਨਹੀਂ ਜਾਂਦੀ । ਇਸ ਲਈ ਬਾਰ ਬਾਰ ਝੁਰਦਾ ਹੈ, ਝੂਠੇ ਰਸਾਂ ਕਸਾਂ ਨਾਲ ਅਪਣਿਆਂ ਇੰਦ੍ਰਿਆਂ ਨੂੰ ਸੰਤੁਸ਼ਟ ਕਰਨਾ ਚਾਹੁੰਦਾ ਹੈ ਪਰ ਤਨ, ਪਰ ਧਨ ਤੇ ਪਰਾਏ ਮਨ ਨੂੰ ਲੈ ਕੇ ਤਸੱਲੀ ਅਨੁਭਵ ਕਰਦਾ ਹੈ ਪਰ ਸਭ ਵਕਤੀ ਦਿਲ ਬਹਿਲਾਵਾ, ਛਿਨਭੰਗਰ ਹੈ । ਇਸ ਨਾਲ ਅਸਲ ਸੁਖ ਨਹੀਂ ਮਿਲਦਾ ਇਸ ਭੁਲੇਖੇ ਨੂੰ ਦੂਰ ਕਰਕੇ ਗੁਰੂ ਸਾਹਿਬ ਤਾਕੀਦ ਕਰਦੇ ਹਨ ਕਿ ਸੁਖ ਦੇ ਅਸਲ ਸੋਮੇ ਨੂੰ ਪਛਾਣੋ :

ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ
ਕਰਿ ਕਿਰਪਾ ਨਾਨਕ ਆਪਿ ਲਏ ਲਾਈ ।੩।

(੬) ਮੁੜ ਇਹ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਮਨੁਖ ਨੂੰ ਸਭ ਕੁਝ ਉਸਦੀ ਕ੍ਰਿਪਾ (Grace) ਦੁਆਰਾ ਹੀ ਪ੍ਰਾਪਤ ਹੈ, ਸਰੀਰ, ਸੂਝਬੂਝ, ਧਨ ਦੌਲਤ, ਸ਼ੋਭਾ, ਆਚਾਰ ਤੇ ਮਾਨ ਵਡਿਆਈ, ਇਹ ਸਭ ਉਸ ਦੇ ਪ੍ਰਸਾਦ ਦਾ ਫਲ ਹੈ । ਇਸ ਕਰਕੇ ਉਸਦੀ ਬਖਸ਼ਿਸ਼ ਦੀ ਮੰਗ ਕਰਨੀ ਯੋਗ ਹੈ ਤਾਂ ਕਿ ਇਸ ਮਿਹਰ ਦੁਆਰਾ ਸਾਡੀ ਸੂਝ-ਬੂਝ ਚੰਗੇਰੀ ਹੋ ਸਕੇ ਤੇ ਅਸੀਂ ਸੱਚੇ ਨਾਮ ਦੇ ਵਿਸ਼ਵਾਸੀ ਬਣ ਸਕੀਏ :—

ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ
ਪ੍ਰਭੂ ਦਇਆ ਤੇ ਮਤਿ ਊਤਮ ਹੋਇ ।੮।

(੭) ਸੁਖਮਨੀ ਦਾ ਆਦਰਸ਼ ਜੀਵਨ, ਪੂਰਨ ਪੁਰਖ ਸਾਧੂ ਹੈ, ਸੰਤ ਹੈ, ਉਸਦੇ

ਉਚੇ ਆਚਰਣ ਤੇ ਗੁਣਾਂ ਦੀ ਵਿਆਖਿਆ ਇਸ ਲਈ ਕੀਤੀ ਹੈ ਤਾਂ ਕਿ ਮਨ ਦੀ ਮੈਲ ਮਿਟ ਜਾਵੇ ਤੇ ਸ੍ਰੇਸ਼ਟ ਗਿਆਨ ਪੱਲੇ ਪੈ ਸਕੇ। ਇਸ ਕਰਕੇ ਜਗਿਆਸੂ ਨੂੰ ਸਤਿਗੁਰਾਂ ਨੇ ਸਾਧ ਜਨਾਂ ਦੀ ਵਿਸਮਾਦ ਭਰੀ ਕਥਾ ਸ੍ਰਵਣ ਕਰਾਈ ਹੈ ਤਾਂ ਕਿ ਉਹ ਇਸ ਤੋਂ ਪ੍ਰੇਰਨਾ ਲੈ ਸਕੇ।

ਸੁਣਿ ਮੀਤਾ ਨਾਨਕ ਬਿਨਵੰਤਾ। ਸਾਧਜਨਾਂ ਕੀ ਅਚਰਜ ਕਥਾ।
ਸਾਧ ਕੈ ਸੰਗਿ ਮਿਟੈ ਸਭ ਰੋਗ
ਨਾਨਕ ਸਾਧ ਭੇਟੇ ਸੰਜੋਗ ।੭।

(੮) ਇਸੇ ਕਮਾਈ ਵਾਲੇ ਸ੍ਰੇਸ਼ਟ ਸਾਧੂ ਨੂੰ ਬ੍ਰਹਮ ਗਿਆਨੀ ਵੀ ਕਿਹਾ ਹੈ ਜਿਸਦੇ ਅੰਦਰ ਬਾਹਰ ਸਦਾ ਸੱਚ ਦਾ ਨਿਵਾਸ ਹੈ। ਇਹ ਔਗੁਣਾਂ ਤੇ ਦੋਖਾਂ ਤੋਂ ਨਿਰਲੇਪ ਹੋ ਕੇ ਵਿਚਰਦਾ ਤੇ ਅਤਿ ਸੁੱਚਾ ਜੀਵਨ ਬਸਰ ਕਰਦਾ ਹੈ। ਇਸ ਨੂੰ ਕਿਸੇ ਬੁਰਿਆਈ ਦਾ ਬੰਧਨ ਨਹੀਂ ਗ੍ਰਸਦਾ ਤੇ ਨਾ ਹੀ ਉਸਦੀ ਕੋਈ ਆਪਣੀ ਗਰਜ਼ ਹੁੰਦੀ ਹੈ ਉਹ ਸਾਰਾ ਜੀਵਨ ਲੋਕ ਭਲਾਈ ਵਿਚ ਲਾਉਂਦਾ ਹੋਇਆ ਵੀ, ਨਿਰਮਾਣ ਰਹਿੰਦਾ ਹੈ। ਭਾਵੇਂ ਉਹ ਬ੍ਰਹਮ ਦਾ ਰੂਪ ਹੋ ਜਾਂਦਾ ਹੈ ਪਰ ਉਹ ਗਰੀਬੀ ਦਾ ਪੱਲਾ ਨਹੀਂ ਛੱਡਦਾ :

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।

ਇਸ ਤਰ੍ਹਾਂ ਸੰਪੂਰਨ ਮਨੁਖ ਦਾ ਪੂਰਨ ਚਿਤ੍ਰ ਦੇ ਕੇ ਭਰਪੂਰ ਉਤਸ਼ਾਹ ਜਗਾਇਆ ਗਿਆ ਹੈ।

(੯) ਦੁਨੀਆਂ ਦੇ ਹੋਰ ਵਿਚਾਰਵਾਨਾਂ ਵੀ, ਆਦਰਸ਼ਕ ਪੂਰਨ ਮਨੁਖ ਦੇ ਵੱਖ ਵੱਖ ਸੰਕਲਪ ਪੇਸ਼ ਕੀਤੇ ਹਨ—ਅਪਰਸ, ਵੈਸ਼ਣਵ ਭਗਉਤੀ, ਪੰਡਿਤ, ਰਾਮਦਾਸ ਆਦਿ। ਗੁਰੂ ਸਾਹਿਬ ਇਨ੍ਹਾਂ ਦੇ ਨਵੇਂ ਲੱਛਣ ਕਰਕੇ ਇਹ ਦਰਸਾਉਣਾ ਚਾਹੁੰਦੇ ਹਨ ਕਿ ਜੇ ਅੰਤਰੀਵ ਜੀਵਨ ਦੀ ਉੱਚਤਾ ਇਨ੍ਹਾਂ ਵਿਚ ਆ ਜਾਵੇ ਤਾਂ ਇਹ ਵੀ ਸਾਧੂ ਜਾਂ ਬ੍ਰਹਮ ਗਿਆਨੀ ਦੇ ਤੁੱਲ ਹੋ ਸਕਦੇ ਹਨ। ਦੂਜੇ ਸ਼ਬਦਾਂ ਵਿਚ ਸਤਿਗੁਰੂ ਇਨ੍ਹਾਂ ਦੀ ਨਿਖੇਧੀ ਨ ਕਰਕੇ ਸਗੋਂ ਇਹ ਪ੍ਰਗਟਾਉਂਦੇ ਹਨ ਕਿ ਜੇ ਕੋਈ ਇੰਦ੍ਰੇ—ਜਿਤ ਪੁਰਖ ਪੰਜ ਐਬਾਂ ਤੋਂ ਨਿਰਮਲ ਰਹਿੰਦਾ ਹੈ ਤਾਂ ਹੀ ਉਹ 'ਅਪਰਸ' ਕਹਾ ਸਕਦਾ ਹੈ, ਜੇ ਕੋਈ ਭਗਤੀ ਪਰਾਇਣ ਸਾਧੂ ਨਿਸ਼ਕਾਮ ਜੀਵਨ ਬਿਤਾਉਂਦਾ ਹੈ ਤੇ ਮਾਇਆ ਦੀ ਪਕੜ ਵਿਚ ਨਹੀਂ ਆਉਂਦਾ, ਉਹੋ ਸੁੱਚਾ ਵੈਸ਼ਣਵ ਹੈ। ਇਸੇ ਤਰ੍ਹਾਂ ਭਗਵਾਨ ਦੇ ਰੰਗ ਵਿਚ ਰੰਗਿਆ ਪੁਰਖ ਹੀ ਸੱਚਾ ਭਗਉਤੀ ਹੈ। ਪੰਡਿਤ ਉਹ ਹੈ ਜੋ ਲੋਕਾਂ ਨੂੰ ਪ੍ਰਬੋਧਣ ਦੀ ਥਾਂ ਆਪਣੇ ਮਨ ਨੂੰ ਪ੍ਰਬੋਧਕੇ ਰੱਖਦਾ ਤੇ ਸੂਖਮ ਸਥੂਲ ਨੂੰ ਇਕ ਜਾਣਦਾ ਹੈ ਅਰਥਾਤ ਇਸ ਸ੍ਰਿਸ਼ਟੀ ਤੇ ਇਸ ਵਿਚ ਵਿਆਪਕ ਗੁਪਤਸੱਤਾ ਨੂੰ ਇਕਮਿਕ ਜਾਣਦਾ ਹੋਇਆ ਵਰਣ ਭੇਦ ਵਿਚ ਨਹੀਂ ਪੈਂਦਾ। ਇਸੇ ਤਰ੍ਹਾਂ ਸੱਚਾ ਰਾਮਦਾਸੀ, ਆਪਣੇ ਅੰਦਰ ਪ੍ਰਭੂ ਦਾ ਜਲਵਾ ਤੱਕਦਾ ਹੈ। ਜਿਸਨੂੰ ਪ੍ਰਭੂ ਦੀ ਆਗਿਆ ਭਾ ਗਈ, ਉਹੋ ਜੀਵਨ ਮੁਕਤ ਹੈ, ਉਹੋ ਸਮਦ੍ਰਿਸ਼ਟਾ ਹੈ :

ਜੋ ਵਰਤਾਏ ਸਾਈ ਜੁਗਤਿ
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ।੭।

(੧੦) ਸ੍ਰਿਸ਼ਟੀ ਦਾ ਵਿਸਤਾਰ ਪੂਰਣ ਚਿਤ੍ਰ ਇਸ ਲਈ ਦਿਤਾ ਹੈ ਤਾਂ ਕਿ ਇਸਦੇ

ਕਰਤਾਰ ਪ੍ਰਤੀ ਸਾਡੀ ਸ਼ਰਧਾ ਪਰਿਪੱਕ ਹੋ ਸਕੇ। ਪਹਿਲੀ ਪਉੜੀ ਵਿਚ ਧਰਮ ਕਰਮ ਕਮਾਉਣ ਵਾਲਿਆਂ ਦੀ ਸੂਚੀ ਹੈ, ਦੂਜੀ ਵਿਚ ਮੰਦ ਕਰਮੀਆਂ ਦਾ ਚਰਚਾ ਹੈ। ਫਿਰ ਵਿਸ਼ਾਲ ਰਚਨਾ ਦਾ ਦ੍ਰਿਸ਼ ਦਰਸਾ ਕੇ ਪਾਰਬ੍ਰਹਮ ਦੇ ਦਾਸਾਂ ਦਾ ਇਉ ਨਿਰੂਪਣ ਕੀਤਾ ਹੈ ਕਿ ਉਨ੍ਹਾਂ ਦਾ ਆਪਾ ਪ੍ਰਕਾਸ਼ਿਤ ਹੁੰਦਾ ਹੈ ਉਹ ਤੱਤਵੇਤੇ ਹੁੰਦੇ ਸਭ ਨੂੰ ਇਕ ਨਜ਼ਰ ਨਾਲ ਤੱਕਦੇ ਹੋਏ ਨਾਮ ਰਸ ਵਿਚ ਮਗਨ ਰਹਿਕੇ ਪ੍ਰਭੂ ਨਾਲ ਅਭੇਦ ਹੋ ਰਹਿੰਦੇ ਹਨ।

ਇਹ ਲੀਲ੍ਹਾ ਜੁਗਾਂ ਜੁਗਾਂਤਰਾਂ ਤੋਂ ਚਲਦੀ ਆ ਰਹੀ ਹੈ ਤੇ ਇਸ ਦਾ ਥਾਹ ਨਹੀਂ ਲਿਆ ਜਾ ਸਕਦਾ। ਅੰਤ, ਹਰ ਜਲਤਰੰਗ ਦਾ ਜਲ ਸਾਗਰ ਹੀ ਹੈ :

ਕਈ ਬਾਰ ਪਸਰਿਓ ਪਾਸਾਰ
ਸਦਾ ਸਦਾ ਇਕੁ ਏਕੰਕਾਰ
ਕਈ ਕੋਟਿ ਕੀਨੇ ਬਹੁ ਭਾਂਤਿ
ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ।

(੧੧) ਇਸ ਹਾਲਤ ਵਿਚ ਇਹ ਨਿਸ਼ਚੇ ਕਰਨਾ ਯੋਗ ਹੈ ਕਿ ਕਰਨ ਕਰਾਵਨਹਾਰ ਪਰਮੇਸ਼ਰ ਹੀ ਹੈ, ਹੋਰ ਦੂਜੀ ਤਾਕਤ ਕੋਈ ਨਹੀਂ। ਸ੍ਰਿਸ਼ਟੀ ਦਾ ਕਰਤਾ ਵੀ ਉਹ ਹੈ ਤੇ ਸੰਚਾਲਕ ਪਾਲਕ ਵੀ ਉਹ ਆਪ; ਇਹ ਜੀਉੜਾ ਕੇਵਲ ਹੁਕਮ ਦਾ ਬੱਧਾ ਹੈ, ਹੁੰਦਾ ਉਹੋ ਹੈ ਜੋ ਕਰਤਾਪੁਰਖ ਨੂੰ ਭਾਉਂਦਾ ਹੈ :

ਆਗਿਆਕਾਰੀ ਬਪੁਰਾ ਜੀਉ।
ਜੋ ਤਿਸ ਭਾਵੈ ਸੋਈ ਫੁਨ ਥੀਉ।

ਇਸ ਵਿਚਾਰ ਦਾ ਮਨੋਰਥ ਇਹ ਹੈ ਕਿ ਸਾਧੂ ਜਾਂ ਬ੍ਰਹਮ ਗਿਆਨੀ ਬਣਨਾ ਮਨੁੱਖ ਦੇ ਵਸ ਦੀ ਗੱਲ ਨਹੀਂ, ਸਗੋਂ ਉਸੇ ਦੇ ਹੁਕਮ ਵਿਚ ਹੈ। ਇਸ ਲਈ ਆਤਮ-ਸਮਰਪਣ ਆਵੱਸ਼ਕ ਹੈ ਪਰ ਉਸਦੀ ਤਾਬੇਦਾਰੀ ਵਿਚ ਤਾਂ ਹੀ ਚਲਿਆ ਜਾ ਸਕਦਾ ਹੈ ਜੇ ਆਪਣੀ ਹਉਮੈ ਦਾ ਤਿਆਗ ਕੀਤਾ ਜਾਵੇ। ਅਹੰਕਾਰ ਇਕ ਮੂਲ ਰੋਗ ਹੈ, ਇਸਦੇ ਇਲਾਜ ਨਾਲ ਹੀ ਦੂਜੀਆਂ ਬਿਮਾਰੀਆਂ ਦੂਰ ਹੋ ਸਕਦੀਆਂ ਹਨ।

(੧੨) ਜੇ ਹਉਮੈ ਜ਼ੋਰ ਪਾ ਜਾਵੇ ਤੇ ਹੁਕਮ ਦੀ ਸੋਝੀ ਨਾ ਰਹੇ ਤਾਂ ਅਹੰਕਾਰ ਦਾ ਅਜਗਰ ਜੀਵਨ ਦੀ ਅਸਲੀਅਤ ਨੂੰ ਗ਼ਾਲ ਦਿੰਦਾ ਹੈ। ਜੇ ਰਾਜਮਦ ਹੋਵੇ ਤਾਂ ਨਰਕ ਵਿਚ ਡੇਗਦਾ ਹੈ, ਜੋਬਨ ਦਾ ਹੀ ਹੰਕਾਰ ਹੋਵੇ ਤਾਂ ਗੰਦਗੀ ਦਾ ਕੀੜਾ ਬਣਾਂਦਾ ਹੈ। ਜੇ ਇਹ ਸਮਝੇ ਕਿ ਮੈਂ ਬੜਾ ਧਰਮੀ ਕਰਮੀ ਹਾਂ ਤਾਂ ਇਹੋ ਮਦ ਇਸਨੂੰ ਚੱਕ੍ਰ ਵਿਚ ਪਾਈ ਰੱਖਦਾ ਹੈ ਇਸ ਲਈ ਸੁਖ ਸ਼ਾਂਤੀ ਦਾ ਜੀਵਨ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਮਨੁਖ ਨਿਰਮਾਣਤਾ ਤੇ ਗਰੀਬੀ ਧਾਰਨ ਕਰੇ :

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ
ਨਾਨਕ ਈਹਾਂ ਮੁਕਤੁ ਆਗੈ ਸੁਖ ਪਾਵੈ।

ਇਹ ਇਕ ਬੁਨਿਆਦੀ ਕਮਜ਼ੋਰੀ ਹੈ ਕਿ ਜਦ ਤਕ ਮਨੁਖ ਅਹੰਕਾਰ ਨਹੀਂ ਤਿਆਗਦਾ; ਤਦ ਤਕ ਉਸਨੂੰ ਚੈਨ ਨਹੀਂ ਮਿਲ ਸਕਦਾ।

'ਜਬ ਲਗ ਜਾਨੈ ਮੁਝ ਤੇ ਕਛੁ ਹੋਇ।
ਤਬ ਇਸ ਕਉ ਸੁਖੁ ਨਾਹੀ ਕੋਇ।'

(੧੩) ਭਲੇ ਜੀਵਨ ਦਾ ਵਿਰੋਧ ਕਰਨਾ ਭਲੀ ਗੱਲ ਨਹੀਂ । ਜੇ ਆਦਮੀ ਨੇਕੀ ਦੇ ਪੁੰਜ ਮਹਾਂਪੁਰਸ਼ਾਂ ਦੀ ਨਿਖੇਧੀ ਨਿੰਦਾ ਵਿਚ ਹੀ ਲਗਾ ਰਹਿੰਦਾ ਹੈ, ਉਹ ਜਨਮ ਮਰਨ ਦੇ ਚੱਕ੍ਰ ਵਿਚੋਂ ਨਹੀਂ ਨਿਕਲ ਸਕਦਾ । ਕੁਝ ਲੋਕਾਂ ਦੀ ਸ਼ੁਗਲ ਸ਼ੌਕ ਹੀ ਨਿੰਦਾ ਹੈ । ਗੁਰੂ ਸਾਹਿਬ ਨੇ ਇਸ ਔਗੁਣ ਦੀਆਂ ਉਕਾਈਆਂ ਵੇਰਵੇ ਨਾਲ ਦੱਸ ਕੇ ਇਹ ਤਾਕੀਦ ਕੀਤੀ ਹੈ ਕਿ ਇਸ ਐਬ ਤੋਂ ਜਿੰਨਾ ਬਚਿਆ ਜਾਵੇ, ਚੰਗਾ ਹੈ ।' ਇਕ ਤਰੀਕਾ ਇਹ ਵੀ ਹੈ ਕਿ ਪ੍ਰਭੂ ਦੀ ਮਹਿਮਾ ਵਿਚ ਲਗ ਕੇ ਇਸ ਬੇਸੁਆਦੇ ਕੰਮ ਤੋਂ ਦੂਰ ਰਹਿਆ ਜਾਵੇ ਤਾਂ ਕਿ ਸਾਡੀ ਆਤਮਾ ਦੂਜਿਆਂ ਦੇ ਔਗੁਣ ਚੇਤੇ ਕਰ ਕਰ ਮਲੀਨ ਨ ਹੋਵੇ । ਇਹ ਇਕ ਨਕਾਰਤਮਕ ਕੰਮ ਹੈ, ਜਿਸਦੇ ਸਿਟੇ ਵੀ ਨਕਾਰਾਤਮਕ ਹੁੰਦੇ ਹਨ । ਇਸ ਕਰਕੇ ਗੁਰੂ ਸਾਹਿਬ ਸੰਤ ਨਿੰਦਕ ਦੀ ਮੰਦੀ ਦਸ਼ਾ ਦਰਸਾ ਕੇ ਇਸ ਔਗੁਣ ਤੋਂ ਵਰਜਦੇ ਹਨ ।

(੧੪) ਇਸ ਕਰਕੇ ਆਪਣੀ ਚਤੁਰਾਈ ਦੇ ਖੰਭਾਂ ਨਾਲ ਉਡਣਾ ਮੁਨਾਸਬ ਨਹੀਂ, ਕੇਵਲ ਉਸੇ ਤੇ ਭਰੋਸਾ ਕਰਕੇ ਦੁਖਾਂ ਰੋਗਾਂ ਤੇ ਭਰਮਾਂ ਤੋਂ ਖਲਾਸੀ ਪਾਈ ਜਾ ਸਕਦੀ ਹੈ । ਚੂੰਕਿ ਕਰਤਾ ਧਰਤਾ ਇਕੋ ਪਰਮੇਸ਼ਰ ਹੀ ਹੈ, ਇਸ ਲਈ ਮਨੁੱਖ ਵਲੋਂ ਕਿਸੇ ਹੋਰ ਸ਼ਕਤੀ ਦਾ ਆਸਰਾ ਲੈਣਾ ਇਕ ਬੇਲੋੜੀ ਜਿਹੀ ਗੱਲ ਹੈ :

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ
ਦੇਵਨ ਕਉ ਏਕੈ ਭਗਵਾਨੁ ।...
ਤਿਸਕਾ ਹੁਕਮੁ ਬੂਝਿ ਸੁਖੁ ਹੋਇ ।
ਤਿਸਕਾ ਨਾਮ ਰਖੁ ਕੰਠ ਪਰੋਇ ।

ਇਸ ਕਰਕੇ ਗੁਰੂ ਸਾਹਿਬ ਨੇ ਜਗਿਆਸੂ ਨੂੰ ਜੀਵਨ ਮਾਰਗ ਸਮਝਾਉਂਦਿਆਂ ਬਾਰ ਬਾਰ ਇਹ ਗੱਲ ਦ੍ਰਿੜ੍ਹ ਕਰਾਈ ਹੈ ਕਿ ਰੱਬੀ ਮਹਿਮਾ ਵਿਚ ਲੀਨ ਹੋ ਕੇ ਅੰਗ ਅੰਗ ਉਸਦੇ ਰੰਗ ਵਿਚ ਰੰਗਿਆ ਜਾਵੇ । ਉਹੋ ਧਨੀ ਹੈ, ਉਹੋ ਮੁਨੀ ਹੈ, ਉਹੋ ਸੱਚਾ ਸੁਖੀ ਤੇ ਅਨੰਦ ਮਈ ਜੀਵਨ ਬਸਰ ਕਰਦਾ ਹੈ ਜੋ ਇਕ ਦੀ ਓਟ ਵਿਚ ਰਹਿੰਦਾ ਹੈ। ਇਸ ਕਰਕੇ ਦੋ ਗੱਲਾਂ ਉਤੇ ਜ਼ੋਰ ਦਿਤਾ ਹੈ—ਨਿਰੰਕਾਰੀ ਮਹਿਮਾ ਅਤੇ ਸ੍ਰੇਸ਼ਟਾਚਾਰ । ਇਹ ਪਰਮਾਨੰਦ ਦਾ ਰਸਤਾ ਹੈ :

'ਉਸਤਤਿ ਮਨ ਮਹਿ ਕਰਿ ਨਿਰੰਕਾਰ ।
ਕਰਿ ਮਨ ਮੇਰੇ ਸਤਿ ਬਿਉਹਾਰ ।'

(੧੫) ਸਰਬਕਲਾ ਭਰਪੂਰ ਪ੍ਰਭੂ ਦਾ ਨਕਸ਼ਾ ਖਿਚਦਿਆਂ ਦੱਸਿਆ ਗਿਆ ਹੈ ਉਹ ਟੁੱਟੀਆਂ ਗੰਢਣ ਵਾਲਾ ਹੈ । ਉਸ ਤੋਂ ਬਿਨਾ, ਕੋਈ ਆਪਣੇ ਆਪ ਰੂਪਵੰਤ, ਧਨਵੰਤ ਤੇ ਸ਼ੋਭਾਵੰਤ ਨਹੀਂ ਹੋ ਸਕਦਾ ਕਿਉਂਕਿ ਸਭ ਕੁਝ ਉਸੇ ਦੀ ਕਲਾ ਦਾ ਜ਼ਹੂਰ ਹੈ । ਜੇ ਕੋਈ ਉਸਦੇ ਸਤਿ ਸ੍ਵਰੂਪ ਵਿਚ ਵਿਸ਼ਵਾਸ ਕਰਦਾ ਹੈ, ਉਹ ਉਸ ਪਰਮ ਸੱਚ ਨਾਲ ਅਭੇਦ ਹੋ ਜਾਂਦਾ ਹੈ । ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ । ਨਾਨਕ ਸੋ ਜਨੁ ਸਚਿ ਸਮਾਤਾ ।੪। ਉਹ ਮੁਰਦਿਆਂ ਨੂੰ ਜਿੰਦਾ ਕਰਨ ਵਾਲਾ; ਤੇ ਭੁਖਿਆਂ ਨੂੰ ਰਜਾਉਣ ਵਾਲਾ ਹੈ । ਉਸਦੀ ਇਕ ਨਿਗਾਹ ਵਿਚ ਸਾਰੇ ਖਜ਼ਾਨੇ ਹਨ, ਜਿਸਨੂੰ ਉਹ ਆਪਣਾ ਨਾਮ ਦਾਨ ਦੇ ਦੇਵੇ ਉਹ ਆਪਣੇ ਆਪ ਸ਼ੁੱਧ ਤੇ ਸੰਤੁਸ਼ਟ ਹੋ ਜਾਂਦਾ ਹੈ ।

(੧੬) ਭਾਵੇਂ ਉਹ ਰੂਪ ਰੇਖਾ ਤੋਂ ਰਹਿਤ ਹੈ ਤੇ ਤ੍ਰੈਗੁਣਾਤਮਕ ਵੀ ਨਹੀਂ ਫਿਰ

ਵੀ ਰਾਜ ਜੋਗੀ, ਪਰਮ ਤਪੀਸਰ ਤੇ ਮਹਾਨ ਗ੍ਰਿਸਤੀ ਹੁੰਦਾ ਹੋਇਆ ਸਭ ਤੋਂ ਨਿਰਲੇਪ ਹੈ, ਉਸ ਦੀ ਲੀਲ੍ਹਾ ਜਾਣੀ ਨਹੀਂ ਜਾ ਸਕਦੀ। ਉਸਦੇ ਰੰਗ ਰੂਪ ਨਿਆਰੇ, ਉਸਦੇ ਭੇਖ ਪਸਾਰੇ ਵੀ ਵਿਲੱਖਣ ਹਨ ਤੇ ਉਸਦੇ ਇਕੋ ਇਕ ਨਾਮ ਨੇ ਸਾਰੇ ਖੰਡਾਂ ਬ੍ਰਹਿਮੰਡਾਂ ਨੂੰ ਇਕ ਮਰਯਾਦਾ ਵਿਚ ਬੰਨ੍ਹ ਛਡਿਆ ਹੈ।

'ਨਾਮ ਕੇ ਧਾਰੇ ਸਗਲੇ ਜੰਤ। ਨਾਮ ਕ ਧਾਰੇ ਖੰਡ ਬ੍ਰਹਮੰਡ।'

ਉਹ ਇਕ ਹਕੀਕਤ ਹੈ, ਉਸਦੀ ਰਚਨਾ ਵੀ ਇਕ ਹਕੀਕਤ ਹੈ। ਇਸ ਕਰਕੇ ਉਸਨੂੰ ਕਲਪਣਾ ਸਮਝਕੇ ਅਣਡਿੱਠ ਨਹੀਂ ਕਰਨਾ ਬਣਦਾ ਸਗੋਂ ਉਸ ਵਿਸਮਾਦੀ ਹਸਤੀ ਵਿਚ ਮਗਨ ਹੋ ਕੇ ਜੀਵਨ ਦਾ ਅਨੰਦ ਮਾਣਨਾ ਯੋਗ ਹੈ।

(੧੭) ਜਿਨ੍ਹਾਂ ਲੋਕਾਂ ਨੂੰ ਇਹ ਵਿਸਵਾਸ਼ ਦ੍ਰਿੜ੍ਹ ਹੋ ਗਿਆ ਕਿ ਉਹ ਆਦਿ ਸਚੁ ਜੁਗਾਦਿ ਸਚੁ ਹੈ ਤੇ ਸਦਾ ਸੱਚ ਰਹੇਗਾ, ਉਹ ਜੀਵਨ ਦੀ ਅਸਲੀਅਤ ਪਛਾਣ ਗਏ ਹਨ। ਉਹ ਨਾਮ ਅੰਮ੍ਰਿਤ ਪਾਨ ਕਰਕੇ ਅੰਦਰਲੇ ਚਾਉ ਨਾਲ ਭਗਤੀ ਵਿਚ ਸਦਾ ਮਸਤ ਰਹਿੰਦੇ ਤੇ ਹਰ ਘਟਨਾ ਨੂੰ ਰੱਬ ਦੀ ਕੁਦਰਤ ਦਾ ਕ੍ਰਿਸ਼ਮਾ ਹੀ ਸਮਝਦੇ ਹਨ।

ਜੋ ਹੋਆ ਹੋਵਤ ਸੋ ਜਾਨੈ
ਪ੍ਰਭ ਅਪਨੇ ਕਾ ਹੁਕਮੁ ਪਛਾਨੈ।

ਇਹ ਇਕ ਬਹੁਤ ਉਚੀ ਅਵਸਥਾ ਹੈ ਕਿ ਆਪਣੀ ਹਉਮੈ ਨੂੰ ਤਿਆਗ ਕੇ, ਉਸੇ ਦੀ ਸਾਰੀ ਹੁਕਮੀ ਖੇਡ ਸਮਝੀ ਜਾਵੇ। ਅਜੇਹੇ ਸੇਵਕਾਂ ਦੀ ਭਗਵਾਨ ਆਪ ਪੈਜ ਰੱਖਦਾ ਹੈ। ਇਸ ਕਰਕੇ ਐਸੇ ਮਹਾਂ ਪੁਰਸ਼ਾਂ ਦੀ ਚਰਣ ਸ਼ਰਣ ਜਾਣਾ ਹਿਤਕਾਰੀ ਹੈ।

(੧੮) ਪਰ ਇਹ ਅਵਸਥਾ ਆਪਣੇ ਆਪ ਪੈਦਾ ਨਹੀਂ ਹੋ ਜਾਂਦੀ। ਸਤਿਗੁਰੂ ਦੀ ਸਿਖਿਆ ਤੇ ਮਿਹਰ ਨਾਲ ਇਸ ਮੰਡਲ ਵਿਚ ਪਹੁੰਚੀਦਾ ਹੈ। ਗੁਰੂ ਦਯਾਲੂ ਹੋ ਕੇ ਦੁਰਮਤਿ ਦੀ ਮੈਲ ਧੋਂਦਾ ਤੇ ਸਿਖ ਦੇ ਔਗੁਣਾਂ ਦੇ ਬੰਧਨ ਕੱਟਦਾ ਹੈ। ਸ਼ਰਤ ਇਕੋ ਹੈ ਕਿ ਸੇਵਕ ਆਪਣਾ ਆਪ ਗੁਰੂ ਦੇ ਹਵਾਲੇ ਕਰ ਦੇਵੇ ਤੇ ਕੋਈ ਮਨੋ ਕਾਮਨਾ ਨ ਰਖੇ :

ਮਨੁ ਬੇਚੈ ਸਤਿਗੁਰ ਕੇ ਪਾਸਿ। ਤਿਸੁ ਸੇਵਕ ਕੇ ਕਾਰਜ ਰਾਸਿ
ਸੇਵਾ ਕਰਤ ਹੋਇ ਨਿਹਕਾਮੀ। ਤਿਸ ਕਉ ਹੋਤ ਪਰਾਪਤਿ ਸੁਆਮੀ।

ਫਿਰ ਆਪਣੇ ਆਪ ਅੰਧੇਰੇ ਵਿਚ ਚਾਨਣ ਹੁੰਦਾ ਤੇ ਤਪਤ ਸੀਨੇ ਵਿਚ ਸ਼ਾਂਤ ਵਰਤਦੀ ਹੈ। ਇਸ ਪ੍ਰਕਾਸ਼ ਵਿਚ ਮੁੜ ਨਿਰਗੁਣ ਸਰਗੁਣ ਦਾ ਭੇਦ ਨਹੀਂ ਲਗਦਾ, ਸਾਰੇ ਇਕੋ ਬ੍ਰਹਮ ਦੀ ਜੋਤਿ ਵਿਆਪਕ ਦਿਸਦੀ ਹੈ।

(੧੯) ਗੁਰੂ ਦੀ ਸਿਖਿਆ ਦਾ ਸਾਰ ਇਹ ਹੈ ਕਿ ਪ੍ਰਭੂ ਦਾ ਸਿਮਰਨ ਅਮੁਲੀ ਵਸਤੁ ਹੈ ਤੇ ਵਿਸ਼ੇ-ਵਿਕਾਰ ਭਸਮਾਭੂਤ ਹੋਣ ਵਾਲੇ ਛਿਨ-ਭੰਗਰ ਹਨ। ਇਸ ਕਰਕੇ ਨਾਮ ਦੌਲਤ ਇਕੱਤਰ ਕਰੋ, ਉਸਦੇ ਗੁਣ ਗਾਓ, ਇਹੋ ਕਾਇਆ-ਕਲਪ ਕਰਨ ਵਾਲੀ ਵਿਧੀ ਹੈ। ਜੇ ਇਕ ਤੇ ਭਰੋਸਾ ਟਿਕਾਓਗੇ ਤਾਂ ਸਾਰੇ ਰੋਗ ਆਪਣੇ ਆਪ ਨਵਿਰਤ ਹੋ ਜਾਣਗੇ। ਇਹ ਧਨ, ਇਹ ਖੁਸ਼ੀਆਂ ਤੇ ਇਹ ਪ੍ਰਭੁਤਾ ਸਭ ਨਾਮ ਦੀ ਬਰਕਤ ਹਨ ਇਸ ਕਰਕੇ ਇਹ ਪ੍ਰਭੂ ਦੀ ਯਾਦ ਹੀ ਜੀਵਨ ਦਾ ਅਨੰਦ ਦੇਣ ਵਾਲੀ ਹੈ।

'ਗੁਨ ਗਾਵਤ ਤੇਰੀ ਉਤਰਸਿ ਮੈਲੁ। ਬਿਨਸਿ ਜਾਇ ਹਉਮੈ ਬਿਖੁ ਫੈਲੁ
ਹੋਹਿ ਅਚਿੰਤੁ ਬਸੈ ਸੁਖ ਨਾਲਿ। ਸਾਸਿ ਗ੍ਰਾਸਿ ਹਰਿਨਾਮੁ ਸਮਾਲਿ।੭।

INSTITUTE OF ADVANCED STUDY
Acc. No. 77050
15-10-91

(੨੦) ਗੁਰੂ ਨੂੰ ਪਾ ਕੇ ਜਾਂ ਗੁਰੂ ਦੀ ਸਿਖਿਆ ਮਾਤਰ ਹਾਸਲ ਕਰਕੇ ਗੱਲ ਮੁਕ ਨਹੀਂ ਜਾਂਦੀ ਸਗੋਂ ਗੁਰੂ ਸਾਹਿਬ ਇਹ ਸਮਝਾਉਂਦੇ ਹਨ ਕਿ ਉਸ ਪ੍ਰਭੂ ਦੇ ਅਗੇ ਆਤਮ-ਸਮਰਪਣ ਕਰਕੇ ਸਾਡਾ ਕੰਮ ਜੋਦੜੀ ਕਰਨਾ ਹੈ ਤੇ ਇਸ ਬੇਨਤੀ ਨੂੰ ਫਲ ਲਾਉਣਾ ਉਸਦੀ ਆਪਣੀ ਮਰਜ਼ੀ ਹੈ। ਇਸ ਕਰਕੇ ਇਸ ਅਸਟਪਦੀ ਵਿਚ ਸ਼ਰਣ ਪੈਣ ਤੇ ਨਾਮ ਦਾਨ ਮੰਗਣ ਦੀ ਬਾਰ ਬਾਰ ਤਾਕੀਦ ਹੈ :

ਜਾਚਕ ਜਨੁ ਜਾਚੈ ਪ੍ਰਭ ਦਾਨੁ । ਕਰਿ ਕਿਰਪਾ ਦੇਵਹੁ ਹਰਿਨਾਮੁ ।
ਸਾਧ ਜਨਾ ਕੀ ਮਾਂਗਉ ਧੂਰਿ । ਪਾਰਬ੍ਰਹਮ ਮੇਰੀ ਸਰਧਾ ਪੂਰਿ
ਸਦਾ ਸਦਾ ਪ੍ਰਭ ਕੇ ਗੁਨ ਗਾਵਉ । ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ।

ਉਹ ਕਿਉਂ ਭੁੱਲੇ ਜੋ ਜ਼ਿੰਦਗੀ ਦੀ ਵੀ ਜਿੰਦ ਜਾਨ ਹੈ। ਇਸ ਕਰਕੇ ਸੱਜਣਾਂ ਸੰਗੀਆਂ ਨੂੰ ਵੀ ਇਹੋ ਦ੍ਰਿੜ੍ਹ ਕਰਾਇਆ ਹੈ ਕਿ ਕੇਵਲ ਸਿਮਰਨ ਵਿਚ ਲਗੇ ਰਹੋ ।

'ਸਾਜਨ ਸੰਤ ਕਰਹੁ ਇਹੁ ਕਾਮੁ । ਆਨ ਤਿਆਗਿ ਜਪਹੁ ਹਰਿ ਨਾਮੁ ।

ਉਹ ਪ੍ਰਭੂ ਬਖਸ਼ੰਦ ਹੈ, ਅਨਾਥਾਂ ਦਾ ਨਾਥ ਸਰਬ ਪ੍ਰਤਿਪਾਲਕ ਹੈ। ਉਸਦੇ ਗੁਣ ਗਾਉਣ ਨਾਲ ਮੁਕਤੀਆਂ ਤੇ ਬੈਕੁੰਠ ਵਿਚੇ ਆ ਜਾਂਦੇ ਹਨ। ਰਾਜ ਭਾਗ ਤੇ ਹੋਰ ਚੰਗਾ ਖਾਣਾ ਪਹਿਨਣ, ਰਹਿਣ ਸਹਿਣ, ਐਸ਼ਵਰਯ ਸਭ ਉਸ ਦੀ ਮਿਹਰ ਹੈ ਇਸ ਕਰਕੇ ਉਸਨੂੰ ਮਨ ਵਿਚ ਵਸਾਉਣਾ ਬੁਨਿਆਦੀ ਗੱਲ ਹੈ ।

(੨੧) ਪਰਮ ਸਤਿ ਦੀ ਏਕਤਾ ਤੇ ਸਮਰੱਥਾ ਦ੍ਰਿੜ੍ਹ ਕਰਾਉਂਦਿਆਂ ਇਹ ਗੱਲ ਹੋਰ ਆਖੀ ਗਈ ਹੈ ਕਿ ਨਿਰਗੁਣ ਤੇ ਸਰਗੁਣ ਸਰੂਪ ਧਾਰਨ ਵਾਲੀ ਇਕੋ ਇਕ ਸ਼ਕਤੀ ਹੈ। ਇਸ ਸ੍ਰਿਸ਼ਟੀ ਰਚਨਾ ਦਾ ਖੇਡ ਨਾ ਮਾਇਆ ਦੀ ਪੈਦਾਵਾਰ ਹੈ, ਨ ਤ੍ਰੈਗਣ ਦੀ ਤੇ ਨਾ ਹੀ ਕਰਮ ਗਤਿ ਦੀ; ਇਹ ਤਾਂ ਸਭ ਪ੍ਰਭੂ ਦੀ ਆਪਣੀ ਲੀਲ੍ਹਾ ਹੈ। ਮੀਮਾਂਸਾ ਦਾ ਵਿਚਾਰ ਹੈ ਕਿ ਸ੍ਰਿਸ਼ਟੀ ਰਚਨਾ ਦਾ ਮੂਲ ਸੰਚਾਲਕ ਕਰਮ ਹੈ। ਗੁਰੂ ਸਾਹਿਬ ਇਸਤੇ ਕਿੰਤੂ ਕਰਦੇ ਹਨ ਕਿ ਜਦੋਂ ਕੋਈ ਹੈ ਹੀ ਨਹੀਂ ਸੀ, ਕਰਮ ਕਿਸ ਕੀਤੇ ਤੇ ਪਾਪ ਪੁੰਨ ਦਾ ਮਸਲਾ ਕਿਵੇਂ ਛਿੜ ਪਿਆ। ਵੇਦਾਂਤ ਕਹਿੰਦਾ ਹੈ ਕਿ ਬ੍ਰਹਿਮ ਨੂੰ ਮਾਇਆ ਵਿਆਪ ਗਈ ਤਾਂ ਜੀਵ ਬਣ ਗਿਆ, ਗੁਰੂ ਸਾਹਿਬ ਦਾ ਇਤਰਾਜ਼ ਹੈ :

'ਜਹ ਅਛਲ ਅਛੇਦ ਅਭੇਦ ਸਮਾਇਆ
ਊਹਾਂ ਕਿਸਹਿ ਬਿਆਪਤ ਮਾਇਆ ।'

ਸੋ ਗੁਰੂ ਸਿਧਾਂਤ ਇਹ ਹੈ ਕਿ ਆਦਿ ਅੰਤ ਵਿਚ, ਉਹੋ ਸਭ ਕੁਝ ਕਰਨ ਕਰਾਵਨਹਾਰ ਹੈ ।

(੨੨) ਉਹੋ ਸਰਬ ਵਿਆਪਕ ਹੋ ਕੇ ਸਾਰੀ ਸ੍ਰਿਸ਼ਟੀ ਵਿਚ ਹੈ। ਉਹ ਆਪਣੇ ਕਰਤੱਬਾਂ ਤੋਂ ਵੀ ਜਾਣੂ ਹੈ, ਹਰ ਜੀਅਜੰਤ ਦੀ ਪ੍ਰਤਿਪਾਲਣਾ ਕਰਦਾ ਤੇ ਅੰਤਰਜਾਮੀ ਹੋ ਕੇ ਸਭ ਦੇ ਦਿਲ ਦੀ ਜਾਣਦਾ ਹੈ। ਜਿਸਨੂੰ ਉਸ ਦੇ ਹੁਕਮ ਦੀ ਸੋਝੀ ਹੋ ਗਈ ਤੇ ਜਿਸਦੇ ਅੰਦਰ ਉਹ ਵਸ ਗਿਆ ਉਹ ਨਿਰਵੈਰ ਹੋ ਜਾਂਦਾ ਹੈ, ਲੋਕ ਪਰਲੋਕ ਸਵਾਰ ਲੈਂਦਾ ਹੈ। ਜੋ ਵੀ ਕੋਈ ਨਿਰਭੈ ਹਸਤੀ ਦਾ ਧਿਆਨ ਧਰਦਾ ਹੈ, ਉਹ ਖੁਦ ਨਿਰਭੈ ਹੋ ਜਾਂਦਾ ਹੈ :

'ਨਿਰਭਉ ਜਪੈ ਸਗਲ ਭਉ ਮਿਟੈ
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ।'

ਨਿਰਭੈਤਾ ਦੀ ਅਵਸਥਾ ਸੁਤੰਤ੍ਰਤਾ ਦੀ ਅਵਸਥਾ ਹੈ ਤੇ ਇਸ ਨਾਲ ਮਨੁਖ ਦਾ ਰੁਤਬਾ ਉੱਚਾ ਹੁੰਦਾ ਹੈ । ਸਿਮਰਨ ਵਿਚ ਮਗਨ ਵਿਅਕਤੀ ਅਮਰ ਪਦਵੀ ਪਾ ਲੈਂਦਾ ਤੇ ਕਾਲ ਵੀ ਉਸਨੂੰ ਭੈਭੀਤ ਨਹੀਂ ਕਰ ਸਕਦਾ :—

'ਜਿਸੁ ਮਨਿ ਬਸੈ ਸੋ ਹੋਤ ਨਿਹਾਲੁ
ਤਾਂ ਕੈ ਨਿਕਟਿ ਨ ਆਵਤ ਕਾਲੁ ।
ਅਮਰ ਭਏ ਅਮਰਾਪਦ ਪਾਇਆ ।
ਸਾਧਸੰਗ ਨਾਨਕ ਹਰਿ ਧਿਆਇਆ ।੮।

(੨੩) ਗੁਰੂ ਦੇ ਧਿਆਨ ਦੀ ਬਖਸ਼ਿਸ਼ ਬਾਦ ਅਨ੍ਹੇਰਾ ਮਿਟ ਜਾਂਦਾ ਤੇ ਅੰਦਰ ਚਾਨਣ ਹੋ ਜਾਂਦਾ ਹੈ । ਇਹ ਸੰਤਾਂ ਦੀ ਸੰਗਤ ਦਾ ਨਤੀਜਾ ਹੈ ਕਿ ਪ੍ਰਭੂ ਅੰਦਰ ਦਿਸਣ ਲਗ ਪੈਂਦਾ ਤੇ ਉਸਦਾ ਨਾਮ ਚੰਗਾ ਲਗਣ ਲੱਗ ਜਾਂਦਾ ਹੈ । ਇਹ ਨਾਮ ਹੀ ਅੰਮ੍ਰਿਤ ਹੈ ਤੇ ਨਾਮ ਹੀ ਨੌ ਨਿਧਿ, ਲੇਕਿਨ ਇਹ ਦੂਰ ਵੀ ਨਹੀਂ, ਸਾਡੀ ਦੇਹੀ ਅੰਦਰ ਇਸਦਾ ਵਾਸਾ ਹੈ ਪਰ ਇਹ ਸੋਝੀ ਆਉਂਦੀ ਉਸਨੂੰ ਹੈ ਜਿਸਨੂੰ ਉਹ ਆਪ ਸੁਝਾਵੇ ਫਿਰ ਤਾਂ ਉਸਦੀ ਜੋਤਿ ਧਰਤੀ ਆਕਾਸ਼, ਜਲ ਥਲ, ਜੰਗਲ ਪਹਾੜ ਚਾਰੇ ਕੂੰਟਾਂ ਵਿਚ ਸਮਾਈ ਦ੍ਰਿਸ਼ਟਮਾਨ ਹੋ ਜਾਂਦੀ ਹੈ । ਸਾਰੇ ਸਰੀਰ ਉਸੇ ਦੇ ਸਰੀਰ ਜਾਪਦੇ ਹਨ, ਸਾਰੀ ਦ੍ਰਿਸ਼ਟਿ ਸ਼ਕਤੀ ਤੇ ਸ੍ਰਵਣ ਸ਼ਕਤੀ ਉਸੇ ਦਾ ਜਲਵਾ ਦਿਸਦੀ ਹੈ । ਜਿਸ ਨੂੰ ਇਹ ਸਮਝ ਆ ਗਈ, ਜਿਸ ਇਸ ਰਹੱਸ ਨੂੰ ਪਛਾਣ ਲਿਆ, ਉਹੋ ਧਨਵੰਤ, ਪਤਵੰਤਾ ਤੇ ਉਹੋ ਸੱਚਾ ਜੀਵਨ ਮੁਕਤ ਹੈ । ਉਹ ਆਪ ਦੁਖਾਂ ਭਰਮਾਂ ਤੋਂ ਛੁਟਕਾਰਾ ਪਾਉਂਦਾ ਹੈ ਤੇ ਹੋਰਾਂ ਨੂੰ ਛੁਟਕਾਰਾ ਦਿਵਾਉਂਦਾ ਹੈ ।

ਆਪ ਮੁਕਤੁ ਮੁਕਤੁ ਕਰੈ ਸੰਸਾਰ ।
ਨਾਨਕ ਤਿਸ ਜਨ ਕਉ ਸਦਾ ਨਮਸਕਾਰੁ ।੮।

(੨੪) ਅੰਤਮ ਅਸਟਪਦੀ ਵਿਚ ਸਰਵੇਪੂਰਨਤਾ ਦਾ ਗੀਤ ਗਾਇਆ ਗਿਆ ਹੈ ਕਿ ਅਸਾਂ ਪੂਰਨ ਪੁਰਖ ਦਾ ਆਦਰਸ਼ ਸਨਮੁੱਖ ਰੱਖ ਕੇ ਤੇ ਪਰਿਪੂਰਨ ਪਰਮਾਤਮਾ ਦੇ ਗੁਣ ਗਾ ਗਾ ਕੇ ਜੀਵਨ ਦੀ ਸੰਪੂਰਨਤਾ ਪਾ ਲਈ । ਗੁਰੂ ਦੀ ਸਿਖਿਆ ਦਾ ਸਾਰ ਇਹ ਹੈ ਪਾਰਬ੍ਰਹਮ ਨੂੰ ਆਪਣੇ ਨਿਕਟ ਵਸਦਾ ਜਾਣਿਆ ਜਾਵੇ ਫਿਰ ਕਿਸੇ ਭੁੱਲ ਦੀ ਗੁੰਜ਼ੈਸ਼ ਨਹੀਂ ਰਹਿ ਜਾਂਦੀ । ਗੁਰੂ-ਸਿਧਾਂਤ ਵਿਚ ਹਰਿ ਸਿਮਰਨ ਹੀ ਸਰੇਸ਼ਟ ਸਾਧਨ ਹੈ, ਇਸ ਸਿਧਾਂਤ ਨੂੰ ਜੋ ਵੀ ਪਰਵਾਣ ਕਰਦਾ ਹੈ ਉਹ ਦੁਖਾਂ ਰੋਗਾਂ ਤੇ ਸੰਕਟਾਂ ਤੋਂ ਪਾਰ ਉਤਰ ਜਾਂਦਾ ਹੈ । ਸੋ ਸੁਖਮਨੀ-ਸਹਿਜ ਗੋਬਿੰਦ ਗੁਨ ਨਾਮ' ਹੀ ਹੈ । ਇਸ ਦੇ ਨਾਮ ਨਾਲ ਹੀ ਮਨੁਖ ਦੇ ਸੰਕਟ ਕੱਟੇ ਜਾਂਦੇ ਤੇ ਪਰਮ-ਅਨੰਦ ਦੀ ਪ੍ਰਾਪਤੀ ਹੁੰਦੀ ਹੈ । ਅੰਤ ਵਿਚ ਫਿਰ ਨਾਮ ਜਪਣ ਵਾਲੇ ਦੀ ਮਹਿਮਾ ਦੁਹਰਾਈ ਹੈ ।

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ।
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ
ਜਨਮ ਮਰਨ ਤਾਂਕਾ ਦੂਖੁ ਨਿਵਾਰੈ ।

ਦੁਲਭ ਦੇਹ ਤਤਕਾਲ ਉਧਾਰੈ ।
ਨਿਰਮਲ ਸੋਭਾ ਅੰਮ੍ਰਿਤ ਤਾਂਕੀ ਬਾਨੀ ।
ਏਕੁ ਨਾਮੁ ਮਨ ਮਾਹਿ ਸਮਾਨੀ ।
ਦੂਖ ਰੋਗ ਬਿਨਸੈ ਭੈ ਭਰਮ ।
ਸਾਧ ਨਾਮ ਨਿਰਮਲ ਤਾਂਕੇ ਕਰਮ ।
ਸਭ ਤੇ ਊਚ ਤਾਂ ਕੀ ਸੋਭਾ ਬਨੀ ।
ਨਾਨਕ ਇਹ ਗੁਣਿ-ਨਾਮੁ ਸੁਖਮਨੀ ।੮।੨੪ ।

# 'ਸੁਖਮਨੀ' ਦਾ ਰਹੱਸਵਾਦ

ਸਾਡੇ ਬੋਧ ਦਾ ਵਸੀਲਾ ਗਿਆਨ ਇੰਦ੍ਰੇ ਹਨ ਤੇ ਇੰਦ੍ਰਿਆਂ ਰਾਹੀਂ ਪ੍ਰਾਪਤ ਸਮੱਗਰੀ ਨੂੰ ਬੁੱਧੀ, ਵਿਸਲੇਸ਼ਨ ਕਰ ਕਰਕੇ ਗਿਆਨ ਦੀ ਇਮਾਰਤ ਖੜੀ ਕਰਦੀ ਹੈ। ਇੰਦ੍ਰਿਆਂ ਦੀ ਪਹੁੰਚ ਬਾਹਰਲੇ ਦਿਸਦੇ ਜਗਤ ਨਾਲ ਹੈ, ਅੰਦਰਲਾ ਅਦ੍ਰਿਸ਼ਟ ਜਗਤ ਉਨ੍ਹਾਂ ਦੇ ਘੇਰੇ ਵਿਚ ਨਹੀਂ ਆਉਂਦਾ। ਸੋ ਅਣਦਿਸਦੀ ਸੱਤਾ ਨਾਲ ਸੰਬੰਧ ਪਾਉਣਾ ਤੇ ਉਸ ਨਾਲ ਅਭੇਦ ਹੋ ਜਾਣਾ ਇਕ ਭੇਦ-ਭਰੀ ਗੱਲ ਹੈ, ਰਹੱਸ ਦੀ ਬਾਤ ਹੈ। ਸਾਡੇ ਆਮ ਗਿਆਨ ਦਾ ਸੰਬੰਧ ਬੋਧਿਕ ਚੇਤਨਾ ਨਾਲ ਹੈ ਪਰ ਇਹ ਅਨੁਭਵੀ ਚੇਤਨਾ ਇਸ ਤੋਂ ਬਿਲਕੁਲ ਵਿਲੱਖਣ ਹੈ। ਪਹਿਲੀ ਗੱਲ ਤਾਂ ਇਹ ਕਿ ਉਹ ਸਰਬ ਵਿਆਪਕ ਨਿਰਾਕਾਰ ਸੱਤਾ ਅਜੇਹੀ ਹੈ, ਜੋ ਇੰਦ੍ਰੇ ਗੋਚਰ ਨਹੀਂ। ਫਿਰ ਸਾਡੀ ਆਤਮਾ ਦਾ ਉਸ ਨਾਲ ਸਬੰਧ ਜੋੜਨਾ ਵੀ ਇਕ ਅਨੋਖੀ ਘਟਨਾ ਹੈ। ਪੁਰਾਤਨ ਭਾਰਤੀ ਪਰੰਪਰਾ ਵਿਚ ਇਸ ਮੇਲ ਦੀਆਂ ਚਾਰ ਅਵਸਥਾਵਾਂ ਚਿਤਵੀਆਂ ਗਈਆਂ ਹਨ—

ਜਾਗ੍ਰਤਿ, ਸ੍ਵਪਨ ਸੁਖੋਪਤਿ, ਤੁਰੀਆ (ਸਮਾਧਿ)

ਜਦੋਂ ਸਾਡਾ ਮਨ ਜਾਗ੍ਰਿਤ ਤੋਂ ਸੁਪਨ ਵਲ ਜਾਂਦਾ ਹੈ ਤਾਂ ਅਸੀਂ ਬਾਹਰਲੀ ਦੁਨੀਆਂ ਤੋਂ ਬਿਲਕੁਲ ਵੱਖਰੇ ਹੋ ਜਾਂਦੇ ਹਾਂ। ਸੁਖੋਪਤਿ ਸਮੇਂ ਸਾਡਾ ਆਪਾ ਆਤਮ-ਲੀਨ ਹੋ ਜਾਂਦਾ ਹੈ, ਸਮਾਧਿ ਐਸੀ ਅਵਸਥਾ ਹੈ ਜਦੋਂ ਇਹ ਪਰਮਸੱਤਾ ਨਾਲ ਇਕਮਿਕ ਹੋ ਕੇ ਅਦਭੁਤ ਅਨੰਦ ਮਾਣਦਾ ਹੈ। ਇਸ ਅਨੰਦ ਨੂੰ ਸੰਤਾਂ, ਸੂਫੀਆਂ ਪਰਮਪਦ, ਚਉਥਾਪਦ, ਤੁਰੀਆ ਪਦ, ਸਹਿਜ ਪਦ ਜਾਂ ਦਰਜਾਇ ਮਾਰਫਤ ਕਹਿਕੇ ਆਖਰੀ ਅਵਸਥਾ ਵਰਨਣ ਕੀਤਾ ਹੈ— ਇਹ ਪਰਸੱਤਾ ਦਾ ਪ੍ਰਤੱਖ ਵਰਗਾ ਸਾਖਿਆਤਕਾਰ, ਰਹੱਸਵਾਦ ਕਹਾਉਂਦਾ ਹੈ। ਵੈਦਿਕ ਰਿਸ਼ੀ, ਉਪਨਿਸ਼ਧਾਂ ਦੇ ਰਚਿਯਤਾ ਮੁਨੀ ਇਸ ਅਨੁਭਵ ਦੇ ਗਿਆਤਾ ਸਨ। ਭਗਤੀ ਲਹਿਰ ਦੇ ਸੰਤਾਂ ਸਾਧੂਆਂ ਵੀ ਇਸ ਰਸ ਨੂੰ ਮਾਣਿਆ ਪਰ ਉਨ੍ਹਾਂ ਇਸ ਨੂੰ 'ਗੂੰਗੇ ਦਾ ਗੁੜ' ਕਹਿਕੇ ਸਲਾਹਿਆ। ਤਾਤਪ੍ਰਯ ਇਹੋ ਸੀ ਕਿ ਜਿਵੇਂ ਗੂੰਗਾ ਗੁੜ ਖਾ ਕੇ ਮਿਠਾਸ ਦਾ ਅਨੁਭਵ ਤਾਂ ਕਰਦਾ ਹੈ ਪਰ ਦੱਸ ਨਹੀਂ ਸਕਦਾ ਇਵੇਂ ਰਹੱਸ ਦਾ ਸੁਆਦ ਲੈਣ ਵਾਲਾ ਇਸਦਾ ਬਿਆਨ ਕਰਨੋਂ ਅਸਮਰੱਥ ਹੈ। ਇਸ ਤੋਂ ਇਲਾਵਾ ਦੰਪਤੀ ਪ੍ਰਤੀਕ ਦੁਆਰਾ ਪ੍ਰਭ-ਵਿਯੋਗ ਸੰਯੋਗ ਨੂੰ ਕਈ ਪਰਕਾਰ ਨਾਲ ਗਾਂਵਿਆ ਗਿਆ ਹੈ। ਗੁਰੂਆਂ ਵੀ ਇਸੇ ਅਲੰਕਾਰ ਨੂੰ ਅਤਿ ਸੁੰਦਰ ਬਣਾ ਕੇ ਵਰਤਿਆ। ਇਸ ਤਰ੍ਹਾਂ ਰਹੱਸਵਾਦ ਇਕ ਤਰ੍ਹਾਂ ਦੀ ਬੁਝਾਰਤ ਸੀ ਜਿਸਨੂੰ ਸੰਕੇਤਾਂ, ਇਸ਼ਾਰਿਆਂ ਜਾਂ ਪ੍ਰਤੀਕਾਂ ਦੁਆਰਾ ਹੀ ਨਿਰੂਪਣ ਕੀਤਾ ਜਾਂਦਾ ਰਿਹਾ। ਇਸਦੇ ਗਿਆਤਾ ਉਹੋ ਸਨ ਜੋ ਇਸ ਮਾਰਗ ਦੇ ਪਾਂਧੀ ਸਨ, ਇਨ੍ਹਾਂ ਅਨੁਭਵ ਕਰਕੇ ਇਸਨੂੰ ਭਾਸ਼ਾ ਦੇ ਸੀਮਤ ਸਾਧਨ ਰਾਹੀਂ ਪ੍ਰਗਟਾਉਣ ਦਾ ਭਰਪੂਰ ਜਤਨ ਕੀਤਾ। ਇਹ ਅਲੰਕਾਰਕ ਤਰੀਕਾ—ਰੂਪਕ ਤੇ ਪ੍ਰਤੀਕ ਦਾ ਸੀ। ਇਸਦਾ ਲਾਭ ਇਹ ਹੋਇਆ ਕਿ ਜਿਸ ਬਾਰੇ ਗੱਲ ਕਰਨੀ ਔਖੀ ਜਾਂ

ਅਸੰਭਵ ਕਹੀ ਜਾਂਦੀ ਸੀ ਉਸਨੂੰ ਗੱਲ ਬਾਤ ਤੇ ਵਿਚਾਰ ਦਾ ਵਿਸ਼ਾ ਤਾਂ ਬਣਾਇਆ ਗਿਆ ਤੇ ਸੰਕੇਤਾਂ ਨਾਲ ਕੁਝ ਕੁਝ ਸਮਝਾਇਆ ਵੀ ਗਿਆ।

ਜੇ ਅਸੀਂ ਗਹੁ ਨਾਲ ਦੇਖੀਏ ਤਾਂ ਪਹਿਲੇ ਇਹ ਕਿ ਦ੍ਰਿਸ਼ਟਮਾਨ ਸੰਸਾਰ ਵਿਆਪਕਤਾ ਕਾਰਣ ਆਪਣੇ ਆਪ ਇਕ ਰਹੱਸ ਹੈ, ਫਿਰ ਦ੍ਰਿਸ਼ਟਮਾਨ ਦੇ ਅਦ੍ਰਿਸਟ ਕਰਤਾ ਦੀ ਹਸਤੀ ਅਗੰਮ ਅਗੋਚਰ ਹੋਣ ਕਰਕੇ ਬਿਲਕੁਲ ਹੀ ਪਰਮ ਰਹੱਸ ਦੀ ਵਸਤੂ ਹੈ। ਇਸ ਤੋਂ ਅੱਗੇ ਸਾਡੀ ਸੂਖਮ ਆਤਮਾ ਦਾ ਉਸ ਸਰਬ ਵਿਆਪਕ, ਸੱਤਾ ਨਾਲ ਮੇਲ, ਇਹ ਵੀ ਅਨੋਖਾ ਸੰਕਲਪ ਹੈ ਜਿਸਨੂੰ ਸਾਕਾਰ ਕਰਨਾ ਕੋਈ ਸੌਖੀ ਗੱਲ ਨਹੀਂ, ਇਸ ਤੋਂ ਪਿਛੋਂ ਇਸ ਆਤਮਾ ਦੀ ਪਰਮਾਤਮਾ ਨਾਲ ਇਕਮਿੱਕਤਾ ਸਭ ਤੋਂ ਵਧ ਡੂੰਘਾ ਰਹੱਸ। ਕਿਥੇ ਮਨੁੱਖ ਤੇ ਕਿਥੇ ਰੱਬ, ਇਹ ਰਿਸ਼ਤਾ ਇਕ ਅਨੋਖੀ ਜੇਹੀ ਗੱਲ ਜਾਪਦੀ ਹੈ। ਹੁਣ ਦੀ ਪਦਾਰਥਵਾਦੀ ਦੁਨੀਆਂ ਤਾਂ ਇਸਨੂੰ ਅਣਹੋਣਾ ਦੱਸ ਕੇ ਇਸ ਤੇ ਉਂਜ ਪਰਦਾ ਪਾਉਂਦੀ ਆ ਰਹੀ ਹੈ। ਗੱਲ ਬੜੀ ਸਪਸ਼ਟ ਹੈ ਕਿ ਪਦਾਰਥਕ ਰਿਸ਼ਤਿਆਂ ਦਾ ਤਾਂ ਇੰਦ੍ਰਿਆਂ ਦੁਆਰਾ ਬੋਧ ਸੰਭਵ ਹੈ ਪਰ ਅਪਦਾਰਥਕ ਜੇਹੇ ਅਦ੍ਰਿਸ਼ਟ, ਅਮੂਰਤ ਸੰਬੰਧਾਂ ਦੀ ਚਰਚਾ ਕੌਣ ਤੇ ਕਿਵੇਂ ਕੋਈ ਕਰ ਸਕਦਾ, ਇਹੋ ਗੁੱਝਾ ਭੇਦ ਹੈ। ਪੱਛਮੀ ਵਿਦਵਾਨ ਸਪਰਜਿਅਨ ਦੇ ਲਿਖਣ ਅਨੁਸਾਰ ਇਹ ਕੋਈ ਫਿਲਾਸਫੀ ਨਹੀਂ ਸਗੋਂ ਇਕ ਉਚੀ ਅਧਿਆਤਮਕ ਅਵਸਥਾ ਹੈ, ਜੋ ਕਿ ਪਰਾ-ਸਰੀਰਕ ਹੋਣ ਕਰਕੇ ਅਦਭੁਤ ਭਾਂਤ ਦਾ ਰਹੱਸ ਹੀ ਹੈ। ਕਹਿੰਦੇ ਹਨ ਇਕ ਵਾਰ ਮੱਛੀਆਂ ਵਿਚ ਝਗੜਾ ਹੋ ਗਿਆ ਕਿ ਪਾਣੀ ਕੀ ਚੀਜ਼ ਹੈ ਤੇ ਇਹ ਕਿਥੇ ਹੈ, ਅਸੀਂ ਇਸਨੂੰ ਅੱਖੀਂ ਦੇਖਣਾ ਚਾਹੁੰਦੇ ਹਾਂ। ਇਹ ਬਹਿਸ ਬੜਾ ਚਿਰ ਚਲਦੀ ਰਹੀ। ਅਖੀਰ ਸਾਰੀਆਂ ਮੱਛੀਆਂ ਇਕ ਵੱਡੀ ਮੱਛੀ ਕੋਲ ਗਈਆਂ ਤੇ ਉਨ੍ਹਾਂ ਆਪਣੇ ਮਨ ਦੀ ਸ਼ੰਕਾ ਉਸਨੂੰ ਦੱਸੀ। ਉਸਨੇ ਕਿਹਾ, 'ਤੁਸੀਂ ਰਹਿੰਦੀਆਂ ਕਿਥੇ ਹੋ ?' ਤੁਹਾਡੇ ਆਲੇ ਦੁਆਲੇ ਕੀ ਚੀਜ਼ ਹੈ ?' ਇਹ ਗੱਲ ਸੁਣਕੇ ਉਹ ਹੈਰਾਨ ਰਹਿ ਗਈਆਂ ਤੇ ਬਾਹਰ ਨਿਕਲਣ ਦਾ ਨਾਂ ਨਾ ਲਿਆ।

ਇਸ ਸਾਰੇ ਰਹੱਸਮਈ ਰਿਸ਼ਤੇ ਨੂੰ ਦੱਸਣ ਲਈ ਕਲਾਕਾਰ ਕਵੀਆਂ, ਅਨੁਭਵੀ ਰਹੱਸਵਾਦੀਆਂ ਪ੍ਰਤੀਕਾਂ ਤੇ ਰੂਪਕਾਂ ਦਾ ਸਹਾਰਾ ਲਿਆ ਹੈ ਕਿ ਅਸੀਂ ਨਿਕੀਆਂ ਮੱਛੀਆਂ ਹਾਂ ਤੇ ਤੂੰ ਸਾਡਾ ਸ਼ਹੁ ਸਾਗਰ ਹੈਂ ਪਰ ਅਸੀਂ ਤੇਰਾ ਪਾਰ ਨਹੀਂ ਪਾ ਸਕਦੀਆਂ :—

ਤੂ ਦਰਿਆਉ ਦਾਨਾ ਬੀਨਾ, ਮੈਂ ਮਛਲੀ ਕੈਸੇ ਅੰਤ ਲਹਾ
ਜਹ ਜਹ ਦੇਖਾ ਤਹ ਤਹ ਤੂੰ ਹੈ, ਤੁਝ ਤੇ ਨਿਕਸੀ ਫੂਟਿ ਮਰਾ

(ਸਿਰੀ ੧)

ਸੁਖਮਨੀ ਸਾਹਿਬ, ਪਰਮ ਰਹੱਸਵਾਦੀ ਗੁਰੂ ਅਰਜਨ ਜੈਸੇ ਮਹਾਂਕਵੀ ਦੀ ਅਨੁਭਵੀ ਬਾਣੀ ਹੈ ਜਿਸ ਵਿਚ ਉਸਦਾ ਸਾਖਿਆਤਕਾਰ ਬੜੀ ਸਰਲਤਾ ਤੇ ਸਪਸ਼ਟਤਾ ਨਾਲ ਇਉਂ ਗਾਇਆ ਗਿਆ ਹੈ ਜਿਸ ਨਾਲ ਇਹ ਗੁੱਝਾ ਰਹੱਸ, ਰਹੱਸ ਨਹੀਂ ਰਹਿ ਜਾਂਦਾ ਸਗੋਂ ਇਕ ਪ੍ਰਤੱਖ ਅਨੁਭਵ ਦਿਸਦਾ ਹੈ। ਇਸ ਦਿਵਯ ਚਿਤ੍ਰ ਨੂੰ ਤੱਕ ਕੇ ਇਕ ਮੁਨਕਿਰ ਆਸਤਿਕ ਹੋ ਜਾਂਦਾ ਤੇ ਆਸਤਿਕ ਸ਼ਰਧਾਲੂ ਉਸਦੀ ਜਾਗਦੀ ਹਸਤੀ ਨੂੰ ਅੰਗ ਸੰਗ ਅਨੁਭਵ ਕਰਨ ਲੱਗ ਪੈਂਦਾ ਹੈ। ਇਹ ਪ੍ਰਬੀਨ ਸੁਖਮਨੀਕਾਰ ਦੀ ਕਲਾਕਾਰੀ ਸਫਲਤਾ ਹੈ ਕਿ ਉਸਦਾ ਪਾਠਕ ਇਸ ਅਨੁਭੂਤੀ ਦਾ ਸਹਿਯੋਗੀ ਹੋ ਜਾਂਦਾ ਹੈ।

ਸੋ ਅੰਤਰਿ ਸੋ ਬਾਹਰਿ ਅਨੰਤੁ
ਘਟਿ ਘਟਿ ਵਿਆਪ ਰਹਿਆ ਭਗਵੰਤੁ ।
ਧਰਨਿ ਮਾਹਿ ਅਕਾਸ ਪਇਆਲਿ
ਸਰਬ ਲੋਕ ਪੂਰਨ ਪ੍ਰਤਿਪਾਲ
ਬਨ ਤਿਨ ਪਰਬਤ ਹੈ ਪਾਰਬ੍ਰਹਮ
ਜੈਸੀ ਆਗਿਆ ਤੈਸਾ ਕਰਮੁ
ਪਉਣ ਪਾਣੀ ਬੈਸੰਤਰ ਮਾਹਿ
ਚਾਰ ਕੁੰਟ ਦਹਿਦਿਸਹਿ ਸਮਾਹਿ ।
ਤਿਸਤੇ ਭਿੰਨ ਨਹੀਂ ਕੋ ਥਾਉ
ਗੁਰ ਪ੍ਰਸਾਦਿ ਨਾਨਕ ਗੁਣ ਗਾਉ ।

## (1) ਸੰਸਾਰ ਦਾ ਰਹੱਸ

ਇਹ ਦ੍ਰਿਸਟਮਾਨ ਸੰਸਾਰ, ਵਿਵਿਧਤਾ ਤੇ ਵਿਆਪਕਤਾ ਕਾਰਣ ਇਕ ਅਦਭੁਤ ਅਜਾਇਬ-ਘਰ ਹੈ ਜਿਸ ਵਿਚ ਲੱਖਾਂ ਕਿਸਮ ਦੇ ਜੀਵ ਜੰਤੂ ਤੇ ਪ੍ਰਾਣੀ ਵਿਚਰਦੇ ਦਿਖਾਈ ਦਿੰਦੇ ਹਨ । ਸੂਰਜ, ਚੰਦ, ਸਤਾਰੇ, ਧਰਤੀਆਂ, ਖੰਡ, ਬ੍ਰਹਮੰਡ, ਬਨਸਪਤੀ, ਦੇਵਤੇ, ਦੈਂਤ, ਯੱਖ, ਕਿੰਨਰ, ਪਿਸ਼ਾਚ ਤੇ ਮਨੁੱਖ ਸਭੋ ਕੁਝ ਅਦਭੁਤ ਹੈ । ਫਿਰ ਇਹ ਸਾਰਾ ਕੁਝ ਉਸੇ ਦੇ ਹੁਕਮ ਹੇਠ ਚਲ ਰਿਹਾ ਹੈ, ਜਿਵੇਂ ਉਸਨੂੰ ਭਾਉਂਦਾ ਹੈ, ਉਹ ਤਿਵੇਂ ਸਭ ਨੂੰ ਚਲਾਉਂਦਾ ਹੈ ।

ਕਈ ਕੋਟਿ ਸਿਧ ਜਤੀ ਜੋਗੀ । ਕਈ ਕੋਟਿ ਰਾਜੇ ਰਸ ਭੋਗੀ
ਕਈ ਕੋਟਿ ਪੰਖੀ ਸਰਪ ਉਪਾਏ । ਕਈ ਕੋਟਿ ਪਾਥਰ ਬਿਰਖ ਨਿਪਜਾਏ
ਕਈ ਕੋਟਿ ਪਵਣ ਪਾਣੀ ਬੈਸੰਤਰ । ਕਈ ਕੋਟਿ ਦੇਸ ਭੂ ਮੰਡਲ
ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ । ਕਈ ਕੋਟ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ
ਸਗਲ ਸਮਗ੍ਰੀ ਅਪਨੈ ਸੂਤਿ ਧਾਰੈ । ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ । ੩ ।
ਕਈ ਕੋਟਿ ਰਾਜਸ ਤਾਮਸ ਸਾਤਕ । ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ੍ਰ ।
ਕਈ ਕੋਟਿ ਕੀਏ ਰਤਨ ਸਮੁਦ । ਕਈ ਕੋਟਿ ਨਾਨਾ ਪ੍ਰਕਾਰ ਜੰਤ
ਕਈ ਕੋਟਿ ਕੀਏ ਚਿਰ ਜੀਵੇ । ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ
ਕਈ ਕੋਟਿ ਜਖ੍ਯ ਕਿੰਨਰ ਪਿਸਾਚ । ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ।
ਸਭ ਤੇ ਨੇਰੈ ਸਭਹੂ ਤੇ ਦੂਰਿ । ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ । ੪ ।
ਕਈ ਕੋਟਿ ਪਾਤਾਲ ਕੇ ਵਾਸੀ । ਕਈ ਕੋਟਿ ਨਰਕ ਸੁਰਗ ਨਿਵਾਸੀ ।
ਕਈ ਕੋਟਿ ਜਨਮਹਿ ਜੀਵਹਿ ਮਰਹਿ । ਕਈ ਕੋਟਿ ਬਹੁ ਜੋਨੀ ਫਿਰਹਿ

ਕਈ ਕੋਟਿ ਬੈਠਤ ਹੀ ਖਾਹਿ । ਕਈ ਕੋਟਿ ਘਾਲਹਿ ਥਕਿ ਪਾਹਿ
ਕਈ ਕੋਟਿ ਕੀਏ ਧਨਵੰਤ । ਕਈ ਕੋਟਿ ਮਾਇਆ ਮਹਿ ਚਿੰਤ
ਜਹ ਜਹ ਭਾਣਾ ਤਹ ਤਹ ਰਾਖੇ । ਨਾਨਕ ਸਭੁ ਕਿਛੁ ਪ੍ਰਭੁ ਕੈ ਹਾਥੇ । ੫ ।
ਕਈ ਕੋਟਿ ਭਏ ਬੈਰਾਗੀ । ਰਾਮ ਨਾਮ ਸੰਗਿ ਤਿਨ ਲਿਵ ਲਾਗੀ
ਕਈ ਕੋਟਿ ਪ੍ਰਭ ਕਉ ਖੋਜੰਤੇ । ਆਤਮ ਮਹਿ ਪਾਰਬ੍ਰਹਮੁ ਲਹੰਤੇ
ਕਈ ਕੋਟਿ ਦਰਸਨ ਪ੍ਰਭੁ ਪਿਆਸ । ਤਿਨ ਕਉ ਮਿਲਿਓ ਪ੍ਰਭੁ ਅਬਿਨਾਸ
ਕਈ ਕੋਟਿ ਮਾਗਹਿ ਸਤਸੰਗੁ । ਪਾਰਬ੍ਰਹਮ ਤਿਨ ਲਾਗਾ ਰੰਗੁ
ਜਿਨਕਉ ਹੋਏ ਆਪਿ ਸੁਪ੍ਰਸੰਨ । ਨਾਨਕ ਤੇ ਜਨ ਸਦਾ ਧਨਿ ਧੰਨਿ । ੬ ।
ਕਈ ਕੋਟਿ ਖਾਣੀ ਅਰੁ ਖੰਡ । ਕਈ ਕੋਟਿ ਆਕਾਸ਼ ਬ੍ਰਹਮੰਡ
ਕਈ ਕੋਟਿ ਹੋਏ ਅਵਤਾਰ । ਕਈ ਜੁਗਤਿ ਕੀਨੋ ਬਿਸਥਾਰ
ਕਈ ਬਾਰ ਪਸਰਿਓ ਪਾਸਾਰ । ਸਦਾ ਸਦਾ ਇਕੁ ਏਕੰਕਾਰ
ਕਈ ਕੋਟਿ ਕੀਨੇ ਬਹੁ ਭਾਂਤਿ । ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ
ਤਾਕਾ ਅੰਤੁ ਨ ਜਾਨੈ ਕੋਇ । ਆਪੇ ਆਪ ਨਾਨਕ ਪ੍ਰਭੁ ਸੋਇ । ੭ ।

ਇਸ ਅਨੇਕ-ਰੰਗੀ ਦੁਨੀਆ ਅੰਦਰ ਮਨੁਖੀ ਜੀਵਨ ਵੀ ਇਕ ਵਚਿੱਤਰ ਖੇਡ ਹੈ ਪਰ ਇਸ ਨੂੰ ਤਰ੍ਹਾਂ ਤਰ੍ਹਾਂ ਨਾਲ ਸਜਾਉਣ ਫਬਾਉਣ ਵਾਲੀ ਸਮੱਗਰੀ, ਸਭ ਕਰਤਾ ਪੁਰਖ ਨੇ ਖ਼ੁਦ ਪੈਦਾ ਕੀਤੀ ਹੈ । ਖਾਣ ਪੀਣ, ਪਹਿਨਣ, ਘਰਬਾਰ, ਰੰਗਰਸ, ਸੁਗੰਧ, ਪਾਟ ਪਟੰਬਰ, ਭੂਸ਼ਣ, ਰਥ, ਘੋੜੇ, ਹਾਥੀ ਸਵਾਰੀ, ਬਾਗ, ਮਿਲਖ, ਧਨ ਦੌਲਤ, ਇਸਤ੍ਰੀ ਪੁੱਤਰ ਸਭ ਉਸੇ ਦੀ ਦਾਤ ਹੈ । ਗੁਰੂ ਸਾਹਿਬ ਨੇ ਛੇਵੀਂ ਅਸ਼ਟਪਦੀ ਵਿਚ ਇਹ ਵੇਰਵਾ ਦਿਤਾ ਹੈ ਕਿ ਸਭ ਕੁਝ ਉਸਦੀ ਕ੍ਰਿਪਾ ਦਾ ਫਲ ਹੈ, ਇਸ ਕਰਕੇ ਕ੍ਰਿਤੱਗਤਾ ਵਜੋਂ ਉਸਦਾ ਸਿਮਰਨ ਕਰਨਾ ਵੀ ਮਨੁੱਖ ਦਾ ਮੁੱਖ ਕਰਤੱਵ ਹੈ । ਇਸ ਗੱਲ ਦੀ ਆਮ ਮਨੁੱਖ ਨੂੰ ਸਮਝ ਨਹੀਂ ਪੈ ਸਕਦੀ ਕਿ ਇਹ ਸਭ ਸਮੱਗਰੀ ਉਸਦੀ ਬਖਸ਼ਿਸ਼ ਹੈ । ਹਰ ਆਦਮੀ ਇਉਂ ਸਮਝਦਾ ਹੈ ਕਿ ਉਸ ਨੇ ਖੁਦ ਹੀ ਮਿਹਨਤ ਨਾਲ ਇਹ ਚੀਜ਼ਾਂ ਬਣਾਈਆਂ ਤੇ ਸੁਖ ਦੇ ਸਾਧਨ ਵਜੋਂ ਆਪਣੇ ਤੇ ਆਪਣੇ ਪਰਿਵਾਰ ਲਈ ਜੁਟਾਈਆਂ ਹਨ । ਪਰ ਗੁਰੂ ਸਾਹਿਬ ਅਜੇਹਾ ਪਰਵਾਣ ਕਰਨ ਲਈ ਤਿਆਰ ਨਹੀਂ । ਉਨ੍ਹਾਂ ਦਾ ਅਕੀਦਾ ਹੈ ਕਿ ਇਹ ਸਾਰੇ ਖ਼ਜ਼ਾਨੇ ਉਸਦੀ ਮਿਹਰ ਦਾ ਸਿੱਟਾ ਹਨ :—

'ਸਰਬ ਨਿਧਾਨ ਪ੍ਰਭ ਤੇਰੀ ਮਇਆ
ਆਪਹੁ ਕਛੂ ਨ ਕਿਨਹੂ ਲਇਆ । ੮ । ੬ ।

ਨਾਮ ਬਜ਼ਾਤਿ ਖੁਦ ਰਹੱਸ ਹੈ । ਇਸ ਨਾਮ ਦੇ ਜਾਪ ਦੁਆਰਾ ਹਉਮੈ ਨੂੰ ਤਿਆਗਕੇ ਹੁਕਮ ਵਿਚ ਚਲਣਾ ਕੋਈ ਸਾਧਾਰਣ ਗੱਲ ਨਹੀਂ, ਜੋ ਮਨੁਖ ਸੌਖਿਆਂ ਹੀ ਆਪਣੀ ਮਰਜ਼ੀ ਨਾਲ ਕਰ ਸਕੇ । ਇਹ ਤਾਂ ਬਖਸ਼ਿਸ਼ ਦਾ ਮੀਂਹ ਵਰ੍ਹਦਾ ਹੈ ਤਾਂ ਇਸ ਅਵਸਥਾ ਦਾ ਵਿਕਾਸ ਹੁੰਦਾ ਤੇ ਇਹ ਰਹੱਸ ਉਜਾਗਰ ਹੁੰਦਾ ਹੈ ।

## (2) ਸੰਸਾਰ ਦਾ ਕਰਤਾ—ਮਹਾਨ ਰਹੱਸ

ਇਸ ਬਾਗ ਦਾ ਕੋਈ ਮਾਲੀ ਹੈ, ਜਿਸਨੇ ਹਰ ਬੂਟੇ ਨੂੰ ਜਨਮ ਦਿਤਾ ਤੇ ਪ੍ਰਫੁਲਤ ਕੀਤਾ ਹੈ । ਇਸ ਜਗਤ ਮੰਦਰ ਦਾ ਕੋਈ ਸਿਰਜਨਹਾਰ ਹੈ ਜਿਸਨੇ ਇਸਦੀ ਹਰ ਇੱਟ, ਕਾਰੀਗਰੀ ਨਾਲ ਲਾਈ ਹੈ, ਇਸ ਚਿਤ੍ਰ ਦਾ ਕੋਈ ਚਿਤ੍ਰਕਾਰ ਹੈ ਜਿਸਨੇ ਇਸ ਅਨੋਖੀ ਤਸਵੀਰ

ਨੂੰ ਕਲਾ-ਕੌਸ਼ਲ ਨਾਲ ਚਿਤ੍ਰਿਤ ਕੀਤਾ ਹੈ । ਪਰ ਇਹ ਸਿਰਜਨਹਾਰ ਕਲਾਕਾਰ ਗੁਪਤ ਵਰਤਦਾ ਹੈ, ਦਿਸਦਾ ਨਹੀਂ । ਇਸੇ ਕਰਕੇ ਉਹ ਅਗਮ ਅਗੋਚਰ ਹੈ ਤੇ ਇੰਦ੍ਰੇ ਗੋਚਰਾ ਨ ਹੋਣ ਕਰਕੇ ਹੀ ਅਤਿ ਰਹੱਸ ਹੈ । ਇਤਨੀ ਵੱਡੀ ਦੁਨੀਆਂ ਨੂੰ ਬਣਾਉਣ ਵਾਲਾ ਅਪ੍ਰਗਟ ਰੂਪ ਵਿਚ ਰਹਿਕੇ ਇਸ ਸਭ ਕੁਝ ਦਾ ਸੰਚਾਲਨ ਕਰ ਰਿਹਾ ਹੈ, ਇਹ ਇਕ ਵਿਸਮਾਦਮਈ ਘਟਨਾ ਹੈ । ਆਮ ਸੋਝੀ ਦਾ ਆਦਮੀ ਤਾਂ ਇਸਨੂੰ ਮੰਨਣ ਤੋਂ ਇਨਕਾਰ ਕਰ ਜਾਂਦਾ ਹੈ ਪਰ ਰਹੱਸਵਾਦੀ ਆਪਣੇ ਅਨੁਭਵ ਨਾਲ ਕਹਿੰਦਾ ਹੈ :—

ਜਾਂਕੀ ਲੀਲਾ ਕੀ ਮਿਤਿ ਨਾਹਿ । ਸਗਲ ਦੇਵ ਹਾਰੇ ਅਵਗਾਹਿ
ਪਿਤਾ ਕਾ ਜਨਮੁ ਕਿ ਜਾਨੈ ਪੂਤੁ । ਸਗਲ ਪਰੋਈ ਅਪਨੈ ਸੂਤਿ
ਹਰਨ ਭਰਨ ਜਾਕਾ ਨੇਤ੍ਰ ਫੋਰੁ । ਤਿਸ ਕਾ ਮੰਤ੍ਰੁ ਨ ਜਾਨੈ ਹੋਰ
ਬੀਉ ਪੂਛਿ ਨ ਮਸਲਤਿ ਕਰੈ । ਜੋ ਕਿਛੁ ਕਰੈ ਸੋ ਆਪੇ ਕਰੈ । ੨ । ੧੬।
ਨਾਨਾ ਰੂਪ ਨਾਨਾ ਜਾਕੇ ਰੰਗ । ਨਾਨਾ ਭੇਖ ਕਰਹਿ ਇਕ ਰੰਗ
ਨਾਨਾ ਬਿਧਿ ਕੀਨੋ ਬਿਸਥਾਰੁ । ਪ੍ਰਭੁ ਅਬਿਨਾਸੀ ਏਕੰਕਾਰੁ । ੪ । ੧੬ ।
'ਜਾ ਤਿਸੁ ਭਾਵੈ ਤਾਂ ਸ੍ਰਿਸਟਿ ਉਪਾਏ । ਅਪਨੈ ਭਾਣੈ ਲਏ ਸਮਾਏ
ਤੁਮ ਤੇ ਭਿੰਨ ਨਹੀਂ ਕਿਛੁ ਹੋਇ ਆਪਨ ਸੂਤਿ ਸਭੁ ਜਗਤ ਪਰੋਇ ।੧।੨੨।
ਪਾਰਬ੍ਰਹਮ ਕੇ ਸਗਲੇ ਠਾਉ । ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ
ਆਪੇ ਕਰਨ ਕਰਾਵਨ ਜੋਗੁ । ਪ੍ਰਭ ਭਾਵੈ ਸੋਈ ਫੁਨਿ ਹੋਗੁ
ਪਸਰਿਓ ਆਪਿ ਹੋਇ ਅਨਤ ਤਰੰਗ । ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗਿ । ੮ । ੯ ।
'ਸਗਲ ਸਮਗ੍ਰੀ ਤੁਮਰੇ ਸੂਤ੍ਰਿ ਧਾਰੀ । ਤੁਮਤੇ ਹੋਇ ਸੁ ਆਗਿਆਕਾਰੀ ।'
'ਨਿਰਗੁਨੁ ਆਪਿ ਸਰਗੁਨੁ ਭੀ ਓਹੀ । ਕਲਾਧਾਰਿ ਜਿਨਿ ਸਗਲੀ ਮੋਹੀ
ਅਪਨੇ ਚਰਿਤ ਪ੍ਰਭਿ ਆਪਿ ਬਨਾਏ । ਆਪਨੀ ਕੀਮਤਿ ਆਪੇ ਪਾਏ ।੮।੧੮ ।

ਹਰ ਜੀਅ ਦੀ ਪ੍ਰਤਿਪਾਲਣਾ ਦਾ ਜ਼ਿੰਮਾ ਵੀ ਉਸ ਨੇ ਲਿਆ ਹੋਇਆ ਹੈ ਪਰ ਇਹ ਸਭ ਕੁਝ ਵਿਸਵਾਸ਼ ਕਰਕੇ ਹੀ ਜਾਣਿਆ ਜਾ ਸਕਦਾ ਹੈ, ਨਿਰਾਪੁਰਾ ਇੰਦ੍ਰੇ—ਗਿਆਨ ਇਥੇ ਕਾਰਗਰ ਸਿੱਧ ਨਹੀਂ ਹੁੰਦਾ ।

'ਪ੍ਰਤਿਪਾਲੈ ਜੀਅਨ ਬਹੁ ਭਾਂਤਿ । ਜੋ ਜੋ ਰਚਿਓ ਸੁ ਤਿਸਹਿ ਧਿਆਤਿ
ਜਿਸੁ ਭਾਵੈ ਤਿਸੁ ਲਏ ਮਿਲਾਇ । ਭਗਤਿ ਕਰਹਿ ਹਰਿ ਕੇ ਗੁਣ ਗਾਇ
ਮਨ ਅੰਤਰਿ ਬਿਸੁਆਸੁ ਕਰਿ ਮਾਨਿਆ । ਕਰਨਹਾਰ ਨਾਨਕ ਇਕੁ ਜਾਨਿਆ ।੩।੨੨।

ਸ਼ਰਧਾ ਤੇ ਵਿਸ਼ਵਾਸ ਵਾਲਾ ਹੀ ਇਹ ਅਨੁਭਵ ਕਰਦਾ ਹੈ ਕਿ ਉਹੋ ਸਰਬ ਵਿਆਪਕ ਹੋ ਕੇ ਸਾਰਾ ਕੁਝ ਕਰ ਕਰਾ ਰਿਹਾ ਹੈ । ਸਰਬ ਵਿਆਪਕ ਹੋਣਾ ਹਰ ਮਾਦੀ ਪਦਾਰਥ ਦੇ ਵਸ ਦੀ ਗਲ ਨਹੀਂ, ਪਰ ਉਹ ਇਸ ਤਰ੍ਹਾਂ ਹੈ :—

ਸਰਬ ਭੂਤ ਆਪਿ ਵਰਤਾਰਾ । ਸਰਬ ਨੈਨ ਆਪਿ ਪੇਖਨਹਾਰਾ
ਸਗਲਿ ਸਮਗ੍ਰੀ ਜਾਂਕਾ ਤਨਾ । ਆਪਨ ਜਸੁ ਆਪ ਹੀ ਸੁਨਾ ।

ਆਵਨ ਜਾਨੁ ਇਕੁ ਖੇਲੁ ਬਨਾਇਆ । ਆਗਿਆਕਾਰੀ ਕੀਨੀ ਮਾਇਆ ।
ਸਭ ਕੈ ਮਧਿ ਅਲਿਪਤੋ ਰਹੈ । ਜੋ ਕਿਛੁ ਕਹਣਾ ਸੁ ਆਪੇ ਕਹੈ ।
ਆਗਿਆ ਆਵੈ ਆਗਿਆ ਜਾਇ । ਨਾਨਕ ਜਾਂ ਭਾਵੈ ਤਾ ਲਏ ਸਮਾਇ ।

ਸਰਗੁਣ ਨਿਰਗੁਣ ਦੀ ਅਵਸਥਾ ਤੋਂ ਪਰੇ ਦੀ ਰਹੱਸਮਈ ਅਵਸਥਾ ਸੁੰਨ ਸਮਾਧਿ ਹੈ, ਜਿਥੇ ਕੋਈ ਵੀ ਫੁਰਨਾ ਫੁਰਦਾ ਨਹੀਂ ਜਾਪਦਾ। ਸੁਖਮਨੀਕਾਰ ਦਾ ਅਨੁਭਵ ਹੈ ਕਿ ਇਹ ਸਭ ਉਸੇ ਪਰਮਸੱਤਾ ਦੇ ਸਥੂਲ ਸੂਖਮ ਰੂਪ ਹਨ, ਇਸ ਵਿਚ ਅੰਤਰ ਕਰਨਾ ਬਣਦਾ ਨਹੀਂ ।

ਜਹ ਅਛਲ ਅਛੇਦ ਅਭੇਦ ਸਮਾਇਆ। ਊਹਾਂ ਕਿਸਹਿ ਬਿਆਪਤ ਮਾਇਆ
ਆਪਸ ਕਉ ਆਪਹਿ ਆਦੇਸੁ । ਤਿਹੁ ਗੁਣ ਕਾ ਨਾਹੀ ਪਰਵੇਸੁ
ਜਹ ਏਕਹਿ ਏਕ ਏਕ ਭਗਵੰਤਾ । ਤਹ ਕਉਨੁ ਅਚਿੰਤੁ ਕਿਸ ਲਾਗੈ
ਚਿੰਤਾ । ੬ । ੨੧।

ਫਿਰ ਜਦੋਂ ਇਸ ਸੁੰਨ ਅਵਸਥਾ ਵਿਚੋਂ ਨਿਕਲਕੇ ਉਸਨੇ ਪ੍ਰਪੰਚ ਸਾਕਾਰ ਕੀਤਾ ਤਾਂ ਤ੍ਰੈਗੁਣਾਤਮਕ ਲੀਲ੍ਹਾ ਦਾ ਵਿਸਥਾਰ ਹੋ ਗਿਆ ਤੇ ਜਦੋਂ ਉਸ ਚਾਹਿਆ ਤਾਂ ਮੁੜ ਏਕੰਕਾਰ ਹੋ ਗਿਆ । ਇਹ ਪਰਿਵਰਤਨ ਆਪਣੇ ਆਪ ਇਕ ਮਹਾਨ ਰਹੱਸ ਹੈ :—

ਜਹ ਆਪਿ ਰਚਿਓ ਪਰਪੰਚੁ ਆਕਾਰੁ
ਤਿਹੁ ਗੁਣ ਮਹਿ ਕੀਨੋ ਬਿਸਥਾਰੁ ।
ਆਲ ਜਾਲ ਮਾਇਆ ਜੰਜਾਲ । ਹਉਮੈ ਮੋਹ ਭਰਮ ਭੈ ਭਾਰ
ਦੂਖ ਸੂਖ ਮਾਨ ਅਪਮਾਨ । ਅਨਿਕ ਪ੍ਰਕਾਰ ਕੀਓ ਬਖ੍ਯਾਨ
ਆਪਨ ਖੇਲੁ ਆਪਿ ਕਰਿ ਦੇਖੈ । ਖੇਲੁ ਸੰਕੋਚੈ ਤਉ ਨਾਨਕ ਏਕੈ ।੭।੨੧।

ਇਸ ਤਰ੍ਹਾਂ ਰਹੱਸਵਾਦੀ, ਸੁੰਨਸਮਾਧਿ ਤੋਂ ਲੈ ਕੇ ਨਿਰਗੁਣ, ਸਰਗੁਣ ਅਤੇ ਸ੍ਰਿਸ਼ਟੀ ਰਚਨਾ ਦੀ ਖੇਡ ਵਿਚ ਮਾਇਆ ਦੇ ਆਲ ਜੰਜਾਲ ਤਕ ਉਸ ਦੀ ਹਸਤੀ ਦੇ ਕ੍ਰਿਸ਼ਮੇ ਤੱਕਦਾ ਹੈ । ਇਹ ਹਰ ਕੋਈ ਨਹੀਂ ਦੇਖ ਸਕਦਾ ਤੇ ਨਾ ਹੀ ਹਰ ਇਕ ਨੂੰ ਇਹ ਕੌਤਕ ਇਉਂ ਦਿਸਦਾ ਹੈ ਕਿਉਂਕਿ ਇਹ ਅਤਿ ਗੰਭੀਰ ਰਹੱਸ ਹੈ ।

ਆਪਿ ਕਥੈ ਆਪਿ ਸੁਨਨੈਹਾਰੁ । ਆਪਹਿ ਏਕੁ ਆਪਿ ਬਿਸਥਾਰੁ ।
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ । ਅਪਨੈ ਭਾਣੈ ਲਏ ਸਮਾਏ ।
ਤੁਮਤੇ ਭਿੰਨ ਨਹੀਂ ਕਿਛੁ ਹੋਇ। ਆਪਨ ਸੂਤਿ ਸਭੁ ਜਗਤੁ ਪਰੋਇ।੧।੨੨।

## (3) ਕਰਤਾਪੁਰਖ ਨਾਲ ਅਭੇਦਤਾ

ਸੁਖਮਨੀ ਸਾਹਿਬ ਵਿਚ ਜਿਥੇ ਪਰਮੇਸਰ ਦੀ ਸਰਬ ਵਿਆਪਕਤਾ, ਸਰਬੱਗਤਾ ਤੇ ਸਭ ਕੁਝ ਕਰਨ ਕਰਾਵਨਹਾਰ ਨਾਤੇ ਮਹਿਮਾ ਗਾਈ ਗਈ ਹੈ, ਉਥੇ ਉਸਨੂੰ ਧਿਆਉਣ ਵਾਲਿਆਂ ਦੀ ਅਭੇਦਤਾ ਦਾ ਵੀ ਵਰਣਨ ਆਇਆ ਹੈ । ਇਸ ਅਭੇਦਤਾ ਦੀ ਗੱਲ, ਇਸ ਪੱਖੋਂ ਵਿਸਮਾਦ ਪੈਦਾ ਕਰਦੀ ਹੈ ਕਿ ਕਿਥੇ ਉਹ ਇਤਨੀ ਮਹਾਨ ਹਸਤੀ ਤੇ ਕਿਥੇ ਇਹ ਨਿੱਕੀ ਜੀਵਾਤਮਾ। ਬੂੰਦ, ਸਾਗਰ ਵਿਚ ਸਮਾ ਸਕਦੀ ਹੈ, ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਪਰ ਜਦੋਂ ਇਹ ਇਹਸਾਸ ਦਿੱਤਾ ਜਾਵੇ ਕਿ

'ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ
ਬ੍ਰਹਮ ਗਿਆਨੀ ਆਪਿ ਪਰਮੇਸੁਰ ।੬।

ਤਾਂ ਸਦਮੁਚ ਪਰੇਸ਼ਾਨੀ ਹੁੰਦੀ ਹੈ ਕਿ ਇਹ ਕੀ ਹੋ ਗਿਆ ਅਤੇ ਕਿਵੇਂ ਹੋ ਗਿਆ।

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ
ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ
ਬ੍ਰਹਮ ਗਿਆਨੀ ਅਨਾਥ ਕਾ ਨਾਥੁ
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ
ਬ੍ਰਹਮ ਗਿਆਨੀ ਕਾ ਸਗਲ ਆਕਾਰੁ
ਬ੍ਰਹਮ ਗਿਆਨੀ ਆਪਿ ਨਿਰੰਕਾਰੁ ।੮।੮।

ਇਹ ਚਿਤ੍ਰ ਬਹੁਤ ਵਿਸ਼ਾਲ ਤੇ ਵਿਚਿਤ੍ਰ ਹੈ। ਫਿਰ ਜੋ ਖੂਬੀਆਂ ਅਜੇਹੇ ਅਭੇਦ ਹੋਏ ਰਹੱਸਵਾਦੀ ਦੀਆਂ ਬਿਆਨ ਕੀਤੀਆਂ ਗਈਆਂ ਹਨ, ਉਹ ਵੀ ਅਨੋਖੀਆਂ ਹਨ ਕਿ ਉਹ ਸਮਦ੍ਰਿਸ਼ਟਾ ਹੁੰਦਾ ਹੈ, ਉਸਦੀ ਨਜ਼ਰ ਵਿਚ ਰਾਣਾ ਰੰਕ, ਮਿਤ੍ਰ, ਸ਼ਤ੍ਰ, ਕੰਚਨ ਮਾਟੀ ਤੇ ਸੁਖ ਦੁਖ ਇਕ ਸਮਾਨ ਹੁੰਦਾ ਹੈ। ਇਹ ਅਵਸਥਾ ਵੀ ਇਕ ਦੁਨੀਆਦਾਰ ਆਦਮੀ ਲਈ ਸਚਮੁਚ ਅਨੋਖੀ ਹੀ ਦਿਸਦੀ ਹੈ ਕਿ ਕੋਈ ਪੁਰਸ਼ ਅਜੇਹਾ ਕਿਵੇਂ ਹੋ ਸਕਦਾ ਹੈ ਕਿ ਉਸਨੂੰ ਰਾਗ ਦ੍ਵੈਖ ਜਾਂ ਖੁਸ਼ੀ ਗ਼ਮੀ ਨ ਹੀਂ ਵਿਆਪੇ ਤੇ ਉਹ ਦੋਸਤ ਤੇ ਦੁਸ਼ਮਨ ਨੂੰ ਇਕ ਸਮਾਨ ਸਮਝੇ ਇਸ ਆਚਾਰ ਵਾਲੇ ਮਹਾਂ ਪੁਰਸ਼ ਨੂੰ ਸੁਖਮਨੀ ਵਿਚ ਬ੍ਰਹਮਗਿਆਨੀ, ਸਾਧ, ਸੰਤ ਜਾਂ ਜੀਵਨ ਮੁਕਤ-ਕਿਹਾ ਗਿਆ ਹੈ। ਇਹ ਆਦਰਸ਼ਮਈ ਆਚਰਣ ਸਚਮੁਚ ਅਸਾਧਾਰਣ ਅਵਸਥਾ ਵਾਲਾ ਹੈ ਜਿਸ ਨੂੰ ਸਾਧਾਰਣ ਆਦਮੀ ਇਕ ਪਰਕਾਰ ਦਾ ਰਹੱਸ ਹੀ ਸਮਝਦਾ ਹੈ।

ਇਸ ਰਚਨਾ ਵਿਚ ਗੁਰੂ ਸਾਹਿਬ ਨੇ ਪਰਮੇਸ਼ਰ ਦੀ ਮਹਿਮਾ ਤੇ ਵਡਿਆਈ ਤੋਂ ਬਾਦ ਜੋ ਕੋਈ ਗੱਲ ਬਾਰ ਬਾਰ ਦੁਹਰਾਈ ਹੈ ਤਾਂ ਉਹ ਅਜੇਹੇ ਸੰਤ ਪੁਰਸ਼ਾਂ ਦੀ ਕੀਰਤੀ ਮਹਿਮਾ ਹੈ, ਜੋ ਉਸ ਪਰਮਸੱਤਾ ਨਾਲ ਅਭੇਦ ਹਨ। ਭੇਦਵਾਦੀ ਦ੍ਰਿਸ਼ਟੀ ਤਾਂ ਇਸ ਅਭੇਦਤਾ ਨੂੰ ਪਛਾਣ ਨਹੀਂ ਸਕਦੀ ਤੇ ਨਾ ਹੀ ਪਰਵਾਣ ਕਰ ਸਕਦੀ ਹੈ। ਇਸ ਕਰਕੇ ਇਹ ਅਭੇਦਤਾ ਵੀ ਇਕ ਗੁੱਝੀ ਗੱਲ ਹੈ, ਰਹੱਸਮਈ ਹੈ, ਇਸਨੂੰ ਕੇਵਲ ਦਿਵਯ ਦ੍ਰਿਸ਼ਟੀ ਵਾਲੇ ਸੰਤ ਪੁਰਸ਼ ਹੀ ਅਨੁਭਵ ਕਰ ਸਕਦੇ ਹਨ।

ਕਈ ਵਾਰ ਗ਼ੈਰ-ਕੁਦਰਤੀ ਘਟਨਾਵਾਂ ਨੂੰ ਰਹੱਸ ਸਮਝਿਆ ਜਾਂਦਾ ਹੈ ਤੇ ਇਸੇ ਕਰਕੇ ਕੁਝ ਧਰਮ ਕਰਾਮਾਤਾਂ ਨੂੰ ਵੀ ਇਕ ਤਰ੍ਹਾਂ ਰਹੱਸ ਰੂਪ ਵਿਚ ਵਰਣਨ ਕਰਦੇ ਹਨ ਪਰ ਸੁਖਮਨੀ ਇਸ ਨੂੰ ਰਹੱਸ ਵਿਚ ਸ਼ਾਮਲ ਕਰਨੋਂ ਦਰੇਗ ਕਰਦੀ ਹੈ। ਸੁਖਮਨੀਕਾਰ ਦੀ ਦ੍ਰਿਸ਼ਟੀ ਵਿਚ ਤਾਂ ਇਹ ਮਹਾਨ ਸੰਸਾਰ ਆਪਣੇ ਆਪ ਵਿਚ ਇਕ ਰਹੱਸ ਹੈ ਤੇ ਇਸਦਾ ਅਦ੍ਰਿਸ਼ਟ ਕਰਤਾ ਉਸਤੋਂ ਵੀ ਵਡੇਰਾ ਰਹੱਸ ਹੈ ਪਰ ਜਦੋਂ ਸਾਡੀ ਆਤਮਾ ਉਸ ਨਾਲ ਸੰਗਮ ਪ੍ਰਾਪਤ ਕਰਦੀ ਹੈ ਤਾਂ ਇਕ ਵਚਿਤਰ ਰਹੱਸ ਦਾ ਉਦਘਾਟਨ ਹੁੰਦਾ ਹੈ ਜਿਸ ਦੀ ਵਿਆਖਿਆ ਸੁਖਮਨੀ ਸਾਹਿਬ ਵਿਚ ਵਿਸਤਾਰ ਨਾਲ ਕੀਤੀ ਗਈ ਹੈ। ਇਸਨੂੰ ਪੜ੍ਹ ਵਿਚਾਰ ਕੇ ਤੇ ਅਨੁਭਵ ਵਿਚ ਲਿਆ ਕੇ ਹੀ ਅਸੀਂ ਉਸ ਰਹੱਸਵਾਦੀ ਧਾਰਾ ਦਾ ਸਪਰਸ਼ ਕਰ ਸਕਦੇ ਹਾਂ ਗੁਰੂ ਸਾਹਿਬ ਇਸ ਵਿਸਮਾਦ ਨੂੰ ਨਿਰੂਪਣ ਕਰਕੇ ਇਥੇ ਹੀ ਬਸ ਨਹੀਂ ਕਰ ਜਾਂਦੇ ਸਗੋਂ ਉਹ ਇਹ ਉਜਾਗਰ ਕਰਦੇ ਹਨ ਕਿ ਅਜੇਹੀਆਂ ਰਹੱਸ-ਭਰਪੂਰ ਆਤਮਾਵਾਂ ਸੰਸਾਰ-ਕਲਿਆਣ

ਲਈ ਆਪਣਾ ਆਪ ਨਿਛਾਵਰ ਕਰਦੀਆਂ ਤੇ ਸਾਰੀ ਮਨੁਖਤਾ ਨੂੰ ਇਸ ਪਾਸੇ ਤੋਰ ਲੈਂਦੀਆਂ ਹਨ ।

## (4) ਆਤਮ-ਉਧਾਰ ਤੇ ਪਰੋਪਕਾਰ

ਸੋ 'ਸੁਖਮਨੀ' ਦਾ ਰਹੱਸਵਾਦ ਕੋਈ ਵਿਅਕਤੀਗਤ ਅਨੁਭਵ ਮਾਤਰ ਨਹੀਂ ਬਲਕਿ ਇਹ ਸਮਸ਼ਟੀ ਦੀ ਭਲਾਈ ਲਈ ਇਕ ਪਰਕਾਰ ਦੇ ਕਰਮਯੋਗ ਨੂੰ ਜਗਾਉਂਦਾ ਹੈ ਜਿਸ ਕਰਕੇ ਬ੍ਰਹਮ-ਗਿਆਨੀ ਸਦਾ ਸਾਰੇ ਸੰਸਾਰ ਵਿਚ ਪਰਮ-ਅਨੰਦ-ਮਈ ਅਵਸਥਾ ਪੈਦਾ ਕਰਨ ਲਈ ਪ੍ਰਯਤਨਸ਼ੀਲ ਰਹਿੰਦਾ ਹੈ । ਅਜੇਹੇ ਰਹੱਸਵਾਦੀ ਦਾ ਜੀਵਨ-ਉਦੇਸ਼, ਆਪ ਤਰਨਾ ਤੇ ਬਾਕੀ ਜਗਤ ਨੂੰ ਦੁਖਾਂ ਸੰਕਟਾਂ ਤੋਂ ਪਾਰ ਲੰਘਾਉਣ ਦਾ ਚਾਰਾ ਕਰਨਾ ਹੈ :

ਧੰਨੁ ਧੰਨੁ ਧੰਨੁ ਜਨੁ ਆਇਆ
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ।
ਜਨ ਆਵਨ ਕਾ ਇਹੈ ਸੁਆਉ
ਜਨ ਕੈ ਸੰਗਿ ਚਿਤਿ ਆਵੈ ਨਾਉ
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ।੮।੨੩।

ਸੁਖਮਨੀ ਸਾਹਿਬ ਦਾ ਰਹੱਸਵਾਦ, ਸਾਧਕ ਨੂੰ ਵਿਅਕਤੀਗਤ ਅਨੰਦ ਮਾਣਨ ਲਈ ਨਹੀਂ ਪ੍ਰੇਰਦਾ ਸਗੋਂ ਜਗਤ-ਉਪਕਾਰ ਜਾਂ ਸਰਬੋਦਯ ਲਈ ਤਿਆਰ ਕਰਦਾ ਹੈ । ਇਹ ਠੀਕ ਹੈ 'ਨਾਨਕ ਸਾਧ ਪ੍ਰਭੁ ਭੇਦ ਨ ਭਾਈ ।' ਜਾਂ 'ਬ੍ਰਹਮ ਗਿਆਨੀ ਆਪ ਪਰਮੇਸਰੁ' ਦੀ ਉੱਚ ਅਵਸਥਾ ਆਉਂਦੀ ਹੈ ਲੇਕਿਨ ਸੱਚਾ ਰਹੱਸਵਾਦੀ ਲੋਕ-ਕਲਿਆਣ ਲਈ ਸਾਰੀ ਸ਼ਕਤੀ ਲਾ ਕੇ ਪਰੋਪਕਾਰੀ ਬਣਦਾ ਹੈ ਤਾਂ ਕਿ ਸਾਰੇ ਜਗਤ ਦਾ ਭਲਾ ਹੋ ਸਕੇ । ਫੋਕਟ ਵੇਦਾਂਤੀ ਗਿਆਨੀਆਂ ਵਾਂਙ ਉਹ 'ਅਹੰ ਬ੍ਰਹਮ ਅਸਮਿ' ਦਾ ਦਮਗਜਾ ਮਾਰ ਕੇ ਆਪਣੇ ਆਪ ਤਕ ਸੀਮਤ ਨਹੀਂ ਰਹਿੰਦਾ ਸਗੋਂ ਨਿੰਮ੍ਰਤਾ ਧਾਰ ਕੇ ਅਤੇ ਸਾਰੇ ਵਿਸ਼ਵ ਨਾਲ ਆਪਣੇ ਆਪ ਨੂੰ ਅਭੇਦ ਕਰਕੇ ਸਰਬਤ ਦੇ ਭਲੇ ਲਈ ਘਾਲ ਘਾਲਦਾ ਅਤੇ ਖਾਸ ਕਰਕੇ ਅਨਾਥ ਦਾ ਨਾਥ ਬਣਦਾ ਹੈ ।

'ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ।'
'ਬ੍ਰਹਮ ਗਿਆਨੀ ਕਾ ਨਾਥੁ
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ।'

ਸ਼ਾਇਦ ਇਹ ਗੱਲ ਕਿਸੇ ਪੁਰਾਣੇ ਧਾਰਮਿਕ ਗ੍ਰੰਥਾਂ ਦੀ ਚੇਤਨਾ ਵਿਚ ਨਹੀਂ । ਗੁਰੂ ਸਾਹਿਬ ਨੇ ਇਸ ਰਹੱਸਵਾਦੀ ਅਨੁਭਵ ਨੂੰ ਆਤਮਕ ਉਨਤੀ ਤੇ ਵਿਸ਼ਵ-ਭਲਾਈ ਦੋਹਾਂ ਲਈ ਪ੍ਰਯੋਗ ਵਿਚ ਲਿਆਉਣਾ ਜ਼ਰੂਰੀ ਸਮਝਿਆ ਹੈ ।

# ਸੁਖਮਨੀ ਦਾ ਆਚਾਰ ਸ਼ਾਸਤ੍ਰ

ਆਚਾਰ ਸ਼ਾਸਤ੍ਰ ਵਿਚ ਜੀਵਨ-ਜਾਚ ਦੇ ਸਿਧਾਂਤਾਂ ਨੂੰ ਭਾਵੇਂ ਕਈ ਪੱਖਾਂ ਤੋਂ ਵਿਚਾਰਿਆ ਜਾਂਦਾ ਰਿਹਾ ਹੈ ਪਰ ਇਸ ਵਿਚ ਮਨੁਖ ਨੂੰ ਅਗਵਾਈ ਦੇਣ ਵਾਲੀਆਂ ਸਾਰ ਰੂਪ ਦੋ ਗੱਲਾਂ ਮੁਖ ਹਨ—ਕੀ ਕੁਝ ਕਰਨ ਯੋਗ ਹੈ ਤੇ ਕੀ ਕੁਝ ਨ ਕਰਨ ਯੋਗ, ਕੀ ਠੀਕ ਹੈ ਤੇ ਕੀ ਨ ਠੀਕ। ਜੋ ਕਰਨਾ ਉਚਿਤ ਨਹੀਂ, ਉਹ ਬੁਰਿਆਈ ਹੈ, ਪਾਪ ਹੈ, ਬਦੀ ਜਾਂ ਦੁਰਾਚਾਰ ਹੈ, ਇਸਨੂੰ ਔਗੁਣ ਵੀ ਕਿਹਾ ਜਾਂਦਾ ਹੈ। ਜੋ ਕਰਨਾ ਉਚਿਤ ਹੈ, ਆਤਮ ਵਿਕਾਸ ਤੇ ਸਮਾਜਕ ਵਿਕਾਸ ਦੋਹਾਂ ਲਈ ਲਾਭਵੰਦ ਹੈ, ਉਹ ਚੰਗਿਆਈ ਹੈ, ਪੁੰਨ ਹੈ, ਨੇਕੀ ਜਾਂ ਸਦਾਚਾਰ ਹੈ, ਇਸਨੂੰ ਆਚਾਰ—ਸ਼ਾਸਤ੍ਰੀ 'ਗੁਣ' (Vertue) ਵੀ ਕਹਿੰਦੇ ਹਨ। ਪੁੰਨ ਤੇ ਪਾਪ ਧਰਮ—ਸ਼ਾਸਤ੍ਰ ਦੇ ਸੰਕੇਤ ਹਨ ਤੇ ਗੁਣ ਤੇ ਔਗੁਣ ਆਚਾਰ ਸ਼ਾਸਤ੍ਰ ਦੇ। ਗੁਣ ਧਾਰਨ ਯੋਗ ਹੈ ਤੇ ਔਗੁਣ ਤਿਆਗਣ ਯੋਗ ਜਾਂ ਦੂਜੇ ਸ਼ਬਦਾਂ ਵਿਚ ਇਉਂ ਕਹੀਏ, ਚੰਗਾ ਕੰਮ ਕਰਨਾ ਯੋਗ ਹੈ ਤੇ ਮੰਦਾ ਅਯੋਗ।

ਹੁਣ ਇਸ ਗੱਲ ਦਾ ਨਿਰਣਾ ਕਿਵੇਂ ਕੀਤਾ ਜਾਵੇ ਕਿ ਇਹ ਕੰਮ ਚੰਗਾ ਹੈ ਜਾਂ ਇਹ ਮੰਦਾ ਯਾ ਕੀ ਠੀਕ ਹੈ ਤੇ ਕੀ ਠੀਕ ਨਹੀਂ। ਇਸਦੀ ਇਕ ਕਸਵੱਟੀ ਇਹ ਹੈ ਕਿ ਠੀਕ ਤੇ ਉਚਿਤ ਕੰਮ ਕਰਨ ਬਾਦ ਖੁਸ਼ੀ ਹੁੰਦੀ ਹੈ, ਅਨੰਦ ਮਿਲਦਾ ਹੈ। ਸੋ ਐਸਾ ਕਰਮ ਜਿਸਦੇ ਕੀਤਿਆਂ ਆਤਮਾ ਨੂੰ ਸ਼ਾਂਤੀ ਤੇ ਸੰਤੁਸ਼ਟਤਾ ਮਿਲੇ, ਉਹੋ ਠੀਕ ਹੈ, ਉਹੋ ਕਰਨ ਯੋਗ ਹੈ। ਜਿਸ ਕੰਮ ਦਾ ਸਿਟਾ ਦੁਖ ਤੇ ਪਛਤਾਵਾ ਹੈ, ਖੁਸ਼ੀ ਨਹੀਂ, ਉਹ ਬਦੀ ਹੈ, ਪਾਪ ਹੈ ਤੇ ਉਹ ਨਹੀਂ ਕਰਨਾ ਚਾਹੀਦਾ।

ਭਗਤੀ ਲਹਿਰ ਦੇ ਅਰੰਭਕ ਸਮੇਂ ਵਿਚ ਜਪ, ਤਪ, ਪੂਜਾ, ਪਾਠ ਤੇ ਉਪਾਸਨਾ ਨੂੰ ਜਿਤਨੀ ਅਹਿਮੀਅਤ ਦਿਤੀ ਜਾਂਦੀ ਸੀ, ਉਤਨਾ ਸੰਤ ਭਗਤ ਆਚਾਰ-ਸ਼ਾਸਤ੍ਰ ਦੇ ਨੇਮਾਂ ਨੂੰ ਮਹੱਤਵ ਨਹੀਂ ਸ਼ੀ ਦਿੰਦੇ। ਉਨ੍ਹਾਂ ਦਾ ਆਮ ਖਿਆਲ ਸੀ ਕਿ ਕੇਵਲ ਭਗਤੀ ਹੀ ਆਤਮਕ ਕਲਿਆਣ ਲਈ ਕਾਫ਼ੀ ਹੈ। ਅਜੇਹੇ ਵਿਸ਼ਵਾਸ ਦਾ ਇਕ ਕਾਰਣ ਇਹ ਵੀ ਸੀ ਕਿ ਸਮਾਜਕ ਜੀਵਨ ਵਲੋਂ ਉਪਰਾਮ ਹੋਣ ਕਾਰਣ ਅਜੇਹੇ ਕਰਤੱਵ ਪਾਲਣ ਵਲ ਇਹ ਲੋਕ ਘਟ ਹੀ ਧਿਆਨ ਦਿੰਦੇ ਸਨ। ਇਉਂ ਵੀ ਕਹਿ ਸਕਦੇ ਹਾਂ ਕਿ ਦੂਸਰਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਉਨ੍ਹਾਂ ਦੀ ਮਾਨਸਿਕ ਚੇਤਨਾ ਦਾ ਵਿਸ਼ੇਸ਼ ਭਾਗ ਨਹੀਂ ਸੀ। ਜੇ ਵਿਸ਼ਲੇਸ਼ਨਾਤਮਕ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਅਧਿਆਤਮਵਾਦ ਇਹ ਮਾਰਗ ਦਰਸਾਉਂਦਾ ਹੈ ਕਿ ਮਨੁਖ ਨੈ ਪਰਮੇਸ਼ਰ ਨਾਲ ਰਿਸ਼ਤਾ ਕਿਵੇਂ ਕਾਇਮ ਕਰਨਾ ਹੈ ਤੇ ਸਦਾਚਾਰ ਇਹ ਵੱਲ ਸਿਖਾਉਂਦਾ ਹੈ ਕਿ ਮਨੁੱਖ ਦਾ ਦੂਜੇ ਮਨੁੱਖਾਂ ਨਾਲ ਰਿਸ਼ਤਾ ਕਿਹੋ ਜੇਹਾ ਹੋਣਾ ਚਾਹੀਦਾ ਹੈ। ਸੋ ਰੱਬ ਨਾਲ ਰਿਸ਼ਤਾ ਪੱਕਾ ਕਰਨ ਦੀ ਨੇਮਾਵਲੀ ਅਧਿਆਤਮ-

ਵਾਦ ਹੈ ਤੇ ਮਨੁਖ ਦਾ ਪਰਸਪਰ ਸੰਬੰਧ ਸੁਹਾਵਣਾ ਬਣਾਉਣ ਵਾਲੀ ਨੇਮਾਵਲੀ ਆਚਾਰ ਸ਼ਾਸਤ੍ਰ ਹੈ। ਜ਼ਿੰਦਗੀ ਲਈ ਇਨ੍ਹਾਂ ਦੋਹਾਂ ਦੀ ਲੋੜ ਹੈ। ਇਕ ਪੱਛਮੀ ਵਿਦਵਾਨ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਧਰਮ ਬਿਨਾ ਸਦਾਚਾਰ ਅਸੰਭਵ ਹੈ ਤੇ ਆਚਾਰ-ਵਿਹੂਣਾ ਧਰਮ, ਭਰਮ ਮਾਤ੍ਰ ਹੈ। ਦੂਸਰਾ, ਪੱਛਮੀ ਚਿੰਤਕ ਇਹ ਕਹਿੰਦਾ ਹੈ ਕਿ ਸਦਾਚਾਰ ਜਦੋਂ ਅਮਲ ਵਿਚ ਆ ਰਿਹਾ ਹੋਵੇ ਤਾਂ ਇਹੋ ਧਰਮ ਹੁੰਦਾ ਹੈ ਤੇ ਸਿਧਾਂਤ ਰੂਪ ਵਿਚ ਧਰਮ ਹੀ ਸੱਚਾ ਸਦਾਚਾਰ ਹੁੰਦਾ ਹੈ।

'Morality is religion in practice
Religion is morality in Principle'

ਭਾਵੇਂ ਨਵੀਨ ਵਿਚਾਰ—ਪ੍ਰਣਾਲੀ ਨੇ ਅਧਿਆਤਮਕ ਕੀਮਤਾਂ ਨੂੰ ਪਾਸੇ ਕਰਕੇ ਸਦਾਚਾਰਕ ਕੀਮਤਾਂ ਉਤੇ ਵਧੇਰੇ ਜ਼ੋਰ ਦਿਤਾ ਹੈ ਪਰ ਧਰਮ ਦੇ ਬੁਨਿਆਦੀ ਨਿਸ਼ਚੇ ਵਿਚ ਦੋਹਾਂ ਦਾ ਸੁਮੇਲ ਜ਼ਰੂਰੀ ਹੈ ਤੇ ਗੁਰੂ ਸਾਹਿਬਾਨ ਨੇ ਜ਼ਿੰਦਗੀ ਦੀ ਸਫਲਤਾ ਲਈ ਦੋਹਾਂ ਨੂੰ ਜ਼ਰੂਰੀ ਕਰਾਰ ਦਿਤਾ ਹੈ ਅਤੇ ਸੁਖਮਨੀ ਸਾਹਿਬ ਦੋਹਾਂ ਪੱਖਾਂ ਵਲ ਤਾਕੀਦ ਕਰਦੀ ਅਜੇਹੇ ਸ੍ਰੇਸ਼ਟ ਸੰਪੂਰਣ ਧਰਮ ਨੂੰ ਦ੍ਰਿੜ੍ਹਾਉਂਦੀ ਹੈ ਜੋ ਕਿ ਮਨੁਖ ਨੂੰ ਹਰ ਤਰ੍ਹਾਂ ਸ੍ਰੇਸ਼ਟਾਚਾਰੀ ਬਣਾਉਂਦਾ ਹੈ।

ਪੁਰਾਣੇ ਜ਼ਮਾਨੇ ਨੇ ਇਸ ਮਨੋਰਥ ਲਈ ਕਈ ਪਰਕਾਰ ਦੇ ਕਰਮ ਧਰਮ ਦੱਸੇ ਸਨ ਲੇਕਿਨ ਉਹ ਸਾਰਥਿਕ ਸਿਧ ਨਹੀਂ ਹੋਏ। ਇਨ੍ਹਾਂ ਦਾ ਵਿਚਾਰ ਤੀਜੀ ਅਸ਼ਟਪਦੀ ਵਿਚ ਵਿਸਤਾਰ ਨਾਲ ਕਰ ਦਿਤਾ ਗਿਆ ਹੈ ਕਿ ਜਪ ਤਪ, ਪੁੰਨ ਦਾਨ, ਯੱਗ, ਹੋਮ, ਤੀਰਥ ਵਰਤ ਇਹ ਬਾਹਰਲੀਆਂ ਗੱਲਾਂ ਹਨ। ਇਨ੍ਹਾਂ ਨਾਲ ਮਨ ਵਿਕਾਰਾਂ ਤੋਂ ਪਾਕ ਨਹੀਂ ਹੁੰਦਾ ਤੇ ਨਾ ਹੀ ਉਚੇ ਇਖ਼ਲਾਕੀ ਗੁਣਾਂ ਦਾ ਪ੍ਰਕਾਸ਼ ਤੇ ਵਿਕਾਸ ਹੁੰਦਾ ਹੈ। ਇਸ ਕਰਕੇ ਸੁਖਮਨੀ ਸਾਹਿਬ ਵਿਚ ਸਪੱਸ਼ਟ ਤੌਰ ਤੇ ਚੰਗਿਆਈ ਦੀ ਪ੍ਰਵਿਰਤੀ ਤੇ ਬੁਰਿਆਈ ਦੀ ਨਿਵਿਰਤੀ ਤੇ ਬਾਰ ਬਾਰ ਜ਼ੋਰ ਦਿਤਾ ਗਿਆ ਹੈ। ਜਿਸ ਤਰ੍ਹਾਂ ਕਿ ਸਿਖ ਗੁਰੂਆਂ ਦਾ ਬੁਨਿਆਦੀ ਨਿਸਚਾ ਹੈ ਕਿ ਪ੍ਰਭੂ-ਭਗਤੀ ਨੂੰ ਛਡਕੇ ਇਕੱਲੇ ਸਦਾਚਾਰਕ ਗੁਣਾਂ ਨਾਲ ਵੀ ਮਨੁਖੀ ਸ਼ਖਸੀਅਤ ਸੰਪੂਰਣ ਨਹੀਂ ਹੁੰਦੀ। ਆਧੁਨਿਕ ਯੁਗ ਦੇ ਚਿੰਤਕ ਧਰਮ ਦੇ ਇਖ਼ਲਾਕੀ ਪਹਲੂ ਨੂੰ ਤਾਂ ਲਗਭਗ ਸਾਰੇ ਪਰਵਾਣ ਕਰਦੇ ਹਨ ਲੇਕਿਨ ਰੱਬੀ ਵਿਸ਼ਵਾਸ ਜਾਂ ਉਸਦੇ ਨਾਮ ਸਿਮਰਨ ਨੂੰ ਇਹ ਅਹਿਮੀਅਤ ਦੇ ਕੇ ਰਾਜ਼ੀ ਨਹੀਂ ਲੇਕਿਨ ਸਤਿਗੁਰੂ ਸਦਾਚਾਰ ਦੀ ਸਿਖਿਆ ਦਾ ਅਰੰਭ ਹੀ ਇਸ ਤਰ੍ਹਾਂ ਕਰਦੇ ਹਨ ਕਿ ਪ੍ਰਭੂ ਮਹਿਮਾ ਦਾ ਗਾਇਨ ਸਭ ਤੋਂ ਪਹਿਲੀ ਸ਼ਰਤ ਹੈ, ਦੂਜੀ ਸ਼ਰਤ ਹਰ ਇਕ ਨਾਲ ਸੁਚੱਜਾ ਵਰਤਾਉ ਕਰਨਾ ਹੈ।

ਇਹ ਸਦ-ਵਿਉਹਾਰ ਜਾਂ ਸੁਚੱਜਾ ਵਰਤਾਰਾ ਕੀ ਹੈ, ਮਨ, ਬਾਣੀ ਜਾਂ ਸਰੀਰ ਕਰਕੇ ਕਿਸੇ ਤਰ੍ਹਾਂ ਵੀ ਕਿਸੇ ਨੂੰ ਨ ਦੁਖਾਉਣਾ। ਪਹਿਲਾ ਕਰਤੱਵ ਹੈ ਕਿ ਜ਼ਬਾਨ ਨੂੰ ਅੰਮ੍ਰਿਤ ਨਾਮ ਨਾਲ ਇਤਨਾ ਮਿਠਾਸ-ਭਰਿਆ ਤੇ ਮਨੋਹਰ ਬਣਾ ਲਿਆ ਜਾਵੇ ਕਿ ਦਿਲ ਹਮੇਸ਼ਾਂ ਹੀ ਖੁਸ਼ੀਆਂ ਵਿਚ ਵਿਚਰੇ। ਇਸੇ ਤਰ੍ਹਾਂ ਨੈਣਾਂ ਦੀ ਦ੍ਰਿਸ਼ਟੀ ਥਾਂ ਥਾਂ ਰੱਬੀ ਰੰਗ ਤੱਕ ਕੇ ਹਰ ਕਿਸਮ ਦੇ ਸੰਗ ਸੰਕੋਚ ਤੋਂ ਉਪਰ ਹੋ ਜਾਵੇ ਪਰ ਇਹ ਗੱਲ ਸ੍ਰੇਸ਼ਟਾਚਾਰੀ ਸਤ ਪੁਰਸ਼ਾਂ ਦੀ ਸੰਗਤ ਨਾਲ ਪਰਿਪੱਕ ਹੁੰਦੀ ਹੈ, ਇਸ ਤਰ੍ਹਾਂ ਪੈਰਾਂ ਲਈ ਇਹ ਸ਼ਰਤ ਹੈ

ਕਿ ਇਹ ਮਾੜੇ ਪਾਸੇ ਵਲ ਕਦਮ ਹੀ ਨ ਉਠਾਉਣ ਸਗੋਂ ਸਦਾ ਰੱਬੀ ਮਾਰਗ ਦੇ ਪੰਧਾਊ ਬਣਨ। ਜੇਕਰ ਪਾਪ ਵਲ ਜਾਣ ਤੋਂ ਰੋਕਿਆ ਜਾਵੇਗਾ ਤਾਂ ਹੀ ਮਨ ਉਚੇ ਆਦਰਸ਼ਾਂ ਦੀ ਤਾਂਘ ਰੱਖੇਗਾ। ਇਸੇ ਤਰ੍ਹਾਂ ਕੰਨਾਂ ਲਈ ਤਾਕੀਦ ਹੈ ਕਿ ਉਹ ਨਿੰਦਾ ਜਾਂ ਚੁਗਲੀ ਸੁਣਨ ਦੀ ਥਾਂ ਰੱਬੀ ਕਥਾ ਕਹਾਣੀਆਂ ਸੁਣਨ ਵਲ ਰੁਚਿਤ ਹੋਣ ਤਾਂ ਹੀ ਜੀਵਨ ਦਾ ਮਸਤਕ ਉਜਲਾ ਹੋ ਸਕਦਾ ਹੈ। ਇਸ ਪਉੜੀ ਵਿਚ ਸਤਿਗੁਰਾਂ ਸੰਖਿਪਤ ਢੰਗ ਨਾਲ ਸ੍ਰੇਸ਼ਟਾਚਾਰ ਦੇ ਬੁਨਿਆਦੀ ਸੂਤਰ ਅੰਕਿਤ ਕੀਤੇ ਹਨ। ਇਸ ਤੋਂ ਇਲਾਵਾ ਬਾਣੀ ਦੇ ਬਾਕੀ ਹਿਸਿਆਂ ਵਿਚ ਵੀ ਇਨ੍ਹਾਂ ਇਖ਼ਲਾਕੀ ਕਦਰਾਂ ਕੀਮਤਾਂ ਲਈ ਉਚੇਚੀ ਤਾਕੀਦ ਕੀਤੀ ਮਿਲਦੀ ਹੈ।

ਉਸਤਤਿ ਮਨ ਮਹਿ ਕਰਿ ਨਿਰੰਕਾਰ
ਕਰਿ ਮਨ ਮੇਰੇ ਸਤਿ ਬਿਉਹਾਰ।
ਨਿਰਮਲ ਰਸਨਾ ਅੰਮ੍ਰਿਤੁ ਪੀਉ।
ਸਦਾ ਸੁਹੇਲਾ ਕਰ ਲੇਹੁ ਜੀਉ
ਨੈਨਹੁ ਪੇਖਿ ਠਾਕੁਰ ਕਾ ਰੰਗ
ਸਾਧਸੰਗਿ ਬਿਨਸੈ ਸਭ ਸੰਗੁ।
ਚਰਨ ਚਲਉ ਮਾਰਗਿ ਗੋਬਿੰਦ
ਮਿਟਹਿ ਪਾਪ ਜਪੀਐ ਹਰਿ ਬਿੰਦ।
ਕਰ ਹਰਿ ਕਰਮ ਸ੍ਰਵਨ ਹਰਿ ਕਥਾ
ਹਰਿ ਦਰਗਹ ਨਾਨਕ ਊਜਲ ਮਥਾ। ੨।

[ਅਸ਼ਟਪਦੀ ੧੪]

ਸੁਖਮਨੀ ਸਾਹਿਬ ਵਿਚ ਅੰਕਿਤ ਮੁੱਖ ਸਾਧਨਾ 'ਪ੍ਰਭੂ ਸਿਮਰਨ' ਹੈ, ਜਿਸ ਦੁਆਰਾ ਮਾਨਵ ਨੂੰ ਸੰਪੂਰਨਤਾ ਪ੍ਰਾਪਤ ਹੁੰਦੀ ਹੈ। ਭਾਰਤੀ ਸਾਧਨਾ ਮਾਰਗ ਵਿਚ ਕਈ ਕਿਸਮ ਦੇ ਕਰਮ ਅਪਣਾਏ ਜਾਂਦੇ ਰਹੇ ਹਨ, ਜਿਨ੍ਹਾਂ ਵਿਚ ਕਈ ਥਾਂ ਗਿਆਨ ਕਾਂਡ ਦੀ ਪ੍ਰਧਾਨਤਾ ਸੀ ਜਾਂ ਫਿਰ ਵਧੇਰੇ ਕਰਮਕਾਂਡ ਦੀ। ਇਹ ਦੋਵੇਂ ਕਿਸਮ ਦੇ ਜਤਨ ਸਰੀਰਕ ਅਭਿਆਸ ਜਾਂ ਵਧ ਤੋਂ ਵਧ ਦਿਮਾਗੀ ਅਭਿਆਸ ਤਕ ਨਿਰਭਰ ਕਰਦੇ ਸਨ, ਦਿਲ ਤਕ ਇਤਨਾ ਡੂੰਘਾ ਅਸਰ ਨਹੀਂ ਸੀ ਜਾਂਦਾ। ਦਿਲ ਵਿਚ ਈਮਾਨ ਦੀ ਪਕਿਆਈ ਤੋਂ ਬਗੈਰ ਸਮੁਚੀ ਜ਼ਿੰਦਗੀ ਦਾ ਕਾਇਆ-ਕਲਪ ਸੰਭਵ ਨਹੀਂ। ਇਸ ਕਰਕੇ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਸਪੱਸ਼ਟ ਭਾਂਤ ਰੱਦ ਕੀਤਾ ਹੈ। ਤੀਜੀ ਅਸ਼ਟਪਦੀ ਦਾ ਅਰੰਭ ਹੀ ਇਉਂ ਹੁੰਦਾ ਹੈ :—

ਜਾਪ ਤਾਪ ਗਿਆਨ ਸਭਿ ਧਿਆਨ। ਖਟ ਸ਼ਾਸਤ੍ਰ ਸਿਮ੍ਰਿਤ ਵਖਿਆਨ
ਜੋਗ ਅਭਿਆਸ ਕਰਮ ਧਰਮ ਕਿਰਿਆ।
ਸਗਲ ਤਿਆਗ ਬਨ ਮਧੇ ਫਿਰਿਆ
ਅਨਿਕ ਪ੍ਰਕਾਰ ਕੀਏ ਬਹੁ ਜਤਨਾ। ਪੁੰਨ ਦਾਨ ਹੋਮੈ ਬਹੁ ਰਤਨਾ
ਸਰੀਰੁ ਕਟਾਇ ਹੋਮੈ ਕਰਿ ਰਾਤੀ। ਵਰਤ ਨੇਮ ਕਰੈ ਬਹੁ ਭਾਂਤੀ
ਨਹੀ ਤੁਲਿ ਰਾਮ ਨਾਮ ਬੀਚਾਰ।
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ। ੧।

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ । ਮਹਾ ਉਦਾਸੁ ਤਪੀਸਰੁ ਥੀਵ
ਅਗਨਿ ਮਾਹਿ ਹੋਮਤ ਪਰਾਨ । ਕਨਕ ਅਸ੍ਵ ਹੈਵਰ ਭੂਮਿ ਦਾਨ
ਨਿਉਲੀ ਕਰਮ ਕਰੈ ਬਹੁ ਆਸਨ । ਜੈਨ ਮਾਰਗ ਸੰਜਮ ਅਤਿ ਸਾਧਨ
ਨਿਮਖ ਨਿਮਖ ਕਰਿ ਸਰੀਰੁ ਕਟਾਵੈ । ਤਉ ਭੀ ਹਉਮੈ ਮੈਲੁ ਨ ਜਾਵੈ
ਹਰਿ ਕੇ ਨਾਮ ਸਮਸਰਿ ਕਛੁ ਨਾਹਿ ।
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ । ੨ ।
ਮਨ ਕਾਮਨਾ ਤੀਰਥ ਦੇਹ ਛੁਟੈ । ਗਰਬੁ ਗੁਮਾਨੁ ਨ ਮਨ ਤੇ ਹਟੈ
ਸੋਚ ਕਰੈ ਦਿਨਸੁ ਅਰੁ ਰਾਤਿ । ਮਨ ਕੀ ਮੈਲੁ ਨ ਤਨ ਤੇ ਜਾਤਿ
ਇਸ ਦੇਹੀ ਕਉ ਬਹੁ ਸਾਧਨਾ ਕਰੈ ।
ਮਨ ਤੇ ਕਬਹੂੰ ਨ ਬਿਖਿਆ ਟਰੈ
ਜਲਿ ਧੋਵੈ ਬਹੁ ਦੇਹਿ ਅਨੀਤਿ ।
ਸੁਧ ਕਹਾਂ ਹੋਇ ਕਾਚੀ ਭੀਤਿ । ੩ ।
ਬਹੁਤੁ ਸਿਆਣਪ ਜਮ ਕਾ ਭਉ ਬਿਆਪੈ
ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ
ਭੇਖ ਅਨੇਕ ਅਗਨਿ ਨਹੀਂ ਬੁਝੈ
ਕੋਟਿ ਉਪਾਵ ਦਰਗਹ ਨਹੀ ਸਿਝੈ
ਛੂਟਸਿ ਨਾਹੀ ਊਭ ਪਇਆਲਿ
ਮੋਹਿ ਬਿਆਪਹਿ ਮਾਇਆ ਜਾਲਿ
ਅਵਰ ਕਰਤੂਤਿ ਸਗਲੀ ਜਮੁ ਡਾਨੈ ।
ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ।
ਹਰਿ ਕਾ ਨਾਮੁ ਜਪਤ ਦੁਖ ਜਾਇ । ਨਾਨਕ ਬੋਲੈ ਸਹਜਿ ਸੁਭਾਇ । ੪ ।

(੧) **ਪ੍ਰਭੂ ਸਿਮਰਨ** : ਦਰਅਸਲ ਗੁਰੂ ਸਾਹਿਬ ਨੇ ਪਹਿਲੀ ਤੇ ਦੂਜੀ ਅਸ਼ਟਪਦੀ ਵਿਚ 'ਪ੍ਰਭੂ ਸਿਮਰਨ' ਦੀ ਪੂਰੀ ਵਕਾਲਤ ਕੀਤੀ ਹੈ ਤੇ ਇਸੇ ਨੂੰ ਅਪਣਾਉਣ ਨਾਲ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਦੱਸੀ ਹੈ । ਪਰ ਚੂੰਕਿ ਬਹੁਤੇ ਲੋਕ ਹੋਰ ਕਰਮ-ਧਰਮ ਵਿਚ ਵਿਸਵਾਸ਼ ਰਖਦੇ ਸਨ ਤੇ ਵੱਖ ਵੱਖ ਤਰ੍ਹਾਂ ਉਹ ਕਰਮ ਕਰਦੇ ਵੀ ਸਨ, ਇਸ ਕਰਕੇ ਉਨ੍ਹਾਂ ਬਾਰੇ ਰਾਇ ਦੇਣੀ ਜ਼ਰੂਰੀ ਸੀ ਜਿਸ ਨੂੰ ਉਨ੍ਹਾਂ ਤੀਜੀ ਅਸਟਪਦੀ ਵਿਚ ਬਿਆਨ ਕੀਤਾ ਤੇ ਸਾਫ ਕਿਹਾ ਹੈ ਕਿ ਇਹ ਕਰਮ, ਜੀਵਨ ਨੂੰ ਉਚੇਰਾ ਉਠਾਉਣ ਵਿਚ ਇਤਨੇ ਸਾਰਥਿਕ ਸਿੱਧ ਨਹੀਂ ਹੁੰਦੇ । ਮਿਸਾਲ ਲਈ ਜਾਪ, ਤਾਪ, ਗਿਆਨ ਮਾਰਗ, ਧਿਆਨ ਮਾਰਗ, ਜੋਗ ਅਭਿਆਸ, ਬਨਵਾਸ, ਪੁੰਨਦਾਨ, ਵਰਤ ਨੇਮ, ਤੀਰਥ-ਇਸਨਾਨ, ਤੀਰਥ-ਮ੍ਰਿਤੂ, ਜੈਨ ਮਤ ਦੇ ਕਠੋਰ ਸਾਧਨ, ਸ਼ਾਸਤ੍ਰੀ ਸਿਆਣਪ ਤੇ ਭੇਖ ਅਡੰਬਰ-ਸਭ ਨੂੰ ਅਕਾਰਥ ਕਹਿਕੇ ਰੱਦ ਕਰ ਦਿੱਤਾ ਗਿਆ ਹੈ ।

ਪ੍ਰਾਚੀਨ ਭਾਰਤ ਵਿਚ ਬਹੁਤੇ ਕਰਮ ਸਰੀਰ ਨੂੰ ਕਸ਼ਟ ਦੇਣ ਵਾਲੇ ਇਸ ਲਈ ਕੀਤੇ ਜਾਂਦੇ ਸਨ ਤਾਂ ਕਿ ਸਰੀਰ ਵਾਸਨਾ ਜਾਂ ਭੋਗ ਭੋਗਣ ਦੇ ਕਾਬਲ ਹੀ ਨ ਰਹੇ । ਵਡੇ ਵਡੇ ਤਪ ਸਾਧਣੇ, ਭੁਖੇ ਪਿਆਸੇ ਰਹਿਣਾ, ਨੰਗੇ ਰਹਿ ਕੇ ਦਿਨ ਕੱਟਣਾ; ਜਲਧਾਰਾ ਕਰਨਾ ਜਾਂ

ਅਗਨਿ ਤਾਪਣਾ ਆਦਿ ਸਭ ਵੱਡੀਆਂ ਨੇਕੀਆਂ ਵਿਚ ਸ਼ਾਮਲ ਸੀ ਪਰ ਸਰੀਰ ਨੂੰ ਇਤਨੇ ਸੰਕਟਾਂ ਵਿਚ ਪਾ ਕੇ ਵੀ ਮਨ ਨਹੀਂ ਸੀ ਸਾਧਿਆ ਜਾਂਦਾ। ਜੇ ਕਿਸੇ ਦਾ ਮਨ ਮਾੜਾ ਮੋਟਾ ਠੀਕ ਵੀ ਹੋ ਜਾਂਦਾ ਤਾਂ ਉਹ ਆਪਣੀ ਪਵਿਤ੍ਰਤਾ ਯਾ ਨੇਕੀ ਦਾ ਦਾਅਵਾ ਕਰਕੇ ਫਿਰ ਹਉਮੈ ਨਾਲ ਮਲੀਨ ਹੋ ਜਾਂਦਾ ਸੀ। ਇਸ ਕਰਕੇ ਗੁਰੂ ਸਾਹਿਬ ਨੇ ਇਨ੍ਹਾਂ ਕਰਮਕਾਂਡਾਂ ਨੂੰ ਆਪਣੀ ਧਰਮ—ਸਾਧਨਾ ਵਿਚ ਉਕਾ ਹੀ ਥਾਂ ਨਹੀਂ ਦਿਤੀ। ਉਨ੍ਹਾਂ ਦੇ ਵਿਚਾਰ ਤੇ ਅਨੁਭਵ ਅਨੁਸਾਰ ਸਾਰੇ ਧਰਮਾਂ ਵਿਚੋਂ ਸ੍ਰੇਸ਼ਟ ਧਰਮ 'ਹਰਿ ਕਾ ਸਿਮਰਨ' ਹੀ ਹੈ ਤੇ ਇਹੋ ਸਭ ਤੋਂ ਉਤਮ ਕਰਮ ਹੈ :—

ਸਰਬ ਧਰਮ ਮਹਿ ਸ੍ਰੇਸ਼ਟ ਕਰਮੁ
ਹਰਿ ਕੋ ਨਾਮ ਜਪਿ ਨਿਰਮਲ ਕਰਮੁ
ਸਗਲਿ ਕ੍ਰਿਆ ਮਹਿ ਊਤਮ ਕ੍ਰਿਆ
ਸਾਧ ਸੰਗਿ ਦੁਰਮਤਿ ਮਲ ਹਿਰਿਆ

ਇਹ ਸ੍ਰੇਸ਼ਟ ਧਰਮ ਦੀ ਪਾਠਸ਼ਾਲਾ ਸਾਧ ਸੰਗਤ ਹੈ ਜਿਥੇ ਕਿ ਦੁਰਮਤਿ ਦੀ ਮੈਲ ਧੋਤੀ ਜਾਂਦੀ ਤੇ ਗੁਰਮਤਿ ਦੀ ਪਾਹ ਚੜ੍ਹਦੀ ਹੈ। ਸੋ ਬਾਰ ਬਾਰ ਗੁਰੂ ਸਾਹਿਬ ਨੇ ਇਹੋ ਦ੍ਰਿੜ੍ਹ ਕਰਾਇਆ ਹੈ ਕਿ ਸਾਰੇ ਉਦਮਾਂ ਵਿਚੋਂ ਭਲਾ ਉੱਦਮ ਹਰਿ ਨਾਮ ਦਾ ਜਾਪ ਹੈ, ਹਰਿ ਕੀਰਤਨ ਜਾਂ ਰੱਬੀ ਮਹਿਮਾ ਹੈ। ਬਾਕੀ ਬਾਣੀ ਵਿਚ ਵੀ ਇਸੇ ਗੱਲ ਤੇ ਜ਼ੋਰ ਦਿਤਾ ਗਿਆ ਹੈ ਕਿ ਹਉਮੈ ਤਿਆਗ ਕੇ ਜੇ ਪ੍ਰਭੂ ਸਿਮਰਨ ਕੀਤਾ ਜਾਵੇ ਤਾਂ ਆਤਮਾ ਸ਼ੁਧ ਹੁੰਦੀ ਹੈ ਤੇ ਆਤਮਾ ਦੀ ਸ਼ੁੱਧੀ ਨਾਲ ਹੀ ਸੱਚੇ ਧਰਮ ਦੀ ਸੋਝੀ ਆਉਂਦੀ ਹੈ, ਸਤਿਗੁਰੂ ਤੋਂ ਅਤੇ ਸਾਧ ਸੰਗਤ ਤੋਂ।

(੨) **ਗੁਰੂ ਆਗਿਆ ਪਾਲਨ :** ਗੁਰੂ ਦੀ ਆਗਿਆ ਵਿਚ ਚਲਣਾ ਤੇ ਸਾਧੂ ਦੀ ਸੰਗਤ ਕਰਨਾ ਇਸ ਪਾਸੇ ਚਲਣ ਲਈ ਇਤਨਾ ਜ਼ਰੂਰੀ ਹੈ ਕਿ ਇਹ ਵੀ ਧਰਮ ਕਰਮ ਦਾ ਹੀ ਅੰਗ ਬਣਾਕੇ ਦ੍ਰਿੜਾਇਆ ਗਿਆ ਹੈ। ਗੁਰੂ ਉਹ ਹੈ ਜੋ ਸਤਿ ਪੁਰਖ ਨਾਲ ਅਭੇਦ ਹੈ, ਉਸੇ ਦੀ ਰਹਿਨੁਮਾਈ ਸੇਵਕ ਨੂੰ ਉਸ ਪਾਸੇ ਲਿਜਾ ਸਕਦੀ ਹੈ। ਸੇਵਕ ਲਈ ਵੱਡੀ ਸ਼ਰਤ ਨਿਰਹੰਗਤਾ ਤੇ ਨਿਸ਼ਕਾਮਤਾ ਧਾਰਨ ਕਰਨਾ ਹੈ।

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ
ਗੁਰ ਕੀ ਆਗਿਆ ਮਨ ਮਹਿ ਸਹੈ
ਆਪਸ ਕਉ ਕਰਿ ਕਛੁ ਨ ਜਨਾਵੈ
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ
ਮਨ ਬੇਚੈ ਸਤਿਗੁਰ ਕੇ ਪਾਸਿ
ਤਿਸ ਸੇਵਕ ਕੇ ਕਾਰਜ ਰਾਸਿ।
ਸੇਵਾ ਕਰਤ ਹੋਇ ਨਿਹਕਾਮੀ
ਤਿਸ ਕਉ ਹੋਤ ਪਰਾਪਤ ਸੁਆਮੀ। ੨। ੧੮।

ਗੁਰੂ ਮਾੜੇ ਪਾਸੇ ਲਗੇ ਮਨ ਨੂੰ ਠੀਕ ਕਰਕੇ ਚੰਗਿਆਈਆਂ ਵਲ ਲਾਉਂਦਾ ਹੈ ਤੇ ਭਲੇ ਪੁਰਸ਼ਾਂ ਦੀ ਸੰਗਤ ਨਾਲ ਇਹ ਰੁਝਾਨ ਹੋਰ ਪਰਿਪੱਕ ਹੁੰਦਾ ਰਹਿੰਦਾ ਹੈ: ਸੱਤਵੀਂ ਅਸ਼ਟਪਦੀ, ਸਾਧ ਸੰਤ ਦੇ ਮੇਲ-ਜੋਲ ਤੋਂ ਸ਼ਖਸੀਅਤ ਵਿਚ ਆਏ ਵਿਕਾਸ ਨੂੰ ਭਲੀ ਭਾਂਤ

ਉਜਾਗਰ ਕਰਦੀ ਹੈ ਕਿ ਕਿਸ ਤਰ੍ਹਾਂ ਨਵੇਂ ਪ੍ਰਕਾਸ਼ਮਈ ਜੀਵਨ ਦਾ ਅਰੰਭ ਹੁੰਦਾ ਹੈ :—

ਸਾਧ ਕੈ ਸੰਗਿ ਮੁਖ ਊਜਲ ਹੋਤ
ਸਾਧ ਸੰਗਿ ਮਲੁ ਸਗਲੀ ਖੋਤ
ਸਾਧ ਕੈ ਸੰਗਿ ਮਿਟੈ ਅਭਿਮਾਨੁ
ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ । ੧ । ੭ ਅ.

(੩) **ਬੁਰਿਆਈ ਦਾ ਤਿਆਗ** : ਗੁਰੂ ਦੇ ਉਪਦੇਸ਼ ਤੇ ਸਾਧੂ ਦੀ ਪ੍ਰੇਰਨਾ ਦਾ ਫਲ ਇਹ ਹੈ ਕਿ ਸਭ ਤੋਂ ਪਹਿਲਾਂ ਬੁਰਿਆਈਆਂ ਦਾ ਤਿਆਗ ਕੀਤਾ ਜਾਵੇ । ਦਰਅਸਲ ਇਹ ਬੁਰਿਆਈਆਂ, ਔਗੁਣ ਤੇ ਵਿਕਾਰ ਹੀ ਹਨ ਜੋ ਮਨੁਖੀ ਆਤਮਾ ਨੂੰ ਮਲੀਨ ਕਰਦੇ ਹਨ, ਤੇ ਮੈਲੀ ਰੂਹ ਪਰਮੇਸ਼ਰ ਦਾ ਵਸਲ ਹਾਸਲ ਨਹੀਂ ਕਰ ਸਕਦੀ । ਜਨਮ-ਜਨਮਾਂਤ੍ਰਾਂ ਤੋਂ ਇਹ ਵਿਕਾਰ ਮਨੁਖ ਨੂੰ ਮਲੀਨ ਕਰਦੇ ਆ ਰਹੇ ਹਨ :

ਬੈਰ ਬਿਰੋਧ ਕਾਮ ਕ੍ਰੋਧ ਮੋਹ । ਝੂਠ ਬਿਕਾਰ ਮਹਾਂ ਲੋਭ ਧ੍ਰੋਹ ।
ਇਆਹੂ ਜੁਗਤਿ ਬਿਹਾਨੇ ਕਈ ਜਨਮ । ਨਾਨਕ ਰਾਖਿ ਲੇਹੁ
ਆਪਨ ਕਰਿ ਕਰਮ । ੭ ।

ਇਸ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਆਤਮਿਕ ਸ਼ੁੱਧੀ ਕੀਤੀ ਜਾਵੇ । ਇਸ ਸ਼ੁੱਧੀ ਦਾ ਮਾਰਗ ਗੁਰੂ ਦਰਸਾਉਂਦਾ ਹੈ, ਸਾਧੂ ਦੀ ਸੰਗਤ ਤੋਂ ਬਿਰਤੀ ਇਸ ਪਾਸੇ ਲਗਦੀ ਹੈ :

ਸਿਖ ਕੀ ਗੁਰ ਦੁਰਮਤਿ ਮਲੁ ਹਿਰੈ
ਗੁਰਬਚਨੀ ਹਰਿਨਾਮ ਉਚਰੈ ।
ਸਤਿਗੁਰ ਸਿਖ ਕੇ ਬੰਧਨ ਕਾਟੈ
ਗੁਰ ਕਾ ਸਿਖ ਬਿਕਾਰ ਤੇ ਹਾਟੈ । ੧ । (੧੮ ਅ.)
ਜਨਮ ਮਰਨ ਕੇ ਮਿਟੇ ਅਦੇਸੇ । ਸਾਧੂ ਕੇ ਪੂਰਨ ਉਪਦੇਸੇ
ਭਉ ਚੂਕਾ ਨਿਰਭਉ ਹੋਇ ਬਸੇ । ਸਗਲ ਬਿਆਧਿ ਮਨ ਤੇ ਖੈ ਨਸੇ
। ੭ । (੧੮ ਅ)

ਇਸ ਕਰਕੇ ਆਤਮਿਕ ਸਫ਼ਾਈ ਲਈ ਜ਼ੋਰ ਇਸ ਗੱਲ ਤੇ ਦਿਤਾ ਗਿਆ ਹੈ ਕਿ ਸਿਖ, ਵਿਕਾਰਾਂ ਤੋਂ ਆਪਣੇ ਆਪ ਨੂੰ ਬਚਾਵੇ, ਕੰਨਾਂ ਨੂੰ ਨਿੰਦਾਂ ਤੋਂ, ਨੇਤ੍ਰਾਂ ਨੂੰ ਪਰ ਰੂਪ ਤੱਕਣ ਤੋਂ, ਰਸਨਾ ਨੂੰ ਰਸਾਂ-ਕਸਾਂ ਦੇ ਸੁਆਦ ਤੋਂ, ਪੈਰਾਂ ਨੂੰ ਮੰਦੇ ਪਾਸੇ ਤੁਰਨ ਤੋਂ ਅਤੇ ਮਨ ਨੂੰ ਵਾਸਨਾ ਲੋਭ ਲਾਲਚ ਤੋਂ ਦੂਰ ਰੱਖੇ ਕਿਉਂਕਿ ਇਹ ਸਭ ਕੂੜ ਹੈ, ਫਜ਼ੂਲ ਬਕੜਵਾਦ ਹੈ; ਸੋ ਇੰਦ੍ਰਯਜਿੱਤ ਹੋਣ ਦੀ ਲੋੜ ਹੈ ਤਾਂ ਕਿ ਇਹ ਜਾਲ, ਮੁੜ ਬੰਧਨ ਨ ਪਾ ਸਕਣ ।

ਕੋਈ ਆਦਮੀ ਸੰਤ ਭਗਤ ਕਾਹਦਾ ਹੈ ਜੇ ਉਹ ਸਾਧਾਰਣ ਬੁਰਿਆਈਆਂ ਵਲੋਂ ਵੀ ਮਨ ਨੂੰ ਹੋੜ ਨਾ ਸਕੇ, ਕਾਮ ਕ੍ਰੋਧ ਲੋਭ ਮੋਹ ਦਾ ਹੱਲ ਤੋੜ ਨਾ ਸਕੇ । ਇਸ ਕਰਕੇ ਗੁਰੂ ਸਾਹਿਬ ਇਕ ਇਕ ਬੁਰਿਆਈ ਦਾ ਚਰਚਾ ਕਰਕੇ ਮਨ ਨੂੰ ਸਾਵਧਾਨ ਕਰਦੇ ਹਨ :—

ਮਿਥਿਆ ਸ੍ਰਵਨ ਪਰਨਿੰਦਾ ਸੁਨਹਿ । ਮਿਥਿਆ ਹਸਤ ਪਰ ਦਰਬ ਕਉ ਹਿਰਹਿ
ਮਿਥਿਆ ਨੇਤ੍ਰ ਪੇਖਤ ਪਰਤ੍ਰਿਅ ਰੂਪਾਦ । ਮਿਥਿਆ ਰਸਨਾ ਭੋਜਨ ਅਨਸ੍ਵਾਦ

ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ । ਮਿਥਿਆ ਮਨ ਪਰ ਲੋਭ ਲੁਭਾਵਹਿ
ਮਿਥਿਆ ਤਨ ਨਹੀਂ ਪਰਉਪਕਾਰਾ । ਮਿਥਿਆ ਬਾਸੁ ਲੇਤ ਬਿਕਾਰਾ ।੪।੪।
'ਮਿਥਿਆ ਨਾਹੀ ਰਸਨਾ ਪਰਸ
ਮਨ ਮਹਿ ਪ੍ਰੀਤਿ ਨਿਰੰਜਨ ਦਰਸ ।
ਪਰਤ੍ਰਿਆ ਰੂਪੁ ਨ ਪੇਖੈ ਨੇਤ੍ਰ
ਸਾਧ ਕੀ ਟਹਿਲ ਸੰਤ ਸੰਗਿ ਹੇਤ ।
ਕਰਨ ਨ ਸੁਨੈ ਕਾਹੂ ਕੀ ਨਿੰਦਾ
ਸਭ ਤੇ ਜਾਨੈ ਆਪਸ ਕਉ ਮੰਦਾ ।
ਗੁਰਪ੍ਰਸਾਦਿ ਬਿਖਿਆ ਪਰਹਰੈ
ਮਨ ਕੀ ਬਾਸਨਾ ਮਨ ਤੇ ਟਰੈ ।
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ
ਨਾਨਕ ਕੋਟਿ ਮਧੇ ਕੋ ਐਸਾ ਅਪਰਸ । ।
ਭਗਉਤੀ ਭਗਵੰਤ ਭਗਤਿਕਾ ਰੰਗੁ
ਸਗਲ ਤਿਆਗੈ ਦੁਸਟ ਕਾ ਸੰਗੁ
ਮਨ ਤੇ ਬਿਨਸੈ ਸਗਲਾ ਭਰਮ
ਕਰਿ ਪੂਜੈ ਸਗਲਾ ਪਾਰਬ੍ਰਹਮੁ
ਸਾਧ-ਸੰਗਿ ਪਾਪਾ ਮਲੁ ਖੋਵੈ
ਤਿਸੁ ਭਗਉਤੀ ਕੀ ਮਤਿ ਊਤਮੁ ਹੋਵੈ । ੩ । (ਅ ੯)

ਕਈ ਵਾਰ ਆਪ ਇਨ੍ਹਾਂ ਬਦੀਆਂ ਤੋਂ ਪੂਰਨ ਭਾਂਤ ਤਾਂ ਬਚ ਨਹੀਂ ਹੁੰਦਾ । ਇਸ ਕਰਕੇ ਅਨੇਕ ਥਾਈਂ ਗੁਰਦੇਵ ਦੀ ਮੇਹਰ ਮੰਗੀ ਹੈ, ਅਰਦਾਸ ਕੀਤੀ ਹੈ ਕਿ ਹੇ ਪ੍ਰਭੂ ! ਤੂ ਸਾਡੀਆਂ ਇਹ ਕਾਲਖਾਂ ਧੋ ਛੱਡ :—

ਕਾਮ ਕ੍ਰੋਧ ਅਰ ਲੋਭ ਮੋਹ, ਬਿਨਸਿ ਜਾਇ ਅਹੰਮੇਵ
ਨਾਨਕ ਪ੍ਰਭੂ ਸਰਣਾਗਤੀ, ਕਰਿ ਪ੍ਰਸਾਦੁ ਗੁਰਦੇਵ । ੧ । (ਅ. ੬)

ਇਸ ਤਰ੍ਹਾਂ ਪਾਪ ਜਾਂ ਬੁਰਿਆਈ ਤੋਂ ਬਚਣ ਦੀ ਬਾਰ ਬਾਰ ਤਾਕੀਦ ਹੈ ਤਾਂ ਕਿ ਆਤਮਾ ਪਵਿਤਰ ਹੋ ਕੇ ਰੱਬ ਨਾਲ ਮਿਲਾਪ ਦੇ ਯੋਗ ਹੋ ਸਕੇ ।

(੪) **ਨਿਸ਼ਕਾਮਤਾ** : ਬੁਰਿਆਈ ਦੇ ਤਿਆਗ ਤੇ ਚੰਗਿਆਈ ਦੇ ਗ੍ਰਹਣ ਤੋਂ ਬਾਦ ਜਿਸ ਗੱਲ ਉਤੇ ਬਾਰ ਬਾਰ ਜ਼ੋਰ ਦਿਤਾ ਗਿਆ ਹੈ, ਉਹ ਨਿਸ਼ਕਾਮਤਾ ਹੈ । ਇਸਦਾ ਸਪਸ਼ਟ ਮਨੋਰਥ ਇਹ ਹੈ ਕਿ ਜਗਿਆਸੂ ਕਿਸੇ ਮਨ ਦੀ ਮੁਰਾਦ ਨੂੰ ਮੱਦਿ-ਨਜ਼ਰ ਰਖਕੇ ਇਹ ਸਭ ਕੁਝ ਨ ਕਰੇ । ਸਿਮਰਨ ਜਾਂ ਕੋਈ ਨੇਕੀ ਕਰਕੇ ਇਹ ਖਿਆਲ ਨ ਲਿਆਵੇ ਕਿ ਮੈਂ ਇਸਦੇ ਇਵਜ਼ ਵਿਚ ਪ੍ਰਭੂ ਤੋਂ ਇਹ ਲੈਣਾ ਹੈ । ਸਗੋਂ ਬਾਰ ਬਾਰ ਇਹ ਦ੍ਰਿੜ੍ਹਾਇਆ ਹੈ ਕਿ ਉਹ ਬਿਲਕੁਲ ਨਿਸ਼ਕਾਮ ਰਹੇ—'ਸੇਵਾ ਕਰਤ ਹੋਇ ਨਿਹਕਾਮੀ । ਤਿਸੁ ਕਉ ਹੋਤ ਪ੍ਰਾਪਤ ਸੁਆਮੀ ।' ਗੀਤਾ ਵਿਚ ਵੀ ਇਹ ਚਿਤਾਵਨੀ ਕੀਤੀ ਮਿਲਦੀ ਹੈ ਕਿ 'ਹੇ ਅਰਜਨ ! ਇਹ ਸਭ ਕੰਮ ਕਾਜ ਤੂੰ ਮੇਰੇ ਸਮਰਪਣ ਕਰ ਦੇ ਤੇ ਹੋਰ ਕੋਈ ਇੱਛਾ ਨ ਰੱਖ ।' ਸੁਖਮਨੀ ਸਾਹਿਬ ਵਿਚ

ਵੀ ਇਹੋ ਉਚੇਚੀ ਤਾਕੀਦ ਹੈ ਕਿ ਅਧਿਆਤਮਕ ਮਾਰਗ ਦਾ ਪਾਂਧੀ ਕਿਸੇ ਕਿਸਮ ਦੀ ਖੁਦਗਰਜ਼ੀ ਦਾ ਸ਼ਿਕਾਰ ਨਾ ਹੋਵੇ। ਹਦਾਯਤ ਹੈ :—

ਕਾਹੂ, ਫਲ ਕੀ ਇਛਾ ਨਹੀਂ ਬਾਂਛੈ
ਕੇਵਲ ਭਗਤਿ ਕੀਰਤਨ ਸੰਗਿ ਰਾਚੈ

(ਪ) **ਨਿੰਮ੍ਰਤਾ** : ਕਈ ਭਲੇ ਪੁਰਸ਼ ਆਮ ਵਿਕਾਰਾਂ ਜਾਂ ਔਗੁਣਾਂ ਤੋਂ ਆਪਣੇ ਆਪ ਨੂੰ ਬਚਾ ਕੇ ਨੇਕੀ ਵਲ ਲੱਗ ਜਾਂਦੇ ਹਨ, ਇਹ ਇਕ ਚੰਗੀ ਅਵਸਥਾ ਹੈ, ਪਰ ਹੌਲੀ ਹੌਲੀ ਖ਼ੁਦ ਹਉਮੈ ਦਾ ਸ਼ਿਕਾਰ ਹੋ ਜਾਂਦੇ ਹਨ। ਗੁਰੂ ਸਾਹਿਬ ਨੇ ਇਸਦਾ ਵਧੀਆ ਇਲਾਜ ਦੱਸਿਆ ਹੈ—ਨਿੰਮ੍ਰਤਾ, ਨਿਰਮਾਣਤਾ। ਭਾਰਤੀ ਸਾਧਕ ਆਮ ਤੌਰ ਤੇ ਚਾਰ ਪਦਾਰਥਾਂ ਦੇ ਇੱਛਕ ਰਹੇ ਹਨ ਤੇ ਇਨ੍ਹਾਂ ਮੰਤਵਾਂ ਦੀ ਪੂਰਤੀ ਲਈ ਹੀ ਉਹ ਸਾਰੇ ਕਰਮ ਧਰਮ ਕਰਦੇ ਆਏ ਹਨ, ਇਹ ਮੰਤਵ ਹਨ—ਧਰਮ, ਅਰਥ, ਕਾਮ, ਮੋਖ। ਗੁਰੂ ਜੀ ਨੇ ਇਹ ਗੱਲ ਸਮਝਾਈ ਹੈ ਕਿ ਸਾਧ ਸੰਗਤ ਤੋਂ ਇਨ੍ਹਾਂ ਚਾਰੇ ਪਦਾਰਥਾਂ ਦੀ ਪ੍ਰਾਪਤੀ ਸੰਭਵ ਹੈ ਪਰ ਇਸ ਤੋਂ ਵੀ ਵਡੇਰੀ ਪ੍ਰਾਪਤੀ ਲਈ ਜੇ ਤਾਂਘ ਹੋਵੇ ਤਾਂ ਨਿੰਮ੍ਰਤਾਵਾਨ ਹੋਣਾ ਸਭ ਤੋਂ ਵਧ ਜ਼ਰੂਰੀ ਹੈ। ਨਿੰਮ੍ਰਤਾ ਤੇ ਗਰੀਬੀ ਹੀ ਉਹ ਭੂਸ਼ਣ ਹੈ ਜੋ ਪਰਮ ਮਨੁਖ ਦਾ ਸ਼ਿੰਗਾਰ ਬਣਦਾ ਹੈ। ਸ੍ਰੇਸ਼ਟਾਚਾਰ ਦਾ ਸਾਰੰਸ਼ ਅਤਿ ਆਜਿਜ਼ ਜਾਂ ਹਲੀਮ ਹੋਣਾ ਹੈ:—

'ਚਾਰਿ ਪਦਾਰਥ ਜੇ ਕੋ ਮਾਂਗੈ। ਸਾਧ ਜਨਾਂ ਕੀ ਸੇਵਾ ਲਾਗੈ
ਜੇ ਕੋ ਅਪੁਨਾ ਦੂਖੁ ਮਿਟਾਵੈ : ਹਰਿ ਹਰਿ ਨਾਮੁ ਰਿਦੈ ਸਦ ਗਾਵੈ
ਜੇ ਕੋ ਅਪਨੀ ਸ਼ੋਭਾ ਲੋਰੈ। ਸਾਧਸੰਗਿ ਇਹ ਹਉਮੈ ਛੋਰੈ।'

'ਸਗਲ ਪੁਰਖ ਮਹਿ ਪੁਰਖੁ ਪ੍ਰਧਾਨ। ਸਾਧ ਸੰਗਿ ਜਾਕਾ ਮਿਟੈ ਅਭਿਮਾਨੁ
ਆਪਸ ਕਉ ਜੋ ਜਾਣੈ ਨੀਚਾ। ਸੋਊ ਗਨੀਐ ਸਭ ਤੇ ਊਚਾ
ਜਾਂਕਾ ਮਨੁ ਹੋਇ ਸਗਲ ਕੀ ਰੀਨਾ।
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ।'

। ੬ । (ਅ. ੩)

ਬ੍ਰਹਮ ਗਿਆਨੀ ਵਾਲੀ ਅਸਟਪਦੀ ਵਿਚ ਵੀ ਇਹ ਉਚੇਚਾ ਜ਼ਿਕਰ ਹੈ ਕਿ ਉਹ ਗਰੀਬੀ ਤੇ ਆਜਜ਼ੀ ਨਾਲ ਅਲੰਕ੍ਰਿਤ ਰਹਿੰਦਾ ਤੇ ਨਾਲ ਹੀ ਦੂਜੇ ਦੀ ਭਲਾਈ ਲਈ ਉਤਸੁਕ ਹੁੰਦਾ ਹੈ।

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।

ਵੱਡੇ ਬਣਨ ਦਾ ਅਸਲ ਰਾਹ, ਛੋਟੇ ਜਾਂ ਵਿਨਿੰਮ੍ਰ ਹੋਣਾ ਹੈ। ਜੋ ਆਪਣੇ ਆਪ ਨੂੰ ਨੀਚ ਕਹਾ ਸਕਦਾ ਹੈ, ਉਹੋ ਉਚਾ ਬਣਨ ਦਾ ਅਧਿਕਾਰ ਪਾਉਂਦਾ ਹੈ।

ਨਿੰਮ੍ਰਤਾ ਨੂੰ ਕੋਈ ਛੋਟੀ ਗੱਲ ਨ ਸਮਝਿਆ ਜਾਵੇ ਸਗੋਂ ਸਤਿਗੁਰਾਂ ਇਹ ਗੱਲ ਦ੍ਰਿੜ੍ਹਾਈ ਹੈ ਕਿ ਹਲੀਮੀ ਜਾਂ ਮਸਕੀਨਗੀ ਧਾਰਨ ਵਾਲਾ ਪੁਰਸ਼ ਦੋਹਾਂ ਲੋਕਾਂ ਵਿਚ ਹੀ ਵਡਿਆਈ ਤੇ ਸੱਚੀ ਖੁਸ਼ੀ ਹਾਸਲ ਕਰਦਾ ਹੈ।

ਕਰਿ ਕਿਰਪਾ ਜਿਸਕੈ ਹਿਰਦੈ ਗਰੀਬੀ ਬਸਾਵੈ
ਨਾਨਕ ਈਹਾਂ ਮੁਕਤੁ ਆਗੈ ਸੁਖੁ ਪਾਵੈ । ੧ । (ਅ. ੧੨)
'ਸੁਖੀ ਬਸਹਿ ਮਸਕੀਨੀਆ ਆਪਿ ਨਿਵਾਰ ਤਲੇ ।'

੧੨ ਵੀਂ ਅਸਟਪਦੀ ਨਿੰਮ੍ਰਤਾ ਦੀ ਮਹਿਮਾ ਦਸਦੀ ਤੇ ਗ਼ਰੂਰ ਦਾ ਸਿਰ ਚਕਨਾਚੂਰ ਕਰਦੀ ਹੈ । ਨਿੰਮ੍ਰਤਾ ਦਾ ਤਿਆਗ ਕਰਕੇ ਜੋ ਝੂਠੇ ਅਭਿਆਨ ਦਾ ਸ਼ਿਕਾਰ ਹੁੰਦਾ ਹੈ, ਉਹ ਸਮਝਦਾਰ ਨਹੀਂ । ਜੋ ਕਿਸੇ ਨੂੰ ਕੁਝ ਜਾਣਦਾ ਹੀ ਨਹੀਂ, ਉਹ ਅੰਤ ਖੁਆਰ ਹੁੰਦਾ ਹੈ । ਇਸ ਕਰਕੇ ਅੱਛਾ ਹੈ ਕਿ ਨਿੰਮ੍ਰਤਾ ਤੇ ਆਜਜ਼ੀ ਨੂੰ ਆਪਣਾ ਸਾਥੀ ਬਣਾਇਆ ਜਾਵੇ । ਇਸ ਲੋਕ ਵਿਚ ਜਿਸਦੀ ਆਤਮਾ ਦ੍ਰਵੀਭੂਤ ਨਹੀਂ ਹੁੰਦੀ, ਦੂਜੇ ਲਈ ਸੁਹਿਰਦ ਨਹੀਂ, ਉਹ ਪ੍ਰਲੋਕ ਕਿਵੇਂ ਸਵਾਰ ਸਕਦਾ ਹੈ । ਇਸ ਕਰਕੇ ਨਿੰਮ੍ਰਤਾ ਧਾਰਨਾਂ ਦੋਹਾਂ ਜਹਾਨਾਂ ਦੀ ਭਲਾਈ ਲਈ ਅਤਿਅੰਤ ਆਵੱਸ਼ਕ ਹੈ ।

(੬) **ਸਮਦ੍ਰਿਸ਼ਟੀ** : ਚੰਗੇ ਮੰਦੇ, ਉਚੇ ਨੀਵੇਂ, ਮਿਤ੍ਰ ਸ਼ਤ੍ਰ, ਧਨੀ ਨਿਰਧਨ ਸਭ ਨੂੰ ਇਕ ਦ੍ਰਿਸ਼ਟੀ ਨਾਲ ਤੱਕ ਕੇ ਇਕ-ਸਮਾਨ ਵਰਤਾਉ ਕਰਨਾ ਔਖੀ ਗੱਲ ਹੈ ਪਰ ਜੋ ਗੁਰੂ ਦੇ ਮਾਰਗ ਤੇ ਚਲਦਾ ਸਿਮਰਨ ਦਾ ਰਾਹ ਅਪਣਾ ਲੈਂਦਾ ਹੈ, ਉਸ ਨੂੰ ਹਰ ਥਾਂ ਪ੍ਰਭੂ ਪਰਮੇਸ਼ਰ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ । ਇਸ ਕਰਕੇ ਉਹ ਕਿਸੇ ਨੂੰ ਚੰਗਾ ਮੰਦਾ ਜਾਂ ਛੋਟਾ ਵੱਡਾ ਨਾ ਸਮਝਕੇ ਉਸੇ ਪਰਮਾਤਮਾ ਦਾ ਰੂਪ ਸਮਝਦਾ ਤੇ ਸਭ ਨੂੰ ਪਿਆਰ ਕਰਦਾ ਹੈ ।

ਵੈਸੇ ਇਹ ਗੱਲ ਅੱਜ ਕੱਲ ਦੀ ਦੁਨੀਆਂ ਵਿਚ ਯਥਾਰਥਕ ਨਹੀਂ ਜਾਪਦੀ ਤੇ ਨਾ ਹੀ ਛੇਤੀ ਛੇਤੀ ਹਰ ਕੋਈ ਇਸਨੂੰ ਇਉਂ ਪਰਵਾਣ ਕਰਦਾ ਹੈ ਜਿਵੇਂ ਕਿ ਸਤਿਗੁਰਾਂ ਇਸਨੂੰ ਚਿਤ੍ਰਿਤ ਕੀਤਾ ਹੈ । ਲੇਕਿਨ ਗੁਰੂ ਸਾਹਿਬ ਨੇ ਸੁਖਮਨੀ ਵਿਚ ਸੰਪੂਰਨ ਮਨੁੱਖ ਦਾ ਇਕ ਜ਼ਰੂਰੀ ਲੱਛਣ ਮੰਨਦਿਆਂ ਬਾਰ ਬਾਰ ਇਹ ਕਿਹਾ ਕਿ ਬ੍ਰਹਮ ਗਿਆਨੀ ਰਾਗ ਦ੍ਵੈਖ ਤੇ ਸੁਖ ਦੁਖ ਵਿਚ ਸਮਾਨ ਰਹਿੰਦਾ ਹੈ ਤੇ ਹਰ ਮਿਤ੍ਰ ਸ਼ਤਰੂ, ਰਾਜਾ ਰੰਕ, ਊਚ ਨੀਚ, ਕੰਚਨ ਮਾਟੀ ਨੂੰ ਸਮਦ੍ਰਿਸ਼ਟੀ ਨਾਲ ਤੱਕਦਾ ਹੈ । ਇਸ ਸਮਦ੍ਰਿਸ਼ਟੀ ਵਿਚ ਬੁਰਾਈ ਉਕਾ ਹੀ ਨਹੀਂ ਸਗੋਂ ਸਰਬਤ ਦੀ ਭਲਾਈ ਜਾਂ ਸ਼ੁਭ-ਚਿੰਤਨ ਹੈ :—

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ । ੧ । ੮ !
ਬ੍ਰਹਮ ਗਿਆਨੀ ਸਦਾ ਸਮਦਰਦਸੀ
ਬ੍ਰਹਮ ਗਿਆਨੀ ਦੀ ਦ੍ਰਿਸਟਿ ਅੰਮ੍ਰਿਤ ਬਰਸੀ । ੩ । ੮ ।

ਅਜੇਹੇ ਸੁਭਾਉ ਵਾਲੇ ਨੂੰ ਮਰਨ ਪਿਛੋਂ ਮੁਕਤੀ ਲੈਣ ਦੀ ਲੋੜ ਨਹੀਂ, ਉਹ ਜੀਊਂਦਿਆਂ-ਜੀ ਮੁਕਤ ਹੈ, ਚੂੰਕਿ ਉਹ ਸਭ ਦੇ ਭਲੇ ਲਈ ਵਰਤਦਾ ਹੈ ਤੇ ਸਭ ਉਸ ਦੇ ਸ਼ੁਭ-ਚਿੰਤਕ ਹੁੰਦੇ ਹਨ :—

ਪ੍ਰਭ ਕੀ ਆਗਿਆ ਆਤਮ ਹਿਤਾਵੈ । ਜੀਵਨ ਮੁਕਤਿ ਸੋਊ ਕਹਾਵੈ
ਤੈਸਾ ਹਰਖੁ ਤੈਸਾ ਉਸੁ ਸੋਗੁ । ਸਦਾ ਅਨੰਦੁ ਤਹ ਨਹੀਂ ਬਿਓਗੁ ।
ਤੈਸਾ ਸੁਵਰਨ ਤੈਸੀ ਉਸ ਮਾਟੀ । ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ
ਤੈਸਾ ਮਾਨੁ ਤੈਸਾ ਅਭਿਮਾਨੁ । ਤੈਸਾ ਰੰਕੁ ਤੈਸਾ ਰਾਜਾਨੁ
ਜੋ ਵਰਤਾਏ ਸਾਈ ਜੁਗਤਿ ।

ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ । ੭ । ੯ ।
'ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ।
ਸੰਤ ਜਨਾ ਕੈ ਹਿਰਦੈ ਸਭਿ ਧਰਮ । ੪ । ਅ. ੨੩
ਸਾਧਸੰਗਿ ਕਿਸ ਸਿਉ ਨਹੀਂ ਬੈਰੁ । ਸਾਧ ਕੈ ਸੰਗਿ ਨ ਬੀਗਾ ਪੈਰੁ ।'
ਸਾਧ ਕੇ ਸੰਗ ਨਾਹੀ ਕੋ ਮੰਦਾ । ਸਾਧਸੰਗਿ ਜਾਨੇ ਪਰਮਾਨੰਦਾ । ੩ ।

ਸਮ-ਦ੍ਰਿਸ਼ਟਾ ਹੋਣਾ ਕੋਈ ਮਾਮੂਲੀ ਗੱਲ ਨਹੀਂ; ਇਹ ਤਾਂ ਪ੍ਰੌਢ ਮਾਨਵਤਾ ਦਾ ਲੱਛਣ ਹੈ ਤੇ ਕਿਸੇ ਵਿਰਲੇ ਦੇ ਭਾਗਾਂ ਵਿਚ ਹੀ ਇਹ ਗੁਣ ਆਉਂਦਾ ਹੈ । ਧਰਮਾਤਮਾ ਵਿਅਕਤੀ, ਦ੍ਵੈਸ਼ ਭਾਵਨਾ ਤੋਂ ਉਤਾਂਹ ਲੰਘ ਜਾਂਦਾ ਹੈ ਤੇ ਉਸਨੂੰ ਆਪਣਾ ਪਿਆਰਾ ਪਰਮੇਸ਼ਰ ਹੀ ਸਾਰੇ ਰਵਿਆ ਦਿਸਦਾ ਹੈ, ਇਸ ਲਈ ਉਹ ਕਿਸੇ ਨੂੰ ਤ੍ਰਿਸਕਾਰ ਦੀ ਦ੍ਰਿਸ਼ਟੀ ਨਾਲ ਦੇਖ ਹੀ ਨਹੀਂ ਸਕਦਾ ।

(੭) **ਭਾਣਾ** : ਮੂਲ ਸਿਧਾਂਤ ਇਹ ਹੈ ਕਿ ਕਰਤਾ ਧਰਤਾ ਪਰਮੇਸਰ ਹੈ, ਮਨੁੱਖ ਨਹੀਂ । ਜੋ ਹਉਮੈ-ਗ੍ਰਸਤ ਜੀਵ ਇਹ ਸਮਝਦਾ ਹੈ ਕਿ ਮੈਂ ਇਹ ਗੱਲ ਕਰ ਸਕਦਾ ਹਾਂ, ਉਹ ਭਰਮ ਦਾ ਸ਼ਿਕਾਰ ਹੈ । ਇਸ ਲਈ ਇਹ ਗੱਲ ਨਿਸਚੇ ਕਰਾਈ ਗਈ ਹੈ ਕਿ ਸੱਚੇ ਸੁਖ ਦੀ ਪ੍ਰਾਪਤੀ ਉਸਦੇ ਹੁਕਮ ਵਿਚ ਚਲਣ ਅੰਦਰ ਹੈ ਤੇ ਖੁਸ਼ੀ ਖੁਸ਼ੀ ਹੁਕਮ ਨੂੰ ਪਰਵਾਣ ਕਰਨ ਦਾ ਨਾਮ ਹੀ ਭਾਣਾ ਮੰਨਣਾ ਹੈ । ੧੧ ਵੀਂ ਅਸਟਪਦੀ ਵਿਚ ਫ਼ੁਰਮਾਨ ਹੈ :—

ਕਰਣ ਕਾਰਣ ਪ੍ਰਭੁ ਏਕ ਹੈ, ਦੂਸਰ ਨਾਹੀ ਕੋਇ
ਨਾਨਕ ਤਿਸ ਬਲਿਹਾਰਣੈ, ਜਲਿ ਥਲਿ ਮਹੀਅਲਿ ਸੋਇ । ੧ । (੧੧ ਅ.
ਕਹੁ ਮਾਨੁਖ ਤੇ ਕਿਆ ਹੋਇ ਆਵੈ । ਜੋ ਤਿਸੁ ਭਾਵੈ ਸੋਈ ਕਰਾਵੈ
ਇਸ ਕੈ ਹਾਥਿ ਹੋਇ ਤਾਂ ਸਭੁ ਕਿਛੁ ਲੇਇ ।
ਜੋ ਤਿਸੁ ਭਾਵੈ ਸੋਇ ਕਰੇਇ । ੧੧ ।
ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ । ਦੇਵਨ ਕਉ ਏਕੈ ਭਗਵਾਨੁ
ਜਿਸ ਕੈ ਦੀਐ ਰਹੈ ਅਘਾਇ । ਬਹੁਰਿ ਨ ਤ੍ਰਿਸਨਾ ਲਾਗੈ ਆਇ ।
ਮਾਰੈ ਰਾਖੈ ਏਕੋ ਆਪਿ । ਮਾਨੁਖ ਕੈ ਕਿਛੁ ਨਾਹੀ ਹਾਥਿ
ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ।
ਤਿਸਕਾ ਨਾਮੁ ਰਖੁ ਕੰਠਿ ਪਰੋਇ । ੧ । (੧੪ ਅ.

ਜਦੋਂ ਹਕੀਕਤ ਹੀ ਇਹ ਹੈ ਕਿ ਮੈਂ ਕੁਛ ਵੀ ਕਰਨ ਜੋਗਾ ਨਹੀਂ, ਸਭ ਕੁਛ ਕਰਨ ਵਾਲਾ ਪਰਮੇਸਰ ਹੈ ਤਾਂ ਉਸ ਸਮਰੱਥ ਅੱਗੇ ਸਿਰ ਝੁਕਾਉਣਾ ਬਣਦਾ ਹੈ—

ਜਿਸ ਠਾਕੁਰ ਸਿਉ ਨਾਹੀ ਚਾਰਾ । ਤਾਂ ਕਉ ਕੀਜੈ ਸਦ ਨਮਸਕਾਰਾ ।੧ ੪

ਸੇਵਕ ਲਈ ਇਹੋ ਮਾਰਗ ਸੁਖਦਾਈ ਹੈ ਕਿ ਉਹ ਸੁਆਮੀ ਦੀ ਆਗਿਆ ਦਾ ਪਾਲਣ ਕਰੇ ਤੇ ਉਸ ਨੂੰ ਆਪਣਾ ਆਪ ਸਮਰਪਨ ਕਰ ਦੇਵੇ । ਇਸ ਨਾਲ ਉਸਦੀ ਖੁਸ਼ੀ ਵਿਚ ਹੋਰ ਘਣੇਰਾ ਵਾਧਾ ਹੋਵੇਗਾ :—

ਜਿਸ ਕੀ ਬਸਤੁ ਤਿਸ ਆਗੈ ਰਾਖੈ । ਪ੍ਰਭ ਕੀ ਆਗਿਆ ਮਾਨੈ ਮਾਥੈ
ਉਸਤੇ ਚਉਗਨ ਕਰੈ ਨਿਹਾਲੁ ।
ਨਾਨਕ ਸਾਹਿਬੁ ਸਦਾ ਦਇਆਲੁ । ੨ । ੫ ।

ਇਸ ਕਰਕੇ ਸ੍ਰੇਸ਼ਟ ਮਨੁਖ ਉਹ ਹਨ, ਜੋ ਉਸ ਦੇ ਭਾਣੇ ਵਿਚ ਚਲਦੇ ਤੇ ਉਸਦੀ ਆਗਿਆ ਨੂੰ ਠੀਕ ਠੀਕ ਪਰਵਾਣ ਕਰਦੇ ਹਨ :—

ਕਰਹਿ ਭਗਤਿ ਆਤਮ ਕੈ ਚਾਇ । ਪ੍ਰਭ ਅਪਨੇ ਸਿਉ ਰਹਹਿ ਸਮਾਇ
ਜੋ ਹੋਆ ਹੋਵਤ ਸੋ ਜਾਨੈ । ਪ੍ਰਭ ਅਪਨੇ ਕਾ ਹੁਕਮੁ ਪਛਾਨੈ । ੭ । ੭ ।
'ਜੋ ਕਿਛੁ ਕਰੇ ਸੁ ਪ੍ਰਭ ਕੈ ਰੰਗਿ । ਸਦਾ ਸਦਾ ਬਸੈ ਹਰਿ ਸੰਗਿ
ਸਹਜ ਸੁਭਾਇ ਹੋਵੈ ਸੋ ਹੋਇ । ਕਰਣੈਹਾਰੁ ਪਛਾਣੈ ਸੋਇ
ਪ੍ਰਭ ਕਾ ਕੀਆ ਜਨ ਮੀਠ ਲਗਾਨਾ । ਜੈਸਾ ਸਾ ਤੈਸਾ ਦ੍ਰਿਸਟਾਨਾ ।'

ਭਾਣੇ ਵਿਚ ਚਲਣ ਵਾਲੀ ਅਵਸਥਾ ਦੇ ਅਨੁਕੂਲ ਬਣਨ ਲਈ ਹੀ ਸਿਮਰਨ ਦਾ ਸ਼ਾਹਰਾਹ ਸਮਝਾਇਆ ਗਿਆ ਹੈ, ਹਉਮੈ ਛਡਕੇ ਨਿੰਮ੍ਰਤਾ ਧਾਰਨ ਦਾ ਉਪਦੇਸ਼ ਹੈ, ਸਮਦ੍ਰਿਸ਼ਟੀ ਰਖਣ ਦੀ ਤਾਕੀਦ ਹੈ; ਇਹ ਖੂਬੀਆਂ ਐਸੀਆਂ ਹਨ ਜਿਨ੍ਹਾਂ ਆਸਰੇ ਹੁਕਮ ਵਿਚ ਚਲਣ ਦੇ ਯੋਗ ਬਣ ਸਕੀਦਾ ਹੈ । ਸੋ 'ਸੁਖਮਨੀ' ਵਿਚ ਦੱਸਿਆ ਸਾਧਨਾ ਮਾਰਗ, ਜਿਥੇ ਮਨੁੱਖ ਨੂੰ ਅਧਿਆਤਮਕ ਉਚਤਾ ਵਲ ਲਿਜਾਕੇ ਵਿਸ਼ਾਲ ਪਰਮਾਤਮਾ ਦਾ ਰੂਪ ਬਣਾਉਂਦਾ ਹੈ, ਉਥੇ ਬੁਰਿਆਈਆਂ, ਔਗੁਣਾਂ ਦੀ ਮੈਲ ਧੋ ਕੇ ਇਸ ਨੂੰ ਇਤਨਾ ਪਵਿਤਰ ਕਰਦਾ ਹੈ ਕਿ ਇਸ ਵਿਚੋਂ ਦੈਵੀ ਗੁਣਾਂ ਦੀ ਸੁਗੰਧ ਆਪਣੇ ਆਪ ਆਉਣ ਲੱਗ ਜਾਂਦੀ ਹੈ ਤੇ ਮਨੁਖ ਸ੍ਰੇਸ਼ਟ ਸਭਿਆਚਾਰ ਦਾ ਸੁਆਮੀ ਹੋ ਕੇ ਸਰਬਤ ਦੀ ਭਲਾਈ ਦਾ ਚਾਹਵਾਨ ਹੋ ਜਾਂਦਾ ਹੈ । ਮਨ, ਬਾਣੀ ਤੇ ਕਰਮ ਕਰਕੇ ਉਹ ਪਰਉਪਕਾਰ ਵਿਚ ਜੀਵਨ ਬਿਤਾਉਂਦਾ ਹੈ, ਉਹ ਨਿਰੰਕਾਰੀ ਮਹਿਮਾ ਵਿਚ ਮਗਨ ਹੋ ਕੇ ਤਮਾਮ ਲੋਕਾਈ ਨਾਲ ਚੰਗਾ ਵਿਵਹਾਰ ਕਰਦਾ ਤੇ ਉਸਦਾ ਅੰਗ ਅੰਗ ਉਸਦੇ ਰੰਗ ਵਿਚ ਲੀਨ ਰਹਿੰਦਾ ਹੈ । ਇਹ ਦੋ ਬੁਨਿਆਦੀ ਮੰਤ੍ਰ ਹਨ—ਨਿਰੰਕਾਰੀ ਮਹਿਮਾ ਤੇ ਸ੍ਰੇਸ਼ਟਾਚਾਰੀ ਵਰਤਾਉ । ਸੋ ਇਸ ਅਵਸਥਾ ਨੂੰ ਸਿਰਜਣ ਲਈ ਅਧਿਆਤਮਕ ਤੇ ਸਦਾਚਾਰਕ ਦੋਵੇਂ ਕਿਸਮ ਦੇ ਗੁਣਾਂ ਦਾ ਵਿਕਾਸ ਜ਼ਰੂਰੀ ਹੈ ।

(੮) **ਸਾਧਸੰਗਤਿ** : ਇਹ ਤਾਂ ਵਰਤਮਾਨ ਮਨੋਵਿਗਿਆਨ ਵੀ ਮੰਨਦਾ ਹੈ ਕਿ ਮਨੁਖ, ਸਮਾਜਕ ਪ੍ਰਾਣੀ ਹੋਣ ਦੇ ਨਾਤੇ ਆਲੇ ਦੁਆਲੇ ਦਾ ਅਸਰ ਕਬੂਲ ਕਰਦਾ ਹੈ । ਨਿਰਾਪੁਰਾ ਗਿਆਨ ਜਾਂ ਕੋਈ ਹੋਰ ਸਰੀਰਕ ਸਾਧਨ ਮਨੁਖੀ ਜੀਵਨ ਦਾ ਕਾਇਆ ਕਲਪ ਨਹੀਂ ਕਰ ਸਕਦਾ । ਜਿਸ ਤਰ੍ਹਾਂ ਦਾ ਵਾਤਾਵਰਣ ਹੋਵੇ, ਉਹ ਸ਼ਖਸੀਅਤ ਦੀ ਉਸਾਰੀ ਵਿਚ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੁੰਦਾ ਹੈ । ਇਸੇ ਕਰਕੇ ਸੁਖਮਨੀ ਸਾਹਿਬ ਵਿਚ ਸ੍ਰੇਸ਼ਟ ਪੁਰਸ਼ਾਂ ਦੇ ਮੇਲ ਜੋਲ ਜਾਂ ਸਾਧਸੰਗ ਨੂੰ ਇਕ ਵਿਸ਼ੇਸ਼ ਸਾਧਨ ਮੰਨਕੇ ਇਸ ਦੀ ਮਹਿਮਾ ਗਾਈ ਗਈ ਹੈ । ਸੱਤਵੀਂ ਅਸ਼ਟਪਦੀ ਇਸੇ ਲਈ ਸਮਰਪਤ ਹੈ । ਗੁਰਵਾਕ ਹੈ—

ਸਾਧ ਕੈ ਸੰਗਿ ਦ੍ਰਿੜੈ ਸਭ ਧਰਮ
ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ।੪। (ਅ. ੭)

ਸੋ ਅਧਿਆਤਮਿਕ ਜੀਵਨ ਦੇ ਵਿਕਾਸ ਲਈ ਜਿਥੇ ਪ੍ਰਭੂ ਸਿਮਰਨ ਤੇ ਹੋਰ ਇਖ਼ਲਾਕੀ ਗੁਣ ਜ਼ਰੂਰੀ ਹਨ, ਉਥੋਂ ਨੇਕ ਪੁਰਸ਼ਾਂ ਦੀ ਸੰਗਤ ਅਤਿਅੰਤ ਆਵੱਸ਼ਕ ਹੈ । ਇਸ ਨਾਲ ਬੁਰਿਆਈ ਜਾਂ ਪਾਪ ਦੀ ਮੈਲ ਆਪਣੇ ਆਪ ਲਹਿੰਦੀ ਜਾਂਦੀ ਤੇ ਚੰਗਿਆਈ ਦਾ ਰੰਗ ਆਪਣੇ ਆਪ ਚੜ੍ਹਦਾ ਜਾਂਦਾ ਹੈ । ਇਹ ਅਨੁਭਵ ਵਿਚ ਆਇਆ ਸੱਚ ਹੈ ਤੇ ਇਸੇ ਸਾਧ ਸੰਗਤ ਦੀ ਕ੍ਰਿਪਾ ਸਦਕੇ ਜਗਿਆਸੂ, ਸ੍ਰੇਸ਼ਟਾਚਾਰੀ ਹੋ ਕੇ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ ।

ਸਾਧ ਕੀ ਮਹਿਮਾ ਬਰਨੈ ਕਉਨ ਪ੍ਰਾਨੀ
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ।੧।

# ਸੁਖਮਨੀ ਦਾ ਪਰਮ ਮਨੁਖ

ਸਰਬੋਤਮ ਮਨੁਖ ਦੀ ਸਿਰਜਣਾ ਹਰ ਧਰਮ ਦਾ ਮਨੋਰਥ ਰਿਹਾ ਹੈ। ਵੈਦਿਕ ਸਾਹਿਤ ਉਸ ਨੂੰ 'ਰਿਸ਼ੀ' 'ਮੁਨੀ' ਕਹਿ ਕੇ ਸਲਾਹੁੰਦਾ ਹੈ, ਬੋਧੀ 'ਸਿੱਧ' ਜਾਂ ਬੋਧੀਸਤ੍ਵ, ਜੈਨੀ 'ਅਰਹੰਤ' ਜੋਗੀ 'ਸਿੱਧ' ਜਾਂ 'ਨਾਥ' ਤੇ ਗੀਤਾ ਇਸੇ ਨੂੰ 'ਸੰਨਿਆਸੀ, ਯੋਗੀ ਜਾਂ ਸਿਥਿਤ-ਪ੍ਰੱਗ ਕਹਿੰਦੀ ਹੈ, ਸੂਫੀਆਂ ਦਾ 'ਆਰਿਫ਼' ਵੀ ਲਗਭਗ ਇਹੋ ਹੀ ਹੈ। ਗੁਰੂ ਸਾਹਿਬ ਨੇ ਇਸ ਸੰਪੂਰਨ ਮਨੁੱਖ ਨੂੰ ਬ੍ਰਹਮ ਗਿਆਨੀ, ਸਾਧ' ਸੰਤ, ਭਗਤ, ਹਰਿਜਨ ਜਾਂ ਜੀਵਨ-ਮੁਕਤ ਆਦਿ ਸੰਕੇਤਾਂ ਨਾਲ ਵਰਣਨ ਕੀਤਾ ਹੈ। ਖਾਸ ਕਰਕੇ ਸਾਧ ਵਾਲੀ ਸੱਤਵੀਂ ਅਸ਼ਟਪਦੀ ਤੇ ਬ੍ਰਹਮ ਗਿਆਨੀ ਵਾਲੀ ਅੱਠਵੀਂ ਅਸ਼ਟਪਦੀ ਇਸੇ ਦਾ ਵਿਸਤਾਰ ਪੂਰਬਕ ਚਰਿਤ੍ਰ ਪੇਸ਼ ਕਰਦੀ ਹੈ।

ਸਭ ਤੋਂ ਪਹਿਲੇ ਸਲੋਕ ਵਿਚ ਹੀ ਇਹ ਲੱਛਣ ਕੀਤਾ ਗਿਆ ਹੈ ਕਿ ਜਿਸ ਵਿਅਕਤੀ ਦੇ ਮਨ ਤੇ ਮੁਖ ਵਿਚ ਸਦਾ ਸੱਚ ਦਾ ਵਾਸਾ ਹੈ ਤੇ ਪਰਮ ਸੱਚ ਤੋਂ ਬਿਨਾ ਜਿਸਨੂੰ ਹੋਰ ਕੋਈ ਨਜ਼ਰ ਨਹੀਂ ਆਉਂਦਾ ਤੇ ਸਾਰੇ ਵਿਸ਼ਵ ਵਿਚ ਉਸੇ ਦੀ ਜੋਤਿ ਝਲਕਦੀ ਦਿਸਦੀ ਹੈ, ਉਹੋ ਸੱਚਾ ਬ੍ਰਹਮ ਗਿਆਨੀ ਤੇ ਉਹੋ ਸੰਪੂਰਨ ਮਨੁੱਖ ਹੈ। 'ਮਨਿ ਸਾਚਾ ਮੁਖਿ ਸਾਚਾ ਸੋਇ। ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ।੧। (ਅ. ੮)। ਸਾਧ ਸੰਤ ਵੀ ਉਹੋ ਰੂਹਾਨੀ ਪਰਮ ਪੁਰਸ਼ ਹੈ ਜੋ ਆਪਣੇ ਆਪ ਨੂੰ ਪਰਮ ਸਤਿ ਨਾਲ ਅਭੇਦ ਕਰਕੇ ਸਾਰਾ ਜੀਵਨ, ਲੋਕ-ਸੇਵਾ ਦੇ ਲੇਖੇ ਲਾਉਂਦਾ ਹੈ। ਉਹ ਇਤਨਾ ਸਿਸ਼ਟ ਤੇ ਸ੍ਰੇਸ਼ਟਾਚਾਰ ਦਾ ਧਾਰਨੀ ਹੁੰਦਾ ਹੈ ਕਿ ਕਿਸੇ ਦਾ ਦਿਲ ਦੁਖਾ ਕੇ ਰਾਜ਼ੀ ਨਹੀਂ ਸਗੋਂ ਸਭ ਦੇ ਭਲੇ ਲਈ ਵਰਤਦਾ ਹੈ। ਸਰਬ ਸ਼ਕਤੀਮਾਨ ਨੂੰ ਪਾ ਕੇ ਵੀ ਉਹ ਨਿਰਮਾਣ ਤੇ ਨਿਰਤਾਣ ਸਦਾਉਂਦਾ ਹੈ ਪਰ ਉਸਦੇ ਮਿਸ਼ਨ ਵਿਚ ਕੋਈ ਬਾਧਾ ਨਹੀਂ ਪਾ ਸਕਦਾ ਤੇ ਨਾ ਹੀ ਉਸਨੂੰ ਕੋਈ ਹਾਨੀ ਪਹੁੰਚਾ ਸਕਦਾ ਹੈ, ਉਹ ਅਮਰ ਪੁਰਸ਼ ਹੈ।

> 'ਇਹ ਹਰਿਰਸੁ ਪਾਵੈ ਜਨ ਕੋਇ। ਅੰਮ੍ਰਿਤ ਪੀਵੈ ਅਮਰੁ ਸੋ ਹੋਇ
> ਉਸ ਪੁਰਖ ਕਾ ਨਾਹੀ ਕਦੇ ਬਿਨਾਸ। ਜਾਂਕੈ ਮਨਿ ਪ੍ਰਗਟੇ ਗੁਨਤਾਸ।੬।
> (ਅ. ੧੮)

ਵੱਖ ਵੱਖ ਵਿਸ਼ੇਸ਼ਣਾਂ ਹੇਠ ਉਸਦੀ ਇਉਂ ਚਰਚਾ ਕੀਤੀ ਗਈ ਹੈ :—

(੧) **ਬ੍ਰਹਮ ਗਿਆਨੀ** : ਇਸ ਤਤ੍ਵੇਤਾ ਬ੍ਰਹਮ ਗਿਆਨੀ ਪੁਰਖ ਦੀ ਵਿਸ਼ੇਸ਼ਤਾ ਇਹ ਦਰਸਾਈ ਗਈ ਹੈ ਕਿ ਉਹ ਸਦਾ ਨਿਰਲੇਪ, ਨਿਰਦੋਖ ਸਮਦ੍ਰਿਸ਼ਟਾ ਤੇ ਅਤਿਅੰਤ ਧੀਰਜਵਾਨ ਹੋ ਕੇ ਵਿਚਰਦਾ ਹੈ। ਆਚਾਰ ਵਿਹਾਰ ਵਿਚ ਉਹ ਸਦਾ ਨਿਰਮਲ ਰਹਿੰਦਾ ਹੈ ਕਿਉਂਕਿ ਉਸ ਦਾ ਅੰਦਰ ਪ੍ਰਕਾਸ਼ਮਾਨ ਹੈ। ਉਸਦੇ ਲਈ ਵੈਰੀ ਮਿਤ੍ਰ ਇਕ ਸਮਾਨ ਹਨ, ਅਭਿਮਾਨ ਉੱਕਾ ਹੀ ਨਹੀਂ ਸਗੋਂ ਨਿਮ੍ਰਤਾ ਉਸਦਾ ਗਹਿਣਾ ਹੁੰਦਾ ਹੈ। ਉਹ ਸਭ ਦੀ ਰੇਣ ਬਣਕੇ ਚਲਦਾ ਤੇ ਸਦਾ ਆਤਮ-ਆਨੰਦ ਵਿਚ ਮਸਤ ਹੋ ਕੇ ਸਭ ਤੇ ਰਹਮ ਕਰਦਾ ਹੈ, ਬੁਰਿਆਈ

ਉਸਦੇ ਚਿਤਵਨ ਵਿਚ ਨਹੀਂ ਆਉਂਦੀ, ਉਸਦੀ ਮਧੁਰ ਦ੍ਰਿਸ਼ਟੀ ਅੰਮ੍ਰਿਤ ਦੀ ਬਰਖਾ ਕਰਦੀ ਸਰਬਤ ਦਾ ਭਲਾ ਚਾਹੁੰਦੀ ਹੈ।

ਅਜੇਹੇ ਪੁਰਸ਼ ਦਾ ਆਤਮਿਕ ਭੋਜਨ ਬ੍ਰਹਮ ਗਿਆਨ ਹੈ, ਉਸਦਾ ਧਿਆਨ ਬ੍ਰਹਮ ਹੈ। ਉਸਦਾ ਆਪਣਾ ਸੁਆਰਥ ਕੋਈ ਨਹੀਂ ਕਿਉਂਕਿ ਉਹ ਆਪਣੇ ਮਨ ਨੂੰ ਬੰਨ੍ਹ ਕੇ ਰੱਖਦਾ ਹੈ। ਸਭ ਦਾ ਭਲਾ ਤੇ ਸਭ ਦਾ ਉਧਾਰ ਉਸਦਾ ਪ੍ਰਯੋਜਨ ਹੈ, ਇਸ ਲਈ ਉਹ ਸਦਾ ਤਤਪਰ ਰਹਿੰਦਾ ਹੈ। ਚੂੰਕਿ ਪ੍ਰਭੂ ਉਸਦੇ ਅੰਗ ਸੰਗ ਹੈ, ਇਸ ਕਰਕੇ ਉਹ ਨਿਸਚਿੰਤ ਵਿਚਰਦਾ ਹੈ। ਬ੍ਰਹਮ ਗਿਆਨੀ ਦਾ ਤੇਜ ਪ੍ਰਤਾਪ ਵੱਡਾ ਹੁੰਦਾ ਕਿਉਂਕਿ ਉਹ ਖੁਦ ਪਰਮੇਸ਼ਰ ਦਾ ਸਰੂਪ ਹੁੰਦਾ ਹੈ। ਇਸੇ ਕਰਕੇ ਉਸਦਾ ਭੇਦ ਕੋਈ ਪਾ ਨਹੀਂ ਸਕਦਾ, ਉਸਨੂੰ ਨਮਸ਼ਕਾਰ ਹੀ ਕਰਨੀ ਬਣਦੀ ਹੈ। ਅਜੇਹਾ ਵਿਅਕਤਿੱਤਵ ਸਦਾ ਅਮਰ ਹੈ, ਉਸਨੂੰ ਮੌਤ ਮਾਰ ਨਹੀਂ ਸਕਦੀ। ਉਹ ਅਨਾਥਾਂ ਦਾ ਨਾਥ ਬਣਕੇ ਸਭ ਨੂੰ ਜੀਵਨ-ਜੁਗਤੀ ਦੀ ਸੋਝੀ ਕਰਾਉਂਦਾ ਤੇ ਸਭ ਨੂੰ ਭਲੇ ਪਾਸੇ ਲਾਉਂਦਾ ਹੈ।

(੨) **ਸਾਧ :** ਸਾਧ 'ਨਿਰਮਲ ਕਰਮਾਂ ਵਾਲੀ' ਸਾਧੀ ਹੋਈ ਹਸਤੀ ਦਾ ਨਾਂ ਹੈ। ਉਸ ਨੂੰ ਨ ਸਰੀਰਕ ਕਸ਼ਟ ਹੁੰਦੇ ਹਨ ਤੇ ਨਾ ਹੀ ਭਰਮ ਤੇ ਭੈ ਦੇ ਮਾਨਸਿਕ ਰੋਗ। ਅਜੇਹੇ ਉਤਮ ਪੁਰਖ ਦੀ ਸੰਗਤ ਸਦਕੇ ਹਉਮੈ ਦੀ ਸਾਰੀ ਮੈਲ ਧੋਤੀ ਜਾਂਦੀ ਤੇ ਸੱਚੇ ਆਤਮ-ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਤੇ ਇਸ ਪ੍ਰਕਾਸ਼ ਵਿਚ ਪ੍ਰਭੂ ਹਰ ਥਾਂ ਹਾਜ਼ਰ ਨਾਜ਼ਰ ਦਿਸ ਪੈਂਦਾ ਹੈ, ਨਾਮ ਦਾ ਰਤਨ ਲੱਭ ਜਾਂਦਾ ਹੈ, ਜਿਸਦੀ ਮਹਿਮਾ ਸ਼ਬਦਾਂ ਦੇ ਕਲਾਵੇ ਵਿਚ ਨਹੀਂ ਆਉਂਦੀ। ਰੱਬੀ ਮਿਲਾਪ ਹੋ ਜਾਣ ਕਾਰਨ ਖੇੜਾ ਆਉਂਦਾ ਤੇ ਪੰਜੇ ਦੂਤ ਵਸ ਹੋ ਜਾਂਦੇ ਹਨ, ਫਿਰ ਨਿੰਮ੍ਰਤਾ ਆ ਜਾਣ ਕਾਰਣ ਬੋਲਚਾਲ ਵਿਚ ਇਤਨੀ ਮਨੋਹਰਤਾ ਆ ਜਾਂਦੀ ਹੈ ਕਿ ਵਾਧੂ ਦੌੜ ਮੁੱਕ ਜਾਂਦੀ ਤੇ ਮਨ ਟਿਕਾਉ ਵਿਚ ਆ ਜਾਂਦਾ ਹੈ। ਮਾਨਸਿਕ ਪਵਿਤ੍ਰਤਾ ਦਾ ਇਹ ਨਤੀਜਾ ਹੈ ਕਿ ਕੋਈ ਦੁਸ਼ਮਨ ਲਗਦਾ ਹੀ ਨਹੀਂ, ਇਸ ਲਈ ਬੁਰਿਆਈ ਦਾ ਸੰਕਲਪ ਹੀ ਮੁੱਕ ਜਾਂਦਾ ਹੈ। ਹਉਮੈ ਦਾ ਤਾਪ ਚੜ੍ਹਦਾ ਹੀ ਨਹੀਂ ਜਿਸ ਨਾਲ ਸਾਵਾਂਪਣ ਗੁਆਚੇ। ਇਹ ਸਾਧ ਦੀ ਪਰਮੇਸ਼ਵਰ ਨਾਲ ਅਭੇਦਤਾ ਦਾ ਸਿੱਟਾ ਹੈ।

ਸਾਧ ਉਚੇ ਥਾਂ ਦਾ ਵਾਸੀ ਹੁੰਦਾ ਤੇ ਜੋ ਕੁਝ ਵੀ ਚੰਗਾ ਹੈ, ਉਸਤੇ ਦ੍ਰਿੜ ਰਹਿੰਦਾ ਹੈ, 'ਨਾਮ ਨਿਧਾਨ' ਉਸਦੀ ਦੌਲਤ ਹੈ, ਜਿਸ ਤੋਂ ਹਰ ਕੋਈ ਵਰੋਸਾਉਂਦਾ ਹੈ। ਅਜੇਹੇ ਸਾਧੂ ਦੀ ਸੰਗਤ ਨਾਲ ਬਹੁਤੀ ਘਾਲ ਨਹੀਂ ਘਾਲਣੀ ਪੈਂਦੀ, ਦਰਸ਼ਨ ਮਾਤਰ ਨਾਲ ਅਨੰਦ ਪ੍ਰਾਪਤ ਹੋ ਜਾਂਦਾ ਹੈ। ਇਸ ਸੰਗਤ ਦਾ ਇਕ ਇਹ ਵੀ ਮਨੋਹਰ ਸਿੱਟਾ ਹੈ ਕਿ ਪਰਮੇਸ਼ਰ ਪਿਆਰਾ ਲਗਣ ਲਗ ਜਾਂਦਾ ਤੇ ਹਰ ਥਾਂ ਦ੍ਰਿਸ਼ਟੀਗੋਚਰ ਹੁੰਦਾ ਹੈ, ਇਸ ਕਰਕੇ ਬੇਗਾਨਾ ਕੋਈ ਲਗਦਾ ਨਹੀਂ।

ਸ੍ਰੇਸ਼ਟਤਾ ਵਿਚ ਉਚੇਰੀ ਅਜੇਹੀ ਮਹਾਨ ਹਸਤੀ ਦੇ ਹਰ ਬਚਨ ਦਾ ਆਦਰ ਕਰਨਾ ਸਾਡਾ ਕਰਤੱਵ ਹੈ, ਜੇਕਰ ਅਸੀਂ ਉਸਨੂੰ ਸਨਮਾਨ ਨਾਲ ਨਹੀਂ ਦੇਖਦੇ ਤੇ ਉਸਦੀ ਕਿਸੇ ਪਰਕਾਰ ਦੀ ਵੀ ਅਵੱਗਿਆ ਕਰਦੇ ਹਾਂ ਤਾਂ ਇਸ ਨਾਲ ਸਾਡੇ ਆਪਣੇ ਮਨ ਦੀ ਸ਼ਾਂਤੀ ਭੰਗ ਹੁੰਦੀ ਤੇ ਤੇਰ੍ਹਵੀਂ ਅਸਟਪਦੀ ਵਿਚ ਇਸੇ ਵਿਸ਼ੇ ਨੂੰ ਲੈ ਕੇ ਇਹੋ ਗੱਲ ਕੀਤੀ ਗਈ ਹੈ ਕਿ ਜੋ ਕੋਈ ਸਾਧ ਦਾ ਨਿੰਦਕ ਬਣਦਾ, ਉਹ ਕਾਂ ਵਾਂਙ ਕੁਰਲਾਂਦਾ ਫਿਰਦਾ ਤੇ ਉਸਨੂੰ ਕੋਈ ਟਿਕਾਣਾ ਨਹੀਂ ਮਿਲਦਾ। ਆਪਣਾ ਗੁਮਾਨ ਉਸਨੂੰ ਮਾਰ ਛੱਡਦਾ ਹੈ, ਉਹ ਅੰਦਰੋਂ ਖਾਲਮਖਾਲੀ ਥੋਥਾ

ਹੁੰਦਾ ਹੈ, ਉਸਨੂੰ ਸਮਾਜ, ਤਿਲ-ਵਿਹੂਣੇ ਬੂਆੜ ਵਾਂਙ ਸਿੱਟ ਛੱਡਦਾ ਹੈ। ਇਸ ਕਰਕੇ ਅੱਛਾ ਇਹੋ ਹੈ ਕਿ ਅਜੇਹੇ ਸਾਧੂ ਪੁਰਸ਼ ਦੀ ਸੰਗਤ ਤੋਂ ਪੂਰਾ ਪੂਰਾ ਲਾਭ ਲਿਆ ਜਾਵੇ ਨਾ ਕਿ ਵਿਰੋਧ ਪਾ ਕੇ ਆਪਣਾ ਕੀਮਤੀ ਜੀਵਨ, ਭ੍ਰਿਸ਼ਟ ਕੀਤਾ ਜਾਵੇ।

(੩) **ਸੰਤ** : 'ਸਾਧ' ਸੰਕੇਤ ਦੇ ਨਾਲ ਨਾਲ ਹੀ ਕਿਤੇ ਕਿਤੇ 'ਸੰਤ' ਪਦ ਵੀ ਵਰ-ਤਿਆ ਹੈ ਉਸਦਾ ਲੱਛਣ ਇਹੋ ਕੀਤਾ ਹੈ ਕਿ ਉਸਨੂੰ ਹਰਦਮ ਪਰਮੇਸ਼ਰ ਯਾਦ ਰਹਿੰਦਾ ਹੈ, ਇਸ ਕਰਕੇ ਉਹ ਅਟੱਲ ਤੇ ਅਡੋਲ ਤੇ ਸਦਾ ਸੌਖਾ ਰਹਿੰਦਾ ਹੈ :—

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ
ਸੋ ਸੰਤੁ ਸੁਹੇਲਾ ਨਹੀ ਡੁਲਾਵੈ। ੫। ੧੪।

ਸੰਤ ਦਾ ਸਦੈਵੀ ਆਚਾਰ ਕੀ ਹੈ, ਉਹ ਕੀ ਕਰਦਾ ਤੇ ਕੀ ਨਹੀਂ ਕਰਦਾ। ਰੱਬੀ ਭਾਣੇ ਵਿਚ ਜੀਵਨ ਬਿਤਾਉਣਾ ਉਸਦਾ ਸੁਭਾਵ ਹੋ ਜਾਂਦਾ ਹੈ ਤੇ ਉਹ ਉਸ ਪਰਮ ਸੱਤਾ ਦੇ ਜ਼ਹੂਰ ਬਿਨਾ ਹੋਰ ਕੁਝ ਦੇਖਦਾ ਨਹੀਂ, ਸਾਰੀਆਂ ਨੇਕੀਆਂ ਉਸਦੇ ਅੰਦਰ ਵਸਦੀਆਂ ਹਨ ਤੇ ਭਾਣਾ ਉਸ ਦਾ ਜੀਵਨ ਅਧਾਰ ਹੋ ਜਾਂਦਾ ਹੈ।

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮੁ। ਸੰਤ ਜਨਾ ਕੈ ਹਿਰਦੈ ਸਭਿ ਧਰਮ
ਸੰਤ ਜਨਾ ਸੁਨਹਿ ਸੁਭ ਬਚਨ। ਸਰਬ ਬਿਆਪੀ ਰਾਮ ਸੰਗਿ ਰਚਨ
ਜਿਨਿ ਜਾਤਾ ਤਿਸ ਕੀ ਇਹ ਰਹਤ। ਸਤਿ ਬਚਨ ਸਾਧੂ ਸਭਿ ਕਹਤ
ਜੋ ਜੋ ਹੋਇ ਸੋਈ ਸੁਖੁ ਮਾਨੈ। ਕਰਨ ਕਰਾਵਨਹਾਰੁ ਪ੍ਰਭੁ ਜਾਨੈ।

(੪) **ਭਗਤ** : ਭਗਤ ਦਾ ਮੁਖ ਗੁਣ ਇਹ ਹੈ ਕਿ ਉਸਦਾ ਜੀਵਨ, ਸਦਾ ਨਾਮ ਦੀ ਯਾਦ ਵਿਚ ਲੰਘਦਾ ਹੈ, ਉਸਦਾ ਵਰਤੋਂ-ਵਿਹਾਰ ਇਹੋ ਹੈ—

'ਭਗਤ ਜਨਾ ਕੀ ਬਰਤਨਿ ਨਾਮੁ। ੫। ੨।

ਸੰਤ ਭਗਤ ਦਾ ਜੀਵਨ ਹਰ ਪਾਸਿਉਂ ਸੱਚਾ ਹੁੰਦਾ ਹੈ, ਉਹ ਅਡੰਬਰ ਨਹੀਂ ਰਚਦਾ ਸਗੋਂ ਉਸਦੀ ਬਾਹਰਲੀ ਤੇ ਅੰਦਰਲੀ ਰਹਿਤ ਸੱਚ-ਪਰਾਇਣ ਹੁੰਦੀ ਹੈ। ਇਹ ਅਵਸਥਾ ਤਾਂ ਬਣਦੀ ਹੈ ਜੇ ਉਹ ਗੁਰੂ ਉਤੇ ਪੂਰਨ ਭਰੋਸਾ ਕਰਕੇ ਚਲਦਾ ਹੈ :

'ਜਾਂ ਕੈ ਮਨਿ ਗੁਰ ਕੀ ਪਰਤੀਤਿ। ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ
ਭਗਤੁ ਭਗਤੁ ਸੁਨੀਐ ਤਿਹੁ ਲੋਇ। ਜਾਕੈ ਹਿਰਦੈ ਏਕੋ ਹੋਇ
ਸਚੁ ਕਰਣੀ ਸਚੁ ਤਾਂ ਕੀ ਰਹਤ। ਸਚੁ ਹਿਰਦੈ ਸਤਿ ਮੁਖਿ ਕਹਤ।
।੮।੧੫।

(੫) **ਸੇਵਕ** : ਅਜੇਹੇ ਪਰਮ ਮਨੁੱਖ ਲਈ ਕਿਤੇ ਕਿਤੇ 'ਸੇਵਕ' ਪਦ ਵੀ ਵਰਤਿਆ ਗਿਆ ਹੈ ਪਰ ਇਹ ਸੇਵਕ ਜਣੇਖਣੇ ਦੀ ਮੁਥਾਜੀ ਦੀ ਥਾਂ ਕੇਵਲ ਸੰਸਾਰ ਦੇ ਸੁਆਮੀ ਦਾ ਆਗਿਆਕਾਰ ਹੁੰਦਾ ਹੈ ਤੇ ਫਿਰ ਨਿਰਮਲ ਚਰਿਤ੍ਰ ਵਾਲਾ ਬੇਦਾਗ ਜੀਵਨ ਬਸਰ ਕਰਦਾ ਹੈ, ਉਸਨੂੰ ਕਿਸੇ ਦੀ ਪਰਵਾਹ ਨਹੀਂ ਹੁੰਦੀ ਤੇ ਨਾਹੀ ਉਹ ਕਿਸੇ ਛੋਟੀ ਮੋਟੀ ਲਾਲਸਾ ਦਾ ਸ਼ਿਕਾਰ ਹੁੰਦਾ ਹੈ। ਨਿਸ਼ਕਾਮ ਭਗਤੀ ਉਸਦਾ ਮੁੱਢਲਾ ਕਰਤੱਵ ਹੈ। ਇਹੋ ਨਿਸਚਾ ਅਤੇ ਨਿਸ਼ਕਾਮਤਾ ਹੈ ਜੋ ਉਸਦੀ ਪਵਿਤ੍ਰ ਆਤਮਾ ਨੂੰ ਪਰਮਾਤਮਾ ਦੇ ਨੇੜੇ ਲੈ ਜਾਂਦੀ ਹੈ :

'ਗੁਰ ਕੇ ਗ੍ਰਿਹਿ ਸੇਵਕੁ ਜੋ ਰਹੈ। ਗੁਰ ਕੀ ਆਗਿਆ ਮਨ ਮਹਿ ਸਹੈ

ਆਪਸ ਕਉ ਕਰਿ ਕਛੁ ਨ ਜਨਾਵੈ ।
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ
ਮਨੁ ਬੇਚੈ ਸਤਿਗੁਰ ਕੈ ਪਾਸਿ । ਤਿਸੁ ਸੇਵਕ ਕੇ ਕਾਰਜ ਰਾਸਿ
ਸੇਵਾ ਕਰਤ ਹੋਇ ਨਿਹਕਾਮੀ । ਤਿਸ ਕਉ ਹੋਤ ਪਰਾਪਤਿ ਸੁਆਮੀ
ਆਪਨੀ ਕ੍ਰਿਪਾ ਜਿਸ ਆਪਿ ਕਰੇਇ ।
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ।੨।੧੮।
'ਠਾਕੁਰ ਕਾ ਸੇਵਕ ਆਗਿਆਕਾਰੀ । ਠਾਕੁਰ ਕਾ ਸੇਵਕ ਸਦਾ ਪੂਜਾਰੀ
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ।
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ।੩।੧੭

ਅਜੇਹੀ ਸੇਵਾ ਤੇ ਭਾਉ ਭਗਤੀ ਦਾ ਅੰਤਮ ਫਲ ਇਹ ਹੈ ਕਿ ਉਹ ਪਰਮ ਪਦ ਤੇ ਪਹੁੰਚਿਆ ਹੁੰਦਾ ਹੈ :—

'ਸੇਵਕ ਕਉ ਸੇਵਾ ਬਨਿ ਆਈ ।
ਹੁਕਮੁ ਬੂਝਿ ਪਰਮ ਪਦ ਪਾਈ ।੪।੨੨।

ਉਸਨੂੰ ਵਿਸ਼ਵ ਵਿਚ ਵਰਤਦੇ ਹੁਕਮ ਦੀ ਸੋਝੀ ਆ ਜਾਂਦੀ ਹੈ ਤੇ ਉਹ ਹੁਕਮ ਦੀ ਸ਼ਕਤੀ ਤੇ ਸੀਮਾ ਨੂੰ ਸਮਝਦਾ ਹੋਇਆ, ਉਸ ਅਨੁਸਾਰ ਚਲਣ ਦਾ ਆਦਰਸ਼ ਬਣਾਕੇ ਆਪਣਾ ਆਪ ਸਮਰਪਣ ਕਰ ਦਿੰਦਾ ਹੈ। ਇਹੋ ਸੇਵਕ ਹੋਣ ਦਾ ਵੱਡਾ ਲੱਛਣ ਹੈ ਕਿ ਉਹ ਸੁਆਮੀ ਦੀ ਰਜ਼ਾ ਵਿਚ ਖੁਸ਼ੀ ਖੁਸ਼ੀ ਚਲੇ, ਰੱਬੀ ਹੁਕਮ ਨੂੰ ਮਨ ਨੂੰ ਭਾਉਣ ਵਾਲਾ—ਅਰਥਾਤ 'ਭਾਣਾ' ਬਣਾ ਲਵੇ ।

ਭਾਰਤੀ ਧਰਮਾਂ ਵਿਚ ਅਜੇਹੇ ਉਚ ਆਚਾਰ ਵਾਲੇ ਵਿਅਕਤੀ ਲਈ ਕਈ ਹੋਰ ਸੰਕੇਤ ਵੀ ਵਰਤੇ ਜਾਂਦੇ ਰਹੇ ਹਨ, ਗੁਰੂ ਸਾਹਿਬ ਉਨ੍ਹਾਂ ਨੂੰ ਨਜ਼ਰੰਦਾਜ਼ ਨਹੀਂ ਕਰਦੇ ਤੇ ਨਾ ਹੀ ਉਨ੍ਹਾਂ ਦੀ ਨਿਖੇਧੀ ਕਰਦੇ ਹਨ। ਸੁਖਮਨੀ ਦੇ ਸ਼ਾਂਤ ਵਾਤਾਵਰਣ ਵਿਚ ਐਵੇਂ ਕਿਸੇ ਚੀਜ਼ ਦਾ ਤ੍ਰਿਸਕਾਰ ਸੰਭਵ ਵੀ ਨਹੀਂ । ਇਸ ਕਰਕੇ ਨੌਵੀਂ ਅਸਟਪਦੀ ਰਾਹੀਂ ਪੁਰਾਤਨ ਸੰਕੇਤਾਂ ਨੂੰ ਨਾਲ ਜੋੜ ਕੇ ਉਨ੍ਹਾਂ ਦੀ ਨਵੀਂ ਵਿਆਖਿਆ ਕੀਤੀ ਹੈ। ਇਹ ਸੰਕੇਤ ਹਨ—ਅਪਰਸ, ਬੈਸਨੋ, ਭਗਉਤੀ, ਪੰਡਿਤ, ਰਾਮਦਾਸ ਤੇ ਜੀਵਨ ਮੁਕਤ ਆਦਿ ।

(੬) **ਅਪਰਸ** : ਪਰਮ ਪਵਿਤ੍ਰ ਸ਼ੁੱਧ ਵਿਅਕਤੀ ਲਈ 'ਅਪਰਸ' ਦਾ ਪ੍ਰਯੋਗ ਹੁੰਦਾ ਆਇਆ ਹੈ, ਜਿਸਨੂੰ ਬੁਰਿਆਈ ਦੀ ਛੂਹ ਮਾਤਰ ਵੀ ਨਹੀਂ ਲਗੀ। ਸਤਿਗੁਰੂ ਦੀ ਨਿਗ੍ਹਾ ਵਿਚ ਸੱਚਾ ਅਪਰਸ ਉਹ ਹੈ, ਜੋ ਸੀਨੇ ਵਿਚ ਨਾਮ ਦਾ ਨਿਵਾਸ ਕਰਦਾ, ਸਭ ਥਾਂ ਭਗਵਾਨ ਨੂੰ ਤੱਕਦਾ ਹੈ। ਉਸਦਾ ਮਨ ਪਾਕ, ਇੰਦਰੇ ਪਵਿਤਰ, ਜਿਹੜਾ ਝੂਠ ਨੂੰ ਨਹੀਂ ਛੂੰਹਦੀ, ਨੇਤ੍ਰ ਪਰ ਰੂਪ ਨੂੰ ਨਹੀਂ ਤੱਕਦੇ, ਕੰਨ ਨਿੰਦਾ ਨਹੀਂ ਸੁਣਦੇ, ਮਨ ਵਾਸਨਾ ਵਲ ਨਹੀਂ ਜਾਂਦਾ, ਪੰਜੇ ਦੋਖਾਂ ਤੇ ਫਤਿਹ ਪਾ ਕੇ ਜੋ 'ਇੰਦਰ ਜਿਤ' ਬਣਿਆ ਹੈ, ਉਹੋ ਸੱਚਾ ਅਪਰਸ ਹੈ :—

ਮਿਥਿਆ ਨਾਹੀ ਰਸਨਾ ਪਰਸ । ਮਨ ਮਹਿ ਪ੍ਰੀਤਿ ਨਿਰੰਜਨ ਦਰਸ
ਪਰ ਤ੍ਰਿਆ ਰੂਪੁ ਨ ਪੇਖੈ ਨੇਤ੍ਰ । ਸਾਧ ਕੀ ਟਹਲ ਸੰਤ ਸੰਗਿ ਹੇਤ
ਕਰਨ ਨ ਸੁਨੈ ਕਾਹੂ ਕੀ ਨਿੰਦਾ । ਸਭ ਤੇ ਜਾਨੈ ਆਪਸ ਕਉ ਮੰਦਾ

ਗੁਰ ਪ੍ਰਸਾਦ ਬਿਖਿਆ ਪਰਹਰੈ । ਮਨ ਕੀ ਬਾਸਨਾ ਮਨ ਤੇ ਟਰੈ
ਇੰਦ੍ਰੀ ਜਿਤ ਪੰਜ ਦੋਖ ਤੇ ਰਹਤ ।
ਨਾਨਕ ਕੋਟਿ ਮਧੇ ਕੋ ਐਸਾ ਅਪਰਸ ।੧।੭।

(੭) **ਬੈਸਨੋ :** ਵੈਸ਼ਣਵ ਮਤ ਅਨੁਸਾਰ ਸੱਚਾ ਧਰਮੀ ਉਹ ਹੈ, ਜੋ ਅਹਿੰਸਾਵਾਦੀ ਹੈ, ਜੋ ਕਿਸੇ ਨੂੰ ਕਿਸੇ ਤਰ੍ਹਾਂ ਹਾਨੀ ਜਾਂ ਠੇਸ ਨਹੀਂ ਪਹੁੰਚਾਉਂਦਾ । ਅਜੇਹਾ ਪੁਰਸ਼ ਹੀ ਪ੍ਰਭੂ ਦੀ ਪ੍ਰਸੰਨਤਾ ਦਾ ਪਾਤਰ ਬਣਦਾ ਤੇ ਮਾਇਆ ਤੋਂ ਬਿਲਕੁਲ ਨਿਰਲੇਪ ਰਹਿੰਦਾ ਹੈ । ਉਸਦਾ ਵੱਡਾ ਗੁਣ ਇਹ ਹੈ ਕਿ ਉਹ ਕਰਮ ਕਰਦਾ ਹੋਇਆ ਵੀ ਨਿਸ਼ਕਾਮ ਰਹਿੰਦਾ ਤੇ ਕਦੇ ਕਿਸੇ ਚੀਜ਼ ਦੀ ਇੱਛਾ ਨਹੀਂ ਕਰਦਾ । ਦੂਜੇ ਸ਼ਬਦਾਂ ਵਿਚ ਉਸਦੀ ਗਰਜ਼ ਮਿਟ ਜਾਂਦੀ ਤੇ ਉਹ ਕੇਵਲ ਭਗਤੀ ਜਾਂ ਪ੍ਰਭੂ ਕੀਰਤਨ ਵਿਚ ਮਗਨ ਰਹਿੰਦਾ ਹੈ । ਸਭ ਉਤੇ ਦਇਆ ਕਰਨਾ, ਸਭ ਦਾ ਭਲਾ ਚਾਹੁਣਾ ਉਸਦੀ ਬਿਰਤੀ ਹੋ ਜਾਂਦੀ ਹੈ—

ਬੈਸਨੋ ਸੋ ਜਿਸੁ ਉਪਰਿ ਸੁਪ੍ਰਸੰਨ । ਬਿਸਨ ਕੀ ਮਾਇਆ ਤੇ ਹੋਇ ਭਿੰਨ
ਕਰਮ ਕਰਤ ਹੋਵੈ ਨਿਹਕਰਮ । ਤਿਸੁ ਬੈਸਨੋ ਕਾ ਨਿਰਮਲ ਧਰਮ
ਕਾਹੂ ਫਲ ਕੀ ਇਛਾ ਨਹੀਂ ਬਾਛੈ । ਕੇਵਲ ਭਗਤਿ ਕੀਰਤਨ ਸੰਗਿ ਰਾਚੈ
ਮਨ ਤਨ ਅੰਤਰਿ ਸਿਮਰਨ ਗੋਪਾਲ । ਸਭ ਊਪਰਿ ਹੋਵਤ ਕਿਰਪਾਲ
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ।
ਨਾਨਕ ਉਹ ਬੈਸਨੋ ਪਰਮਗਤਿ ਪਾਵੈ ।੨।

(੮) **ਭਗਉਤੀ :** ਭਗਵਤ ਦਾ ਪੁਜਾਰੀ, 'ਭਗਉਤੀ' ਕਹਾਉਂਦਾ ਹੈ । ਗੁਰੂ ਸਾਹਿਬ ਦੇ ਸਮੇਂ ਭਗਉਤੀਏ ਨਿਰਮਲ ਚਰਿਤ੍ਰ ਵਾਲੇ ਨਹੀਂ ਸੀ ਰਹੇ, ਕ੍ਰਿਸ਼ਣ—ਲੀਲ੍ਹਾ ਤੇ ਦੇਵੀ—ਪੂਜਾ ਦੇ ਨਾਂ ਤੇ ਇਹ ਕਈ ਤਰ੍ਹਾਂ ਦੇ ਕੁਕਰਮਾਂ ਵਿਚ ਗ੍ਰਸਤ ਸਨ । ਇਸ ਕਰਕੇ ਗੁਰੂ ਸਾਹਿਬ ਨੂੰ ਇਹ ਕਹਿਣ ਦੀ ਲੋੜ ਪਈ, ਸੱਚਾ ਭਗਉਤੀ ਭਗਵਾਨ ਦੇ ਰੰਗ ਵਾਲਾ ਹੀ ਹੁੰਦਾ ਹੈ, ਉਸ ਵਿਚ ਦੁਸ਼ਟਤਾਈ ਦਾ ਅੰਸ ਮਾਤਰ ਨਹੀਂ ਹੁੰਦਾ । ਮਨ ਦੇ ਸਾਰੇ ਭਰਮ ਲਾਹ ਕੇ ਉਹ ਇਕੋ ਇਕ ਪਾਰਬ੍ਰਹਮ ਦਾ ਪੁਜਾਰੀ ਹੁੰਦਾ ਹੈ ਤੇ ਉਸਦੀ ਮਤਿ ਬੁਰੇ ਪਾਸੇ ਨਹੀਂ ਜਾਂਦੀ । ਚੂੰਕਿ ਉਸ ਪ੍ਰਭੂ-ਪ੍ਰੀਤੀ ਲਈ ਆਪਾ ਸਮਰਪਣ ਕੀਤਾ ਹੁੰਦਾ ਹੈ, ਇਸ ਲਈ ਉਸਦੀ ਬਿਰਤੀ ਸਦਾ ਨੇਕੀ ਤੇ ਪਰਉਪਕਾਰ ਵਿਚ ਲਗੀ ਰਹਿੰਦੀ ਹੈ :—

ਭਗਉਤੀ ਭਗਵੰਤ ਭਗਤਿ ਕਾ ਰੰਗੁ । ਸਗਲ ਤਿਆਗੈ ਦੁਸਟ ਕਾ ਸੰਗੁ
ਮਨ ਤੇ ਬਿਨਸੈ ਸਗਲਾ ਭਰਮੁ । ਕਰਿ ਪੂਜੈ ਸਗਲ ਪਾਰਬ੍ਰਹਮੁ
ਸਾਧਸੰਗਿ ਪਾਪਾ ਮਲੁ ਧੋਵੈ । ਤਿਸ ਭਗਉਤੀ ਕੀ ਮਤਿ ਊਤਮ ਹੋਵੈ
ਭਗਵੰਤ ਕੀ ਟਹਲ ਕਰੈ ਨਿਤ ਨੀਤਿ । ਮਨੁ ਤਨੁ ਅਰਪੈ ਬਿਸਨ ਪਰੀਤਿ
ਹਰਿ ਕੇ ਚਰਨ ਹਿਰਦੈ ਬਸਾਵੈ ।
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ।੩।

(੯) **ਪੰਡਿਤ :** ਬ੍ਰਾਹਮਣੀ ਧਰਮ ਵਿਚ 'ਸ਼ਾਸ਼ਤ੍ਰੀ ਵਿਦਵਤਾ' ਦਾ ਬੜਾ ਸਤਿਕਾਰ ਹੈ ਤੇ ਇਸ ਨੂੰ ਧਰਮ ਦਾ ਮੁਖ ਗੁਣ ਮੰਨਿਆ ਹੈ ਪਰੰਤੂ ਗੁਰੂ ਸਾਹਿਬ ਪੰਡਿਤ ਦਾ ਨਵਾਂ ਲੱਛਣ ਕਰਦੇ ਹਨ, 'ਪੰਡਿਤ ਉਹ ਹੈ ਜੋ ਪਹਿਲੇ ਆਪਣੇ ਮਨ ਨੂੰ ਸੋਝੀ ਕਰਾਉਂਦਾ ਤੇ ਆਪੇ ਵਿਚੋਂ ਰਾਮ ਨੂੰ ਲੱਭਦਾ ਹੈ ਤੇ ਇਸੇ ਦਾ ਅੰਮ੍ਰਿਤ ਰਸ ਪੀਂਦਾ ਹੈ । ਉਹ ਕੇਵਲ

ਕਿਤਾਬੀ ਗਿਆਨ ਦਾ ਹੀ ਪੰਡਿਤ ਨਾ ਹੋਵੇ ਸਗੋਂ ਸੂਖਮ ਵਿਚ ਸਥੂਲ ਦੀ ਵਿਆਪਕਤਾ ਨੂੰ ਸਮਝ ਸਕੇ । ਦੂਜੇ ਲਫਜ਼ਾਂ ਵਿਚ ਸ੍ਰਿਸ਼ਟੀ ਦੇ ਸਿਰਜਨਹਾਰ ਅਤੇ ਸ੍ਰਿਸ਼ਟੀ ਨੂੰ ਇਕਮਿਕ ਕਰਕੇ ਜਾਣੇ । ਫਿਰ ਉਹ ਦ੍ਵੈਤ ਦਾ ਸ਼ਿਕਾਰ ਹੋ ਕੇ ਵਰਣ ਆਸ੍ਰਮ-ਧਰਮ ਦੇ ਚੱਕ੍ਰ ਵਿਚ ਨ ਫਸੇ, ਸਗੋਂ ਚਾਰੇ ਵਰਣਾਂ ਨੂੰ ਬਰਾਬਰ ਦੀ ਸਿਖਿਆ ਦੇਵੇ, ਐਸਾ 'ਪੰਡਿਤ' ਹੀ ਸਤਿਕਾਰ ਦਾ ਪਾਤਰ ਹੈ । ਗੀਤਾ (ਅ. 4, ਸਲੋਕ 19) ਵਿਚ ਵੀ ਇਹੋ ਕਿਹਾ ਹੈ, ਜਿਸਦੇ ਸਾਰੇ ਕੰਮ ਕਾਮਨਾ ਰਹਤ ਹਨ ਤੇ ਜੋ ਗਿਆਨ ਰੂਪੀ ਅਗਨੀ ਦੁਆਰਾ ਲਾਲਸਾ ਨੂੰ ਭਸਮ ਕਰ ਲੈਂਦਾ ਹੈ, ਉਹੋ ਪੰਡਿਤ ਹੈ । ਅਜੇਹੇ ਪੰਡਿਤ ਸਮਦ੍ਰਿਸ਼ਟ ਹੁੰਦੇ ਤੇ ਉਹ ਬ੍ਰਾਹਮਣ, ਚੰਡਾਲ ਤੇ ਗਊ, ਹਾਥੀ, ਕੁੱਤੇ ਤਕ ਨੂੰ ਇਕੋ ਨਜ਼ਰ ਦੇਖਦੇ ਹਨ (ਅ. 5, ਸ. 18) । ਗੁਰੂ ਸਾਹਿਬ ਗ੍ਰੰਥਾਂ ਦੇ ਬੋਧ ਦੀ ਥਾਂ ਮਨ ਪ੍ਰਬੋਧਣ ਨੂੰ ਪਹਿਲੀ ਸ਼ਰਤ ਦਸਦੇ ਹਨ :—

> 'ਸੋ ਪੰਡਤ ਜੋ ਮਨ ਪ੍ਰਬੋਧੈ । ਰਾਮ ਨਾਮ ਆਤਮ ਮਹਿ ਸੋਧੈ ।
> ਰਾਮ ਨਾਮ ਸਾਰ ਰਸੁ ਪੀਵੈ । ਉਸ ਪੰਡਿਤ ਕੈ ਉਪਦੇਸਿ ਜਗੁ ਜੀਵੈ ।
> ਹਰਿ ਕੀ ਕਥਾ ਹਿਰਦੈ ਬਸਾਵੈ । ਸੋ ਪੰਡਿਤੁ ਫਿਰਿ ਜੋਨਿ ਨ ਆਵੈ।
> ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ । ਸੂਖਮ ਮਹਿ ਜਾਨੈ ਅਸਥੂਲੁ
> ਚਹੁ ਵਰਨਾ ਕਉ ਦੇ ਉਪਦੇਸੁ ।
> ਨਾਨਕ ਉਸੁ ਪੰਡਿਤ ਕਉ ਸਦਾ ਆਦੇਸ ।੪।

(੧੦) **ਰਾਮਦਾਸ** : ਰਾਮ ਦੇ ਉਪਾਸ਼ਕ ਵੈਰਾਗੀ ਸਾਧੂ ਸੇਵਕਾਂ ਨੂੰ 'ਰਾਮਦਾਸ' ਕਿਹਾ ਜਾਂਦਾ ਹੈ । ਇਹ ਲੋਕ ਨ੍ਰਿਤਕਾਰੀ ਤੇ ਗਾਇਨ ਰਾਹੀਂ ਆਪਣੇ ਸੁਆਮੀ ਰਾਮ ਨੂੰ ਰੀਝਾਉਣ ਦਾ ਜਤਨ ਕਰਦੇ ਸਨ । ਗੁਰਬਾਣੀ ਵਿਚ ਵੀ ਆਇਆ ਹੈ :—

> 'ਘੁੰਗਰੂ ਬਾਂਧਿ ਭਏ ਰਾਮਦਾਸਾ, ਰੋਟੀਅਨ ਕੇ ਓਪਾਵਾ । ਮਾਰੂ ਪ

ਸਤਿਗੁਰਾਂ ਦੀ ਦ੍ਰਿਸ਼ਟੀ ਵਿਚ ਅਸਲ 'ਰਾਮਦਾਸ' ਉਹ ਹੈ, ਜਿਸਨੇ ਆਤਮਾ ਤੇ ਰਾਮ ਨੂੰ ਇਕ ਕਰਕੇ ਪਛਾਣਿਆ ਹੈ । ਪਰ ਇਸ ਲਈ ਜ਼ਰੂਰੀ ਹੈ ਕਿ ਉਹ ਨਿੰਮ੍ਰਤਾਵਾਨ ਹੋਵੇ, ਦਾਸ ਭਾਵ ਨਾਲ ਵਿਚਰਨ ਜਾਣਦਾ ਹੋਵੇ ਤੇ ਸਭ ਨਾਲ ਵਰਤਦਾ ਹੋਇਆ ਨਿਰਲੇਪ ਵੀ ਰਹੇ :—

> ਜਿਸਕੈ ਮਨਿ ਪਾਰਬ੍ਰਹਮ ਕਾ ਨਿਵਾਸੁ । ਤਿਸਕਾ ਨਾਮੁ ਸਤਿ ਰਾਮਦਾਸ ।
> ਆਤਮ ਰਾਮੁ ਤਿਸੁ ਨਦਰੀ ਆਇਆ ।
> ਦਾਸ ਦਸੰਤਣ ਭਾਇ ਤਿਨਿ ਪਾਇਆ
> ਸਦਾ ਨਿਕਟਿ ਨਿਕਟਿ ਹਰਿ ਜਾਨੁ । ਸੋ ਦਾਸ ਦਰਗਹ ਪਰਵਾਨੁ
> ਸਗਲ ਸੰਗਿ ਆਤਮ ਉਦਾਸੁ । ਐਸੀ ਜੁਗਤਿ ਨਾਨਕ ਰਾਮਦਾਸੁ ।੬

(੧੧) **ਜੀਵਨ ਮੁਕਤ** : ਮੌਤ ਬਾਦ ਮੁਕਤ ਅਵਸਥਾ ਕੈਸੀ ਹੋਵੇਗੀ, ਇਸਦਾ ਕਿਸੇ ਵਿਰਲੇ ਨੂੰ ਗਿਆਨ ਹੈ ਪਰ ਜੀਊਂਦਿਆਂ ਜੀ ਹਰਖ ਸੋਗ, ਰਾਗ ਦ੍ਵੈਖ ਤੇ ਮਾਨ ਅਪ-ਮਾਨ ਦੇ ਮਾੜੇ ਅਸਰਾਂ ਤੋਂ ਖਲਾਸੀ ਪਾ ਕੇ ਜ਼ਿੰਦਗੀ ਬਸਰ ਕਰਨਾ ਇਕ ਵੱਡੀ ਪ੍ਰਾਪਤੀ ਹੈ । ਜਿਸਨੇ ਇਹ ਅਵਸਥਾ ਹਾਸਲ ਕਰ ਲਈ, ਉਹ ਜੀਵਨ ਮੁਕਤ ਹੈ, ਇਸ ਨਾਲ ਪ੍ਰਭੂ ਦੀ ਰਜ਼ਾ ਵਿਚ ਵਿਚਰਨਾ ਸੌਖਾ ਹੋ ਜਾਂਦਾ ਹੈ, ਇਹੋ ਇਸਦਾ ਭੇਤ ਹੈ :—

'ਪ੍ਰਭੁ ਕੀ ਆਗਿਆ ਆਤਮ ਹਿਤਾਵੈ । ਜੀਵਨ ਮੁਕਤ ਸੋਊ ਕਹਾਵੈ
ਤੈਸਾ ਹਰਖੁ ਤੈਸਾ ਉਸੁ ਸੋਗੁ । ਸਦਾ ਅਨੰਦੁ ਤਹ ਨਹੀਂ ਬਿਓਗੁ
ਤੈਸਾ ਸੁਵਰਨ ਤੈਸੀ ਉਸ ਮਾਟੀ । ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ
ਤੈਸਾ ਮਾਨੁ ਤੈਸਾ ਅਭਿਮਾਨੁ । ਤੈਸਾ ਰੰਕ ਤੈਸਾ ਰਾਜਾਨੁ ।
ਜੋ ਵਰਤਾਏ ਸਾਈ ਜੁਗਤਿ ।
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤੁ ।੭.੯।

ਇਹ ਸਾਰੇ ਸੰਕੇਤ ਜੋ ਸੰਪੂਰਨ ਮਨੁੱਖ ਲਈ ਵਰਤੇ ਗਏ ਹਨ, ਇਹ ਆਪਣੀ ਆਪਣੀ ਥਾਂ ਸਕਾਰਥਤਾ ਰੱਖਦੇ ਹਨ । ਬ੍ਰਹਮ-ਗਿਆਨੀ ਹੋਣ, ਕੇਵਲ ਬ੍ਰਹਮ ਸਬੰਧੀ ਸ਼ਾਸਤ੍ਰੀ ਗਿਆਨ ਤੋਂ ਜਾਣੂ ਹੋਣ ਦਾ ਨਾਮ ਨਹੀਂ ਬਲਕਿ ਉਸਨੂੰ ਮੂਲਤੱਤ ਸਮਝਕੇ ਉਸ ਨਾਲ ਅਭੇਦ ਹੋਣਾ ਹੈ, ਸਾਧ, ਅਜੇਹੀ ਸਾਧੀ ਹੋਈ ਆਤਮਾ ਨੂੰ ਕਹਿੰਦੇ ਹਨ ਜੋ ਸਹੀ ਮਾਰਗ ਦੀ ਪੰਧਾਊ ਹੈ । ਇਸੇ ਤਰ੍ਹਾਂ ਸੰਤ, ਭਗਤ ਤੇ ਸੇਵਕ ਵੀ ਉਚੇ ਦੈਵੀ ਗੁਣਾਂ ਦੀ ਪੁੰਜ ਸ਼ਖਸੀਅਤ ਦੇ ਲਖਾਇਕ ਹਨ । ਸੁਖਮਨੀ ਦਾ ਪਵਿਤਰ ਮੰਤਵ ਅਜੇਹੀ ਸਰਬੋਤਮ ਆਚਾਰ ਦੀ ਮਾਲਕ ਜ਼ਿੰਦਗੀ ਦੀ ਸਿਰਜਣਾ ਹੈ ਜੋ ਆਪ ਸ਼ਾਂਤ, ਸੰਤੁਲਿਤ ਹੋਵੇ ਤੇ ਆਲੇ-ਦੁਆਲੇ ਅਜੇਹਾ ਸ਼ਾਂਤ ਸੰਤੁਲਿਤ ਵਾਤਾਵਰਣ ਪੈਦਾ ਕਰਕੇ, ਸਾਰੇ ਸਮਾਜ ਨੂੰ ਉਸ ਪਾਸੇ ਲਿਜਾ ਸਕੇ । ਇਸ ਕਰਕੇ ਬਾਰ ਬਾਰ ਅਜੇਹੇ ਪਰਮ ਉਚ ਜੀਵਨ ਦੀ ਪ੍ਰਸੰਸਾ ਕਰਕੇ ਇਸ ਰੂਹਾਨੀ ਵਾਤਾਵਰਣ ਨੂੰ ਪ੍ਰੇਰਨਾਮਈ ਬਣਾਇਆ ਗਿਆ ਹੈ । ਸੁਖਮਨੀ ਵਿਚ ਪਰਮੇਸਰ ਦੀ ਪ੍ਰਸੰਸਾ ਵੀ ਹੈ ਪਰ ਪਰਮੇਸਰ ਨਾਲ ਅਭੇਦ ਹੋ ਕੇ ਸੱਚਾ ਸੁੱਚਾ ਜੀਵਨ ਬਸਰ ਕਰਨ ਵਾਲੇ ਬ੍ਰਹਿਮ-ਗਿਆਨੀ ਦੀ ਵਡਿਆਈ ਵੀ ਬਰਾਬਰ ਗਾਈ ਗਈ ਹੈ ਤਾਂ ਕਿ ਇਨ੍ਹਾਂ ਤੋਂ ਅਸਰ ਲੈ ਕੇ ਸਾਧਾਰਣ ਜੀਵ ਅੱਗੇ ਵਧ ਸਕੇ ।

ਉਸ ਦੀ ਮਹਿਮਾ ਲਈ ਕਈ ਹੋਰ ਉਚੇਚੇ ਵਿਸ਼ੇਸ਼ਣ ਵਰਤੇ ਗਏ ਹਨ :—

ਜੋ ਜਾਨੈ ਤਿਸੁ ਸਦਾ ਸੁਖ ਹੋਇ
ਆਪਿ ਮਿਲਾਇ ਲਏ ਪ੍ਰਭੁ ਸੋਇ ।
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ
ਜੀਵਨ ਮੁਕਤ ਜਿਸੁ ਰਿਦੈ ਭਗਵੰਤੁ ।
ਧੰਨੁ ਧੰਨੁ ਧੰਨੁ ਜਨੁ ਆਇਆ
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ।
ਜਨ ਆਵਨ ਕਾ ਇਹੈ ਸੁਆਉ
ਜਨ ਕੈ ਸੰਗਿ ਚਿਤਿ ਆਵੈ ਨਾਉ ।
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ।੮।੨੩

# ਸੁਖਮਨੀ ਵਿਚ 'ਸੁਖ' ਦਾ ਸੰਕਲਪ

**ਗੁਰਮਤਿ ਅਨੁਸਾਰ ਸੁਖ-ਸਿਧਾਂਤ :** ਹਰ ਮਨੁਖ ਦੇ ਜੀਵਨ ਦਾ ਉਦੇਸ, ਸੁਖ-ਪ੍ਰਾਪਤੀ ਹੈ, ਦੁਖ ਦਾ ਕੋਈ ਚਾਹਵਾਨ ਨਹੀਂ । ਪ੍ਰਾਣੀ ਮਾਤਰ ਦੀ ਘਾਲ ਕਮਾਈ ਤੇ ਹਰ ਜਤਨ ਦਾ ਨਿਸ਼ਾਨਾ ਇਹੋ ਹੈ ਕਿ ਵਧ ਤੋਂ ਵਧ ਸੁਖ ਹਾਸਲ ਹੋਵੇ, ਸਰੀਰ ਦੀ, ਇੰਦ੍ਰਿਆਂ ਤੇ ਮਨ ਦੀ, ਅਤੇ ਆਤਮਾ ਦੀ ਸੰਤੁਸ਼ਟੀ ਹੋਵੇ । ਪਰ ਇਹ ਸੰਤੁਸ਼ਟੀ ਸਭ ਦੀ ਅਪਣੀ ਅਪਣੀ ਹੈ । ਇਕ ਆਦਮੀ ਨਸ਼ੇ ਪਾਣੀ ਨਾਲ ਸੁਖ ਅਨੁਭਵ ਕਰਦਾ ਹੈ, ਦੂਜਾ ਇਨ੍ਹਾਂ ਨੂੰ ਦੇਖਣ ਮਾਤ੍ਰ ਨਾਲ ਦੁਖ ਮਹਿਸੂਸ ਕਰਦਾ ਹੈ । ਇਕ ਨੂੰ ਕੌੜੀ ਮਿਰਚ ਚੰਗੀ ਲਗਦੀ ਹੈ, ਦੂਜਾ ਮਿਠਿਆਈ ਖਾ ਕੇ ਖੁਸ਼ ਹੈ । ਜ਼ਾਹਰ ਹੈ ਕਿ ਸੁਖ, ਵਿਅਕਤੀਗਤ ਪਰਵਾਨਗੀ ਦਾ ਮੁਥਾਜ ਹੈ । ਜੋ ਕਿਸੇ ਨੂੰ ਚੰਗਾ ਲਗਦਾ ਯਾ ਭਾਉਂਦਾ ਹੈ ਉਹ ਸੁਖ ਹੈ, ਜੋ ਨਹੀਂ ਚੰਗਾ ਲਗਦਾ, ਉਹ ਦੁਖ ਹੈ । ਸੋ ਕਿਸੇ ਵਿਅਕਤੀ ਦੀ ਪਸੰਦਗੀ ਅਤੇ ਨਪਸੰਦੀਦਗੀ ਹੀ ਇਸ ਦੀ ਮੋਟੀ ਕਸੌਟੀ ਹੈ । ਹੋ ਸਕਦਾ ਹੈ ਇਕ ਵਿਅਕਤੀ ਨੂੰ ਕੋਈ ਚੀਜ਼ ਭਾਵੇ, ਤੇ ਦੂਜੇ ਨੂੰ ਨ ਭਾਵੇ । ਇਸ ਲਈ ਸੁਖ ਇਕ ਆਤਮ-ਸੰਤੁਸ਼ਟਤਾ ਦੀ ਮਾਨਸਿਕ ਅਵਸਥਾ ਹੈ, ਜੋ ਕਿਸੇ ਨੂੰ ਕਿਸੇ ਚੀਜ਼ ਰਾਹੀਂ ਵੀ ਮਿਲ ਸਕਦੀ ਹੈ । ਆਮ ਵਿਚਾਰ ਇਹ ਹੈ ਕਿ ਬੁਰਿਆਈ ਦਾ ਫਲ ਦੁਖ ਹੈ ਤੇ ਚੰਗਿਆਈ ਦਾ ਫਲ ਸੁਖ । ਚੰਗਿਆਈ ਤੇ ਬੁਰਿਆਈ ਦਾ ਲੱਛਣ ਕਰਨ ਲਗਿਆਂ ਫਿਰ ਇਹ ਕਿਹਾ ਜਾਂਦਾ ਹੈ ਕਿ ਚੰਗਿਆਈ ਉਹ ਹੈ ਜਿਸ ਤੋਂ ਸੁਖ ਮਿਲੇ, ਬੁਰਿਆਈ ਉਹ ਹੈ ਜਿਸਤੋਂ ਦੁਖ ਮਿਲੇ । ਪਰ ਇਸ ਨਾਲ ਮਾਮਲਾ ਪੂਰਾ ਸਪਸ਼ਟ ਨਹੀਂ ਹੁੰਦਾ ।

**ਸੁਖ ਕੀ ਹੈ ? :** ਅਸਲ ਗੱਲ ਇਹ ਹੈ ਜਿਵੇਂ ਜੋ ਮਨੁਖ ਨੂੰ ਭਾਉਂਦਾ ਹੈ, ਉਹ ਸੁਖ ਹੈ, ਜੋ ਨਹੀਂ ਭਾਉਂਦਾ ਦੁਖ । ਇਸੇ ਤਰ੍ਹਾਂ ਸਮਾਜ ਨੂੰ ਜੋ ਗੱਲ ਨਹੀਂ ਭਾਉਂਦੀ, ਉਹ ਪਾਪ, ਬਦੀ ਯਾ ਬੁਰਿਆਈ ਹੈ ਤੇ ਜੋ ਸਮਾਜ ਪਰਵਾਣ ਕਰਦਾ ਹੈ, ਉਹ ਪੁੰਨ, ਨੇਕੀ ਯਾ ਚੰਗਿਆਈ ਹੈ । ਇਸ ਸਮਾਜਕ ਪਰਵਾਨਗੀ ਨੂੰ ਕਈ ਵਾਰ, ਧਰਮ, ਰੱਬੀ ਹੁਕਮ 'ਯਾ' 'ਦੇਵ-ਆਗਿਆ' ਦਾ ਨਾਮ ਦੇ ਕੇ ਵਧੇਰੇ ਪ੍ਰਭਾਵਕਾਰੀ ਬਣਾਉਣ ਦਾ ਜਤਨ ਕਰਦਾ ਹੈ ਤਾਂ ਕਿ ਮਨੁੱਖ, ਸਮਾਜ ਦੀ ਮਰਿਆਦਾ ਨੂੰ ਪਾਲਣ ਤੋਂ ਸੰਕੋਚ ਨ ਕਰੇ । ਸਮਾਜ ਕਹਿੰਦਾ ਹੈ—ਝੂਠ ਨ ਬੋਲੋ, ਕਿਸੇ ਦਾ ਮਾਲ ਨ ਚੁਰਾਓ, ਕਿਸੇ ਦਾ ਰੂਪ ਨ ਚੁਰਾਓ, ਤੇ ਕਿਸੇ ਦਾ ਦਿਲ ਨ ਦੁਖਾਓ—ਇਹ ਪਾਪ ਹਨ, ਬੁਰਿਆਈਆਂ ਹਨ, ਇਨ੍ਹਾਂ ਦਾ ਫਲ ਦੁਖ ਹੈ ਤੇ ਇਨ੍ਹਾਂ ਤੋਂ ਬਚ ਕੇ ਚਲਣਾ ਹੀ ਜੀਵਨ ਦਾ ਸਹੀ ਮਾਰਗ ਹੈ ਤੇ ਇਸ ਤੇ ਚਲਿਆਂ ਸੁਖ ਅਨੰਦ ਦੀ ਪਰਾਪਤੀ ਹੁੰਦੀ ਹੈ । ਇਸ ਵਿਚਾਰ ਤੋਂ ਸਿੱਟਾ ਇਹ ਨਿਕਲਦਾ ਹੈ ਜਿਥੇ ਕੁਝ ਹਦ ਤਕ ਵਿਅਕਤੀਗਤ ਪਰਵਾਨਗੀ ਦਾ ਨਾਮ ਸੁਖ ਹੈ, ਉਥੇ ਸਮਾਜਕ ਪਰਵਾਨਗੀ ਵਾਲੇ ਕਰਮ ਕਰਨ ਤੇ ਵੀ ਸੁਖ ਦੀ ਪ੍ਰਾਪਤੀ ਹੁੰਦੀ ਮੰਨੀ ਜਾਂਦੀ ਹੈ । ਭਾਵੇਂ ਮਨੁਖ ਸਮਾਜ ਦਾ ਅੰਗ

ਹੋਣ ਦੇ ਨਾਤੇ ਉਨ੍ਹਾਂ ਨੂੰ ਆਪ ਪਰਵਾਣ ਕਰਦਾ ਹੈ ਤੇ ਅਜੇਹਾ ਕਰਕੇ ਸੁਖ ਅਨੁਭਵ ਕਰਦਾ ਹੈ। ਉਂਜ ਕੋਈ ਵਸਤੂ ਯਾ ਦਸ਼ਾ ਸੁਖਦਾਈ ਨਹੀਂ ਕੇਵਲ ਮਨੁੱਖ ਦੀ ਪਸੰਦੀਦਗੀ ਯਾ ਪਰਵਾਨਗੀ ਹੀ ਸੁਖ ਹੈ, ਜੋ ਇਸਨੂੰ ਭਾਉਂਦਾ ਹੈ, ਉਸਨੂੰ ਸੁਖ ਸਮਝਦਾ ਹੈ, ਜੋ ਨਹੀਂ ਭਾਉਂਦਾ ਉਸਨੂੰ ਦੁਖ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਭਾਉਣ ਵਾਲੀ ਗੱਲ ਕਿਹੜੀ ਹੈ, ਪਸੰਦੀਦਾ ਸ਼ੈ ਦਾ ਕੀ ਲੱਛਣ ਹੈ ? ਉਹ ਇਹ ਜੋ ਸਾਡੇ ਸਰੀਰ, ਇੰਦ੍ਰਿਆਂ ਯਾ ਮਨ ਨੂੰ ਸੰਤੋਖ ਦੇਵੇ। ਸਰੀਰ ਨੂੰ ਸਪਰਸ਼ ਚੰਗਾ ਲਗਦਾ ਹੈ, ਅੱਖਾਂ ਨੂੰ ਰੂਪ ਭਾਉਂਦਾ ਹੈ, ਕੰਨ ਮਧੁਰ ਸੰਗੀਤ ਦੇ ਚਾਹਵਾਨ ਹਨ, ਨੱਕ ਸੁਗੰਧੀ ਦਾ ਸ਼ੌਕੀਨ ਹੈ, ਜੀਭ ਸੁਆਦਲਾ ਪਦਾਰਥ ਚੱਖ ਕੇ ਖੁਸ਼ ਹੈ। ਇਸੇ ਤਰ੍ਹਾਂ ਸਾਡੇ ਮਨ ਦੀ ਤ੍ਰਿਪਤੀ ਇਸਦੀ ਹਉਮੈ ਤੇ ਮਮਤਾ ਨੂੰ ਤਸੱਲੀ ਮਿਲਣ ਤੇ ਹੁੰਦੀ ਹੈ। ਯਾ ਫਿਰ ਇਸ ਦੀਆਂ ਮੁਢਲੀਆਂ ਪ੍ਰਿਵਿਰਤੀਆਂ ਦੇ ਸੰਤੁਸ਼ਟ ਹੋਣ ਤੇ ਜਿਵੇਂ ਪ੍ਰਸੰਸਾ ਸੁਣਕੇ ਹਉਮੈ ਤ੍ਰਿਪਤ ਹੁੰਦੀ ਹੈ, ਕਿਸੇ ਚੀਜ਼ ਦੇ ਕਬਜ਼ੇ ਵਿਚ ਆਉਣ ਨਾਲ ਮਮਤਾ ਤ੍ਰਿਪਤ ਹੁੰਦੀ ਹੈ। ਜਿਵੇਂ ਮੈਨੂੰ ਕਿਸੇ ਕਿਹਾ, 'ਤੂੰ ਅੱਛੀ ਕਿਤਾਬ ਲਿਖੀ ਹੈ' ਤਾਂ ਮੈਨੂੰ ਖੁਸ਼ੀ ਹੋਈ, ਜੇ ਕਿਸੇ ਕਿਹਾ, 'ਤੂੰ ਕੁਝ ਨਹੀਂ ਲਿਖਿਆ, ਤਾਂ ਦੁਖ ਹੋਇਆ। ਮਾਨਸਿਕ ਸੁਖ ਲਈ ਅਹੰਭਾਵ ਦੀ ਤਸੱਲੀ ਜ਼ਰੂਰੀ ਹੈ। ਇਸੇ ਤਰ੍ਹਾਂ ਜੇ ਮੈਨੂੰ ਮੁਫਤ ਦਾ ਧਨ ਪ੍ਰਾਪਤ ਹੋ ਗਿਆ ਯਾ ਕੋਈ ਹੋਰ ਚੀਜ਼ ਇਸ ਨਾਲ ਮੇਰੇ ਕਬਜ਼ੇ ਦਾ ਪਸਾਰ ਵਧਦਾ ਹੈ, ਮਮਤਾ ਸੰਤੁਸ਼ਟ ਹੁੰਦੀ ਹੈ। ਜ਼ਾਹਰ ਹੈ ਸਾਡੇ ਇੰਦ੍ਰਿਆਂ ਤੇ ਮਨ ਦੀ ਤਸੱਲੀ ਦਾ ਖੇਤਰ ਅਪਣਾ ਅਪਣਾ ਹੈ। ਉਹ ਅਜੇਹੇ ਪਦਾਰਥ ਚਾਹੁੰਦੇ ਹਨ ਜਿਨ੍ਹਾਂ ਨਾਲ ਕੇਵਲ ਉਨ੍ਹਾਂ ਨੂੰ ਸੰਤੁਸ਼ਟਤਾ ਮਿਲੇ, ਭਾਵੇਂ ਬਾਕੀ ਸਰੀਰ ਨੂੰ ਅੰਤ ਦੁਖ ਹੀ ਪਹੁੰਚਦਾ ਹੋਵੇ। ਜਿਵੇਂ ਜੀਭ ਅਪਣੇ ਰਸ ਦੇ ਚਸਕੇ ਵਿਚ ਅਜੇਹੇ ਰਜੋਗੁਣੀ ਤੇ ਤਮੋਗੁਣੀ ਪਦਾਰਥ ਖਾ ਕੇ ਖ਼ੁਸ਼ ਹੈ ਪਰ ਸਰੀਰ ਦੇ ਬਾਕੀ ਹਿਸੇ ਨੂੰ ਉਸ ਨਾਲ ਨੁਕਸਾਨ ਵੀ ਪਹੁੰਚ ਸਕਦਾ ਹੈ ਤੇ ਪਹੁੰਚਦਾ ਵੀ ਹੈ। ਇਸਦਾ ਅਰਥ ਇਹ ਹੈ ਕਿ ਕਿਸੇ ਇਕ ਇੰਦ੍ਰੇ ਦੀ ਤ੍ਰਿਪਤੀ ਪੂਰਨ ਸੁਖ ਨਹੀਂ ਤੇ ਨਾ ਹੀ ਕੇਵਲ ਸਰੀਰਕ ਤ੍ਰਿਪਤੀ ਸਦਾ ਮਾਨਸਿਕ ਸੁਖ ਦਾ ਕਾਰਣ ਹੋ ਸਕਦੀ ਹੈ। ਮਨ ਦੇ ਦੁਖ—ਚਿੰਤਾ, ਡਰ, ਈਰਖਾ, ਦ੍ਵੈਖ ਆਦਿ ਹਨ ਜਿਨ੍ਹਾਂ ਨੂੰ ਵਿਸਵਾਸ਼, ਸਾਹਸ, ਦਲੇਰੀ, ਪ੍ਰੇਮ, ਨਿੰਮ੍ਰਤਾ ਆਦਿ ਵਿਚ ਵਟਾ ਕੇ ਹੀ ਸੁਖ ਮਿਲ ਸਕਦਾ ਹੈ। ਪੁਰਾਣੇ ਭੋਗਵਾਦੀ ਚਾਰਵਾਕੀਏ ਇਹੋ ਸਮਝਦੇ ਸਨ ਕਿ ਸਰੀਰ ਨੂੰ ਭੋਗਾਂ ਨਾਲ ਤ੍ਰਿਪਤ ਕਰਨਾ ਹੀ ਸੁਖ ਹੈ, ਇਸ ਕਰਕੇ ਜਿਤਨਾ ਹੋ ਸਕੇ ਪਦਾਰਥਕ ਬਹੁਲਤਾ ਦੁਆਰਾ ਜੀਵਨ-ਅਨੰਦ ਮਾਣਨਾ ਚਾਹੀਦਾ ਹੈ। ਉਨ੍ਹਾਂ ਦਾ ਨਾਅਰਾ ਸੀ—

(੧) 'ਖਾਓ ਪੀਓ ਮੌਜ ਉਡਾਓ'

(੨) 'ਯਾਵਤ ਜੀਵੇਤ ਸੁਖੰ ਜੀਵੇਤ ਰਿਣੰ ਕ੍ਰਿਤਵਾ ਘ੍ਰਿਤੰ ਪੀਵੇਤ।'

(੩) 'ਬਾਬਰ ਬਐਸ਼ ਕੋਸ਼ ਕਿ ਆਲਮ ਦੁਬਾਰਾ ਨੇਸਤ।'

ਸੁਖਵਾਦ (Hedonism) ਵੀ ਇਸੇ ਧਾਰਣਾ ਦੀ ਪੁਸ਼ਟੀ ਕਰਦਾ ਹੈ ਕਿ ਸੁਖ ਜੀਵਨ ਦਾ ਉਦੇਸ਼ ਹੈ, ਇਸ ਨੂੰ ਜਿਵੇਂ ਕਿਵੇਂ ਪ੍ਰਾਪਤ ਕਰਨਾ ਚਾਹੀਦਾ ਹੈ। ਸਾਧਨ ਕੋਈ ਹੋ ਸਕਦਾ ਹੈ। ਪਰ ਧਰਮ ਇਹ ਖੁਲ੍ਹ ਨਹੀਂ ਦਿੰਦਾ, ਜੀਵਨ-ਖੁਸ਼ਹਾਲੀ ਲਈ ਪ੍ਰੇਰਨਾ ਜ਼ਰੂਰ ਦਿੰਦਾ, ਪਰੰਤੂ ਸਦਾਚਾਰਕ ਮਰਯਾਦਾ ਤੋੜਕੇ ਨਹੀਂ।

ਸਿਖ ਵਿਚਾਰਧਾਰਾ ਵਿਚ ਇਹ ਮੰਨਿਆ ਹੈ ਕਿ ਸੁਖ ਤੇ ਦੁਖ ਸਰੀਰ ਦੇ ਧਰਮ

ਹਨ। ਇਹ ਅਜੇਹੇ ਦੋ ਲਿਬਾਸ ਹਨ ਜੋ ਹਰ ਵਿਅਕਤੀ ਨੂੰ ਕਦੀ ਨ ਕਦੀ ਅੱਗੇ ਪਿਛੇ ਪਹਿਨਣੇ ਹੀ ਪੈਂਦੇ ਹਨ ਕਿਉਂਕਿ ਜੀਵਨ ਇਕ ਸੰਗ੍ਰਾਮ ਹੈ, ਇਸ ਵਿਚ ਜਿੱਤਾਂ ਵੀ ਹੁੰਦੀਆਂ ਹਨ ਤੇ ਹਾਰਾਂ ਵੀ, ਜੋ ਇਸ ਤੇ ਤਿਲਮਿਲਾਉਣ ਦੀ ਲੋੜ ਨਹੀਂ।

ਨਾਨਕ ਬੋਲਣੁ ਝਖਣਾ, ਦੁਖ ਛਡਿ ਮੰਗੀਅਹਿ ਸੁਖ
ਸੁਖ ਦੁਖ ਦੁਇ ਦਰ ਕਪੜੇ, ਪਹਰਹਿ ਜਾਇ ਮਨੁਖ। (ਵਾਰ ਮਾਝ ੧)

ਦੁਖ ਭਾਵੇਂ ਸੁਖ ਦੇ ਅਭਾਵ ਦੀ ਅਵਸਥਾ ਹੈ ਪਰ ਭਾਰਤੀ ਚਿੰਤਕਾਂ ਇਸਦੇ ਤਿੰਨ ਭੇਦ ਕਲਪੇ ਹਨ—ਆਧਿ, ਬਿਆਧਿ, ਉਪਾਧਿ। ਮਾਨਸਿਕ ਦੁਖਾਂ ਨੂੰ ਆਧਿ, ਸਰੀਰਕ ਰੋਗਾਂ ਨੂੰ ਬਿਆਧਿ ਤੇ ਬਾਹਰਲੇ ਉਪਦ੍ਰਵਾਂ ਨੂੰ ਉਪਾਧਿ ਕਿਹਾ ਗਿਆ ਹੈ। ਬੁਧ ਮਤ ਨੇ ਦੁਖ ਦਾ ਕਾਰਣ ਤ੍ਰਿਸ਼ਨਾ ਮੰਨਿਆ ਹੈ। ਈਸਾਈ ਵੀ ਦੁਖ ਨੂੰ ਪਾਪਾਂ ਦਾ ਫਲ ਕਹਿੰਦੇ ਹਨ। ਗੁਰੂ ਸਾਹਿਬ ਹਉਮੈ ਨੂੰ ਦੁਖ ਦਾ ਕਾਰਣ ਮੰਨਦੇ ਹਨ ਜਿਸਨੇ ਜੀਵ ਨੂੰ ਪਰਮਸੱਤਾ ਨਾਲੋਂ ਵਿਛੋੜਿਆ ਹੋਇਆ ਹੈ।

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।
(ਮਾਝ ੫)

ਫਿਰ ਇਸ ਦਾ ਇਲਾਜ ਵੀ 'ਸਰਬ ਰੋਗ ਕਾ ਅਉਖਧ ਨਾਮ' ਦਸਿਆ ਹੈ ਜੋ ਪਰਮਾਨੰਦ ਦਾ ਮਾਰਗ ਖੋਲ੍ਹਦਾ ਹੈ।

ਪਰ ਉਪਰੋਕਤ ਵਾਂਙ ਗੁਰਮਤਿ ਸਰੀਰਕ ਭੋਗ; ਇੰਦ੍ਰੇ ਰਸ ਤੇ ਹਉਮੈ ਮਮਤਾ ਦੀ ਸੰਤੁਸ਼ਟਤਾ ਵਿਚ ਸੁਖ ਨਹੀਂ ਮੰਨਦੀ ਸਗੋਂ ਉਹ ਤਾਂ ਭੋਗਾਂ ਦੀ ਥਾਂ ਤਿਆਗ ਵੈਰਾਗ, ਇੰਦ੍ਰੇ ਰਸ ਦੀ ਥਾਂ ਜਤ ਸਤ ਸੰਜਮ, ਹਉਮੈ ਮਮਤਾ ਦੀ ਥਾਂ ਨਿਰਮਾਣਤਾ ਤੇ ਪਰਉਪਕਾਰ ਵਿਚ ਸੁਖ ਮੰਨਦੀ ਹੈ। ਇਸ ਦਾ ਅਰਥ ਇਹ ਵੀ ਨਹੀਂ ਕਿ ਗੁਰੂ ਸਾਹਿਬ ਖਾਣ ਪੀਣ ਯਾ ਇੰਦ੍ਰਿਆਂ ਦੇ ਸੁਆਦਾਂ ਦੇ ਵਿਰੁਧ ਹਨ, ਸਗੋਂ ਅਨੁਰੋਧ ਇਤਨਾ ਹੀ ਹੈ ਕਿ ਇਨ੍ਹਾਂ ਵਿਚ ਖਚਤ ਹੋ ਕੇ ਜੀਵਨ-ਆਦਰਸ਼ ਨੂੰ ਨ ਭੁਲਾਇਆ ਜਾਵੇ ਕਿਉਂਕਿ ਖਚਤ ਹੋਣ ਨਾਲ ਸੁਖ ਦੀ ਥਾਂ ਦੁਖ ਹੁੰਦਾ ਹੈ, ਖੁਆਰੀ ਹੁੰਦੀ ਹੈ। ਗੁਰ ਵਾਕ ਹੈ—

ਖਾਣਾ ਪੀਣਾ ਪਵਿਤ੍ਰ ਹੈ, ਦਿਤੋਨੁ ਰਿਜਕ ਸੰਬਾਹਿ।
(ਵਾਰ ਆਸਾ ੧)

ਬਾਬਾ ਸਾ ਖਾਣਾ ਖੁਸੀ ਖੁਆਰੁ
ਜਿਤੁ ਖਾਧੈ ਤਨਿ ਪੀੜੀਐ, ਮਨ ਮਹਿ ਚਲਹਿ ਵਿਕਾਰੁ।
(ਸਿਰੀ ੧)

**ਸੁਖ ਦੇ ਭੇਦ :** ਇਸ ਕਰਕੇ ਦਰਜੇ ਅਨੁਸਾਰ ਗੁਰੂ ਸਾਹਿਬ ਨੇ ਸੁਖ ਦੇ ਦੋ ਭੇਦ ਕੀਤੇ ਹਨ। ਅਲਪ ਸੁਖ ਤੇ ਸਦਾ ਸੁਖ ਯਾ ਪਰਮ ਸੁਖ। ਸਰੀਰਕ ਭੋਗਾਂ ਦੁਆਰਾ ਪ੍ਰਾਪਤ ਖੁਸ਼ੀ 'ਅਲਪ ਸੁਖ' ਹੈ ਕਿਉਂਕਿ ਇਹ ਪਾਇਦਾਰ ਨਹੀਂ ਤੇ ਨਾ ਹੀ ਸਦਾ ਲਾਭਕਾਰੀ ਹੈ। ਇਸ ਕਰਕੇ ਸਤਿਗੁਰਾਂ ਆਖਿਆ ਹੈ :—

ਬਿਨਸ ਜਾਇ ਜੋ ਨਿਮਖ ਮਹਿ ਸੋ ਅਲਪ ਸੁਖ ਭਨੀਐ
(ਧਨਾਸਰੀ ੫)

ਇੰਦ੍ਰਿਆਂ ਦੇ ਰਸਕਸ ਥੋੜ੍ਹੇ-ਚਿਰੇ ਹਨ ਤੇ ਫਿਰ ਇਨ੍ਹਾਂ ਰਸਕਸਾਂ ਵਿਚ, ਗ਼ਲਤਾਨ

ਹੋਣ ਨਾਲ ਅਖੀਰ ਦੁਖ ਹੀ ਨਿਕਲਦਾ ਹੈ। ਇਉਂ ਜੋ ਸੁਖ, ਦੁਖ ਦਾ ਕਾਰਣ ਬਣੇ, ਉਸਨੂੰ ਸੁਖ ਸਮਝਣਾ ਭੁੱਲ ਹੈ। ਕੁਝ ਲੋਕ ਸਰੀਰਕ ਭੋਗ, ਦੌਲਤ, ਹੁਸਨਪ੍ਰਸਤੀ ਯਾ ਸ਼ਕਤੀ—ਪ੍ਰਾਪਤੀ ਨੂੰ ਸੁਖ ਤਸੱਵਰ ਕਰਦੇ ਹਨ ਪਰ ਗੁਰੂ ਸਾਹਿਬ ਨੇ ਇਨ੍ਹਾਂ ਸਭ ਨੂੰ, ਅਲਪ ਸੁਖ' ਕਹਿਕੇ ਰੱਦ ਕੀਤਾ ਹੈ :—

'ਖਸਮ ਵਿਸਾਰਿ ਕੀਏ ਰਸ ਭੋਗ। ਤਾ ਤਨਿ ਉਠਿ ਖਲੋਏ ਰੋਗ।'
'ਦੁਖ ਦਾਰੂ ਸੁਖ ਰੋਗੁ ਭਇਆ......(ਵਾਰ ਆਸਾ ੧)
'ਰੂਪੀ ਭੁਖ ਨ ਉਤਰੈ, ਜਾ ਦੇਖਾਂ ਤ ਭੁਖ
ਜੇਤੇ ਰਸ ਸਰੀਰ ਕੇ, ਤੇਤੇ ਲਗਹਿ ਦੁਖ। (ਵਾਰ ਮਲਾਰ ੧)
ਕਾਮ ਕ੍ਰੋਧ ਲੋਭ ਮੋਹਿ ਅਭਿਮਾਨਾ, ਤਾ ਮਹਿ ਸੁਖ ਨਹੀਂ ਪਾਈਐ
ਹੋਹੁ ਰੇਨ ਤੂ ਸਗਲਿ ਕੀ ਮੇਰੇ ਮਨ, ਤਉ ਅਨੰਦ ਮੰਗਲ ਸੁਖ ਪਾਈਐ।
(ਸੋਰਠਿ ੫)

ਕਾਮ ਕਰੋਧ ਸਬਲ ਸੰਸਾਰਾ।
ਬਹੁ ਕਰਮ ਕਮਾਵਹਿ ਦੁਖ ਕਾ ਪਾਸਾਰਾ
ਸਤਿਗੁਰ ਸੇਵਹਿ ਸੇ ਸੁਖ ਪਾਵਹਿ,
ਸਚੈ ਸਬਦਿ ਮਿਲਾਇਦਾ।

(ਮਾਰੂ ੩)

ਇਹ ਹਕੀਕਤ ਹੈ, ਦੌਲਤ ਯਾ ਮਾਇਆ ਸੁਖ-ਪ੍ਰਾਪਤੀ ਦੇ ਸਾਧਨ ਜੁਟਾਉਂਦੀ ਹੈ, ਇਸ ਕਰਕੇ ਬਹੁਤੇ ਲੋਕ ਇਸੇ ਨੂੰ ਹੀ ਸੁਖ ਦਾ ਕਾਰਣ ਸਮਝਦੇ ਹਨ। ਗੁਰੂ ਸਾਹਿਬ ਇਹ ਨਹੀਂ ਮੰਨਦੇ। ਉਹ ਕਹਿੰਦੇ ਹਨ, ਜਿਨ੍ਹਾਂ ਪਾਸ ਬਹੁਤੀ ਹੈ ਉਹ ਵੀ ਔਖੇ ਹਨ, ਜਿਨ੍ਹਾਂ ਪਾਸ ਨਹੀਂ ਉਹ ਉਂਜ ਚਿੰਤਾਤੁਰ ਹਨ, ਸੋ ਇਸਨੂੰ ਕਿਵੇਂ ਸੁਖ-ਦਾਤੀ ਮੰਨੀਏ :—

ਜਿਸ ਗ੍ਰਿਹਿ ਬਹੁਤੁ ਤਿਸੈ ਗ੍ਰਿਹ ਚਿੰਤਾ।
ਜਿਸ ਗ੍ਰਿਹਿ ਥੋਰੀ ਸੋ ਫਿਰੈ ਭ੍ਰਮੰਤਾ
ਦੁਹੂ ਬਿਵਸਥਾ ਤੇ ਜੋ ਮੁਕਤਾ,
ਸੋਈ ਸੁਹੇਲਾ ਭਾਲੀਐ ਜੀਉ।

(ਮਾਰੂ ੫)

ਸੁਖ ਨਾਹੀ ਬਹੁਤੇ ਸਨ ਖਾਟੇ,
ਸੁਖ ਨਾਹੀ ਪੇਖੇ ਨਿਰਤ ਨਾਟੇ।
ਸੁਖ ਨਾਹੀ ਬਹੁ ਦੇਸ ਕਮਾਏ,
ਸਰਬ ਸੁਖਾ ਹਰਿ ਹਰਿ ਗੁਣ ਗਾਏ।

(ਭੈਰਉ ੫)

ਮਾਨਸਿਕ ਸੁਖ ਲਈ ਹਉਮੈ ਬਾਧਕ ਹੈ, ਮਮਤਾ ਦੁਖ ਪੈਦਾ ਕਰਦੀ ਹੈ ਇਸ ਕਰਕੇ ਹਉਮੈ ਤੇ ਮਮਤਾ ਵਾਲੇ ਲੋਕ ਵੀ ਅਸਲ ਸੁਖ ਹਾਸਲ ਨਹੀਂ ਕਰ ਸਕਦੇ ਤੇ ਨਾਹੀ ਵਿਸ਼ੈ ਵਾਸਨਾ ਦੀ ਪੂਰਤੀ ਸੁਖਦਾਈ ਸਿੱਧ ਹੁੰਦੀ ਹੈ :—

ਬਿਖੈ ਬਨ ਫੀਕਾ ਤਿਆਗਿ ਰੀ ਸਖੀਏ, ਨਾਮ ਮਹਾ ਰਸ ਪੀਉ
ਬਿਨ ਰਸ ਚਾਖੈ, ਬੁਡਿ ਗਈ ਸਗਲੀ,
ਸੁਖੀ ਨ ਹੋਵਤ ਜੀਉ । (ਮ. ੫)

**ਪਰਮ ਸੁਖ** : ਪਦਾਰਥਕ ਭੋਗਾਂ ਦੇ ਸੁਖ ਦੇ ਮੁਕਾਬਲੇ ਉਤੇ ਉੱਚੀ ਸੁੱਚੀ ਸਬਰ ਸੰਤੋਖ ਵਾਲੀ ਜੀਵਨ-ਅਵਸਥਾ ਨੂੰ 'ਪਰਮ ਸੁਖ 'ਯਾ' ਸਦਾ ਸੁਖ' ਯਾ ਪਰਮਾਨੰਦ ਕਿਹਾ ਗਿਆ ਹੈ। ਸੁਖ ਇੰਦ੍ਰਿਆਂ ਦੀ ਤ੍ਰਿਪਤੀ ਯਾ ਮਨ ਦੀ ਵਾਸਨਾ ਨੂੰ ਪੂਰਾ ਕਰਨ ਤੇ ਨਿਰਭਰ ਨਹੀਂ ਸਗੋਂ ਇਨ੍ਹਾਂ ਉਤੇ ਨਿਯੰਤ੍ਰਣ ਕਰਕੇ, ਵਿਕਾਰਾਂ ਦੇ ਚਿਕੜ ਤੋਂ ਬਚ ਕੇ ਪਵਿੱਤਰ ਤੇ ਸੰਤੁਲਤ ਜੀਵਨ ਬਸਰ ਕਰਨ ਦੀ ਹਮਾਇਤ ਕਰਦਾ ਹੈ । ਗੁਰੂ ਅਮਰਦਾਸ ਦਾ ਵਾਕ ਹੈ :—

ਅਨੰਦੁ ਅਨੰਦੁ ਸਭ ਕੋ ਕਹੈ, ਆਨੰਦ ਗੁਰੂ ਤੇ ਜਾਣਿਆ
ਜਾਣਿਆ ਅਨੰਦ ਸਦਾ ਗੁਰ ਤੇ, ਕ੍ਰਿਪਾ ਕਰੇ ਪਿਆਰਿਆ
ਕਰਿ ਕ੍ਰਿਪਾ ਕਿਲ ਵਿਖ ਕਟੇ, ਗਿਆਨ ਅੰਜਨੁ ਸਾਰਿਆ ।
ਅੰਦਰਹੁ ਜਿਨਕਾ ਮੋਹ ਤੁਟਾ, ਤਿਨਕਾ ਸਬਦੁ ਸਚੈ ਸਵਾਰਿਆ ।
(ਰਾਮਕਲੀ ਅਨੰਦ ੩)

ਸੁਖੀ ਜੀਵਨ ਬਸਰ ਕਰਨ ਲਈ ਉਨ੍ਹਾਂ ਦੀ ਕਸੌਟੀ ਹੀ ਇਹੋ ਹੈ ਕਿ ਅਜੇਹੀ ਕੋਈ ਗੱਲ ਨ ਕਰੋ ਜਿਨ੍ਹਾਂ ਦਾ ਅੰਤ ਦੁਖਦਾਈ ਹੋਵੇ । ਆਖਰ ਬੁਰਾ ਨਤੀਜਾ ਦੇਣ ਵਾਲੀ ਵਸਤੂ ਯਾ ਘਟਨਾ ਕਦੀ ਸੁਖਦਾਈ ਨਹੀਂ ਹੋ ਸਕਦੀ ।

ਐਸਾ ਕੰਮ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ ।
(ਰਾਮਕਲੀ ੩)

'ਜਿਨੀਂ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ।'
(ਸਲੋਕ ਫਰੀਦ)

**ਸੁਖ ਦਾ ਸਾਧਨ ਮਾਰਗ** : ਇਹ ਠੀਕ ਹੈ ਕਿ ਇਸ ਸੰਸਾਰ ਵਿਚ ਰਹਿ ਕੇ ਸਰੀਰ ਤੇ ਇੰਦ੍ਰਿਆਂ ਦੇ ਭੋਗਾਂ ਨੂੰ ਛੱਡਣਾ ਔਖਾ ਹੈ, ਮਨੁਖ ਇਸ ਗੱਲ ਨੂੰ ਕਈ ਵਾਰ ਦਿਮਾਗੀ ਤੌਰ ਤੇ ਸਮਝ ਵੀ ਲੈਂਦਾ ਹੈ ਕਿ ਇਹ ਵਿਸ਼ੇ ਵਿਕਾਰ, ਭੋਗ ਬਿਲਾਸ ਅੰਤ ਦੁਖ ਦੇਣ ਵਾਲੇ ਹਨ ਪਰੰਤੂ ਉਹ ਇਨ੍ਹਾਂ ਦੇ ਜਾਲ ਵਿਚੋਂ ਨਿਕਲ ਨਹੀਂ ਸਕਦਾ । ਇਸ ਸਮੱਸਿਆ ਦਾ ਸਮਾਧਾਨ ਗੁਰੂ ਸਾਹਿਬਾਨ ਨੇ ਇਹੋ ਕੀਤਾ ਹੈ ਕਿ ਪ੍ਰਭੂ ਦੀ ਸਿਫਤ ਸਲਾਹ ਵਿਚ ਜੁੜਨਾ, ਅਪਣਾ ਆਪਾ ਉਸਦੇ ਸਮਰਪਨ ਕਰਨਾ ਹੀ ਇਕੋ ਇਕ ਤਰੀਕਾ ਹੈ ਜਿਸ ਨਾਲ ਸਭ ਤਨ ਮਨ ਦੇ ਦੁਖ ਮਿਟਦੇ ਤੇ ਸੱਚੇ ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ । ਉਹ ਕਹਿੰਦੇ ਹਨ—

ਜਿਨ ਸੇਵਿਆ ਤਿਨ ਪਾਇਆ ਮਾਨੁ
ਨਾਨਕ ਗਾਵੀਐ ਗੁਣੀ ਨਿਧਾਨੁ ।
ਗਾਵੀਐ ਸੁਣੀਐ ਮਨਿ ਰਖੀਅਹਿ ਭਾਉ
ਦੁਖ ਪਰਹਰਿ ਸੁਖ ਘਰਿ ਲੈ ਜਾਇ । (ਜਪੁ ੧)
ਜੇ ਲੋੜਹਿ ਸਦਾ ਸੁਖ ਭਾਈ, ਸਾਧੂ ਸੰਗਤਿ ਗੁਰਹਿ ਬਤਾਈ ।
(ਬਸੰਤ ੫)
ਜਉ ਸੁਖ ਕਉ ਚਾਹਹਿ ਸਦਾ, ਸਰਨਿ ਰਾਮ ਕੀ ਲੇਹੁ । (ਸਲੋਕ ੯)

ਦਰਅਸਲ ਭਗਤੀ ਭਾਵ ਦਾ ਰਾਹ ਅਪਣਾਉਣ ਨਾਲ ਸਾਡੀ ਅਹੰ; ਪਰਮ ਅਹੰ ਵਿਚ ਲੀਨ ਹੋ ਕੇ ਮੁਕ ਜਾਂਦੀ ਹੈ, ਇਸ ਕਰਕੇ ਹਉਮੈ ਮਮਤਾ ਦਾ ਝਗੜਾ ਨਹੀਂ ਰਹਿੰਦਾ। ਈਰਖਾ ਬਖੇੜਾ ਕੌਣ ਕਰੇ ਤੇ ਨਾ ਹੀ ਇੰਦ੍ਰੇ, ਵਿਕਾਰਾਂ ਵਲ ਦੌੜਨ ਜੋਗੇ ਰਹਿੰਦੇ ਹਨ। ਉਹ ਸਮਝ ਲੈਂਦਾ ਹੈ ਕਿ ਸਰੀਰਕ ਭੋਗਾਂ ਵਿਚ ਸੁਖ ਨਹੀਂ, ਹਉਮੈ ਵਿਚ ਸੁਖ ਨਹੀਂ ਤੇ ਨਾ ਹੀ ਪਦਾਰਥਕ ਮੋਹ ਮਮਤਾ ਵਿਚ ਸੁਖ ਹੈ। ਇਸ ਕਰਕੇ ਉਹ ਤਿਆਗ ਵੈਰਾਗ ਦਾ ਗੁਣ ਧਾਰਕੇ ਸਬਰ ਸੰਤੋਖ ਦਾ ਜੀਵਨ ਬਿਤਾਉਂਦਾ ਹੈ :—

ਸੇਵ ਕੀਤੀ ਸੰਤੋਖੀਈਂ ਜਿਨੀ ਸਚੋ ਸਚੁ ਧਿਆਇਆ।
ਓਨੀਂ ਮੰਦੇ ਪੈਰ ਨ ਰਖਿਓਨੁ ਕਰਿ ਸੁਕ੍ਰਿਤ ਧਰਮ ਕਮਾਇਆ।
ਓਨੀਂ ਦੁਨੀਆ ਤੋੜੇ ਬੰਧਨਾ, ਅੰਨ ਪਾਣੀ ਥੋੜਾ ਖਾਇਆ।
(ਵਾਰ ਆਸਾ ੧)

ਜਿਸਨੇ ਅਪਣੀ ਹਉਮੈ ਛੱਡ ਦਿਤੀ, ਉਹ ਫਿਰ ਰੱਬੀ ਹੁਕਮ ਵਿਚ ਰਹਿ ਕੇ ਭਾਣੇ ਦਾ ਜੀਵਨ ਬਸਰ ਕਰਦਾ ਹੈ। ਭਾਣੇ ਵਿਚ ਚਲਣ ਵਾਲੇ ਨੂੰ ਕੋਈ ਦੁਖ ਨਹੀਂ। ਜਿਵੇਂ ਅਨ੍ਹੇਰੀ ਆਉਣ ਤੇ ਨਿਕੇ ਝਾੜ ਜ਼ਰਾ ਗਰਦਨ ਝੁਕਾ ਕੇ ਵਕਤ ਲੰਘਾ ਲੈਂਦੇ ਹਨ ਤੇ ਵੱਡੇ ਵੱਡੇ ਬਿਰਛਾਂ ਨੂੰ ਗਾਟਾ ਤੁੜਾਉਣਾ ਪੈਂਦਾ ਹੈ। ਇਹ ਹਾਲ ਹਉਮੈ ਨਾਲ ਸਿਰ ਚੁਕਣ ਵਾਲਿਆਂ ਦਾ ਹੈ।

ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੈ।
ਜਿਉ ਜਿਉ ਜਲਹਿ ਚੁਭਹਿ ਦੁਖ ਪਾਵਹਿ,
ਜਮਕਾਲ ਸਹਹਿ ਸਿਰਿ ਡੰਡਾ ਹੈ। (ਗਉੜੀ ਪੂਰਬੀ ੪)
ਗੁਰਿ ਪੂਰੈ ਉਪਦੇਸਿਆ, ਸੁਖ ਖਸਮ ਰਜਾਈ।
(ਬਿਲਾਵਲ ੫)
ਨਾਨਕ ਸੁਖ ਅਨੰਦ ਭਏ, ਪ੍ਰਭ ਕੀ ਮੰਨਿ ਰਜਾਇ।
(ਸਲੋਕ ੫)
ਜਬ ਲਗ ਹੁਕਮੁ ਨ ਬੂਝਤਾ, ਤਬ ਹੀ ਲਉ ਦੁਖੀਆ
ਗੁਰ ਮਿਲਿ ਹੁਕਮੁ ਪਛਾਣਿਆ, ਤਬ ਹੀ ਤੇ ਸੁਖੀਆ।
(ਆਸਾ ੫)

ਇਹਨਾਂ ਬਚਨਾਂ ਵਿਚ ਬਾਰ ਬਾਰ ਇਹ ਗੱਲ ਦੁਹਰਾਈ ਗਈ ਹੈ ਕਿ ਭਾਣੇ ਵਿਚ ਰਹਿਣ ਨਾਲ ਹੀ ਸੁਖ ਹੈ। ਤਾਤਪ੍ਰਯ ਇਹ ਜਾਪਦਾ ਹੈ ਕਿ ਜ਼ਿੰਦਗੀ ਅੰਦਰ ਸੁਖ ਦੁਖ ਸਦਾ ਆਉਂਦੇ ਹੀ ਰਹਿੰਦੇ ਹਨ। ਉਤਮ ਪੁਰਸ਼ ਉਹ ਹੈ ਜੋ ਉਨ੍ਹਾਂ ਦੇ ਅਸਰ ਹੇਠ ਆ ਕੇ ਆਪਣਾ ਸੰਤੁਲਨ ਨਹੀਂ ਗੁਆਉਂਦਾ। ਨ ਉਹ ਸਰੀਰਕ ਸੁਖ ਮਿਲਣ ਤੇ ਭੂਤਰਦਾ ਹੈ ਤੇ ਨਾ ਹੀ ਨ ਮਿਲਣ ਤੇ ਘਾਬਰਦਾ ਹੈ। ਉਸਦੀ ਕਿਸੇ ਚੀਜ਼ ਨਾਲ ਘਿਰਣਾ ਨਹੀਂ ਤੇ ਕਿਸੇ ਨਾਲ ਮੋਹ ਨਹੀਂ, ਉਹ ਤੱਤ ਗਿਆਨੀ, ਸਹਿਜ ਵਾਲਾ ਸੰਤੁਲਿਤ ਜੀਵਨ ਬਸਰ ਕਰਕੇ ਪਰਮ ਸੁਖ ਦਾ ਰਸ ਮਾਣਦਾ ਹੈ :—

ਜੋ ਨਰ ਦੁਖ ਮਹਿ ਦੁਖੁ ਨਹੀਂ ਮਾਨੈ
ਸੁਖ ਸਨੇਹ ਅਰੁ ਭੈ ਨਹੀਂ ਜਾਕੈ ਕੰਚਨ ਮਾਟੀ ਮਾਨੈ

ਨਹਿ ਨਿੰਦਾ ਨਹਿ ਉਸਤਤਿ ਜਾਕੈ, ਲੋਭ ਮੋਹ ਅਭਿਮਾਨਾ
ਹਰਖ ਸੋਗ ਤੇ ਰਹੈ ਅਤੀਤਾ, ਤਿਨ ਜਗ ਤਤੁ ਪਛਾਨਾ ।
(ਸੋਰਠਿ ੯)

ਉਹ ਦੁਖ ਵਿਚੋਂ ਵੀ ਸੁਖ ਲੱਭ ਲੈਂਦਾ ਹੈ :—

ਜੇ ਸੁਖ ਦੇਇ ਤ ਤੁਝਹਿ ਆਰਾਧੀ ਦੁਖ ਭਿ ਤੁਝਹਿ ਧਿਆਈ
ਜੇ ਭੁਖ ਦੇਇ ਤ ਇਤਹੀ ਰਾਜਾ, ਦੁਖ ਵਿਚ ਸੂਖ ਮਨਾਈ ।
(ਸੂਹੀ ੪)

ਗੁਰੂ ਸਾਹਿਬ ਇਸ ਵਿਚਾਰ ਦੇ ਹਨ ਕਿ ਦੁਖ ਵੀ ਸੁਖ ਵਾਂਗ ਜੀਵਨ ਦਾ ਲਾਜ਼ਮੀ ਅੰਗ ਹੈ ਪਰ ਇਸ ਦੇ ਆਉਣ ਨਾਲ ਇਤਨੀ ਬੇਸੁਆਦੀ ਪੈਦਾ ਨਹੀਂ ਕਰਨੀ ਚਾਹੀਦੀ ਸਗੋਂ ਉਸਨੂੰ ਕੁਦਰਤੀ ਜੀਵਨ ਦਾ ਅੰਗ ਮੰਨ ਕੇ ਸਹਿਣਾ ਚਾਹੀਦਾ ਹੈ :—

ਸਗਲੇ ਦੂਖ ਅੰਮ੍ਰਿਤ ਕਰਿ ਪੀਵੈ ਬਾਹੁੜਿ ਦੁਖੁ ਨ ਪਾਇਦਾ ।
(ਮਾਰੂ ੧)

ਗੁਰੂ ਅਰਜਨ ਸਾਹਿਬ ਭਾਣੇ ਦਾ ਜੀਵਨ ਬਸਰ ਕਰਨ ਵਾਲੇ ਸਨ, ਉਨ੍ਹਾਂ ਪਰਮ ਸੁਖ ਦੀ ਕੁੰਜੀ ਪਾ ਲਈ ਸੀ,' ਇਸ ਲਈ ਉਹ ਕਹਿੰਦੇ ਸਨ :—

ਦੁਖੁ ਨਾਹੀ ਸਭ ਸੁਖ ਹੀ ਹੈ ਰੇ, ਏਕੋ ਏਕੀ ਨੇਤੇ ।
ਬੁਰਾ ਨਾ ਹੀ ਸਭ ਭਲਾ ਹੀ ਹੈ ਰੇ, ਹਾਰ ਨਹੀਂ ਸਭ ਜੇਤੇ ।
(ਕਾਨੜਾ ੫)

ਸੋ ਸਿੱਖ ਵਿਚਾਰਧਾਰਾ ਅਨੁਸਾਰ ਸੁਖ ਦੁਖ ਦਾ ਚੱਕਰ ਲਾਜ਼ਮੀ ਹੈ, ਕਿਸੇ ਨੂੰ ਥੋੜਾ ਕਿਸੇ ਨੂੰ ਬਹੁਤਾ ਪਰ ਕੇਵਲ ਸਰੀਰਕ ਭੋਗਾਂ ਨੂੰ ਸੁਖ ਮੰਨਣਾ ਭੁਲ ਹੈ, ਕਿਉਂਕਿ ਇਹ ਅੰਤ ਦੁਖਦਾਈ ਸਿਧ ਹੁੰਦੇ ਹਨ । ਮਨੁੱਖੀ ਜੀਵਨ ਦਾ ਇਤਿਹਾਸ ਦਸਦਾ ਹੈ ਕਿ ਇਨ੍ਹਾਂ ਭੋਗਾਂ ਪਦਾਰਥਾਂ ਵਿਚ ਸੁਖ ਲੱਭਣ ਵਾਲੇ ਅੰਤ ਦੁਖਾਂ ਦਾ ਸ਼ਿਕਾਰ ਹੋ ਗਏ ਪਰੰਤੂ ਜਿਨ੍ਹਾਂ ਸਬਰ ਸੰਤੋਖ, ਜਤ ਸਤ ਤੇ ਵੈਰਾਗ ਤਿਆਗ ਦਾ ਜੀਵਨ ਬਿਤਾਇਆ, ਉਨ੍ਹਾਂ ਪਰਮਾਨੰਦ ਪਾ ਲਿਆ । ਖੁਦੀ ਮਿਟਣ ਨਾਲ ਹੀ ਮਨ, ਤਨ ਦੋਵੇਂ ਸਿਹਤਮੰਦ ਰਹਿੰਦੇ ਹਨ ।

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ । (ਗਉੜੀ ੫)

ਯਾ

ਜਨ ਨਾਨਕ ਕਉ ਹਰਿ ਦਰਸ ਦਿਖਾਇਆ
ਆਤਮ ਚੀਨਿ ਪਰਮ ਸੁਖ ਪਾਇਆ ।
(ਆਸਾ ੫)

ਜੇਕਰ ਸਿਮਰਨ ਦੁਆਰਾ ਸੰਤੁਲਨ ਸਥਾਪਤ ਹੋ ਕੇ ਸਹਿਜ ਅਵਸਥਾ ਮਿਲ ਜਾਵੇ ਤਾਂ ਧੌਲਰਾਂ ਦੇ ਮੁਕਾਬਲੇ ਛਪਰੀਆਂ ਤੇ ਚੋਪੜੀਆਂ ਦੇ ਮੁਕਾਬਲੇ ਰੁੱਖੀ ਸੁੱਖੀ ਵਿਚ ਵੀ ਸੁਖ ਮਿਲਦਾ ਹੈ । ਇਨ੍ਹਾਂ ਲੋਕਾਂ ਨੂੰ ਸੰਕਟਾਂ ਦੇ ਪਹਾੜ ਟੁੱਟਣ ਤੇ ਵੀ ਦੁਖ ਨਹੀਂ ਹੁੰਦਾ । ਤੱਤੀ ਤਵੀ ਸੁਖ-ਆਸਨ ਹੋ ਜਾਂਦੀ ਹੈ, ਸਿਰ ਤੇ ਆਰਾ ਫਿਰਨਾ, ਬੰਦ ਬੰਦ ਕੱਟਣਾ ਅਪੁੱਠੀ ਖੱਲ ਲਹਿਣਾ ਯਾ ਸੂਲੀ ਚੜ੍ਹਨਾ ਦੁਖਦਾਈ ਨਹੀਂ ਜਾਪਦਾ, ਘਬਰਾਹਟ ਪੈਦਾ ਨਹੀਂ ਕਰਦਾ, ਉਹ ਹਰ ਹਾਲਤ ਵਿਚ ਪਰਮਸੁਖ ਦਾ ਜੀਵਨ ਬਸਰ ਕਰਦੇ ਹਨ । ਰੱਬ ਨੂੰ ਕਰਤਾ ਧਰਤਾ ਤੇ ਹਾਜ਼ਰ-ਨਾਜ਼ਰ

ਸਮਝਕੇ ਵਿਚਰਨਾ ਤੇ ਸਭ ਨਾਲ ਨਿੰਮ੍ਰਤਾ, ਪਿਆਰ ਦਾ ਵਰਤਾਉ ਕਰਨਾ ਉਨ੍ਹਾਂ ਦਾ ਜੀਵਨ ਹੈ। ਗੁਰੂ ਸਾਹਿਬ ਤਾਕੀਦ ਕਰਦੇ ਹਨ :—

ਜਿ ਸਰਬ ਸੁਖਾ ਫਲ ਲੋੜੀਅਹਿ, ਸੋ ਸਚੁ ਕਮਾਵਉ
ਨੇੜੇ ਦੇਖਉ ਪਾਰਬ੍ਰਹਮ, ਇਕ ਨਾਮ ਧਿਆਵਉ
ਹੋਇ ਸਗਲਿ ਕੀ ਰਣੁਕਾ, ਹਰਿ ਸੰਗਿ ਸਮਾਵਉ
ਦੂਖ ਨ ਦੇਈ ਕਿਸੈ ਜੀਅ, ਪਤਿ ਸਿਉਂ ਘਰਿ ਜਾਵਉ।
(ਵਾਰ ਗਉੜੀ ੫)

**ਸੁਖਮਨੀ ਦਾ ਸੁਖ-ਸਿਧਾਂਤ** : ਸੁਖਮਨੀ ਸਾਹਿਬ ਦੀ ਬਾਣੀ ਵਿਚ ਸੁਖ ਦੁਖ ਦਾ ਜ਼ਿਕਰ ਕਈ ਥਾਂ ਆਇਆ ਹੈ ਤੇ ਹਰ ਥਾਂ ਨਾਮ ਨੂੰ ਹੀ 'ਸੁਖ ਕਰਤਾ' ਤੇ ਨਾਮ ਨੂੰ ਹੀ 'ਦੁਖ ਹਰਤਾ' ਕਿਹਾ ਗਿਆ ਹੈ। ਇਸ ਬਾਣੀ ਦੀ ਰਹਾਉ ਦੀ ਤੁਕ ਹੀ ਇਹ ਹੈ—

'ਸੁਖਮਨੀ ਸੁਖ ਅੰਮ੍ਰਿਤੁ ਪ੍ਰਭੁ ਨਾਮੁ।'

ਇਹ ਤਾਂ ਸਪਸ਼ਟ ਉਲੇਖ ਕਰਦੀ ਹੈ ਕਿ ਸੁਖ ਯਾ ਮਾਨਸਿਕ ਸ਼ਾਂਤੀ ਕੇਵਲ ਅੰਮ੍ਰਿਤ ਨਾਮ ਵਿਚ ਹੈ। ਇਸੇ ਕਰਕੇ ਬਾਣੀ ਦਾ ਅਰੰਭ ਹੀ ਇਸ ਸੱਦੇ ਨਾਲ ਹੁੰਦਾ ਹੈ ਕਿ ਆਓ, ਉਸ ਪਰਮਾਤਮਾ ਨੂੰ ਚੇਤੇ ਕਰੀਏ, ਉਸਦੇ ਸਿਮਰਨ ਨਾਲ ਹੀ ਸੁਖ ਮਿਲਦਾ ਤੇ ਦੁਖ ਕਲੇਸ਼ ਦਾ ਨਾਸ ਸੰਭਵ ਹੈ :—

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ
ਕਲਿ ਕਲੇਸ ਤਨ ਮਾਹਿ ਮਿਟਾਵਉ।

ਪਹਿਲੀ ਅਸ਼ਟਪਦੀ ਸਿਮਰਨ-ਮਹਿਮਾ ਦੀ ਹੈ, ਇਸ ਵਿਚ ਬਾਰ ਬਾਰ ਇਹ ਗੱਲ ਦ੍ਰਿੜ੍ਹ ਕਰਾਈ ਗਈ ਹੈ ਕਿ ਨਾਮ ਸਿਮਰਨ ਸਦਕਾ ਸਭ ਕਿਸਮ ਦੇ ਕਸ਼ਟ ਮਿਟਦੇ ਤੇ ਐਸੀ ਸੁਖ ਸ਼ਾਂਤੀ ਪ੍ਰਾਪਤ ਹੁੰਦੀ ਹੈ ਕਿ ਉਸਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।

ਪ੍ਰਭ ਕੈ ਸਿਮਰਨਿ ਭਉ ਨ ਬਿਆਪੈ
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ। ੨। ੧।
ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ
ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ। ੬। ੧।
ਯਾ
ਸੁਖ—ਪ੍ਰਭ ਸਿਮਰਨ ਕਾ ਅੰਤੁ ਨ ਪਾਰ। ੭। ੧।

ਦੂਜੀ ਅਸਟਪਦੀ ਵੀ ਇਸੇ ਵਿਚਾਰ ਨੂੰ ਸਮਰਪਣ ਹੈ ਕਿ ਨਾਮ ਤਮਾਮ ਬਿਖਮ ਸਮੱਸਿਆਵਾਂ ਦਾ ਸਮਾਧਾਨ ਕਰਦਾ ਹੈ। ਹਰ ਮੁਸ਼ਕਲ ਦਾ ਹੱਲ ਨਾਮ ਸਿਮਰਨ ਹੈ, ਹਰ ਸੰਕਟ ਨੂੰ ਮਿਟਾਉਣ ਵਾਲਾ ਨਾਮ ਹੈ, ਇਹੋ ਕਲਪ-ਬ੍ਰਿਛ ਹੈ, ਇਹੋ ਕਾਮਧੇਨੁ ਹੈ : ਮਨ-ਮੰਗੀਆਂ ਮੁਰਾਦਾਂ ਇਸੇ ਤੋਂ ਮਿਲਦੀਆਂ ਹਨ। ਨਾਮ ਦਾ ਕੋਈ ਮੁਕਾਬਲਾ ਨਹੀਂ।

ਨਾਮ ਤੁਲਿ ਕਛੁ ਅਵਰੁ ਨ ਹੋਇ
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ। ੮। ੨।

ਇਸਤੋਂ ਇਲਾਵਾ ਅਗਲੀਆਂ ਅਸਟਪਦੀਆਂ ਵਿਚ ਵੀ ਇਹ ਦੁਖ—ਹਰਤਾ ਤੇ ਸੁਖ ਦਾਤਾ ਵਿਸ਼ੇਸ਼ਣ ਬਾਰ ਬਾਰ ਦੁਹਰਾਏ ਗਏ ਹਨ, ਜਿਵੇਂ ਕਿ...

'ਜੇ ਕੋ ਅਪਨਾ ਦੂਖ ਮਿਟਾਵੈ ।
ਹਰਿ ਹਰਿ ਨਾਮ ਰਿਦੈ ਸਦ ਗਾਵੈ । ੫ । ੪ ।
ਜਾ ਕੈ ਮਨਿ ਲਾਗਾ ਪ੍ਰਭ ਮੀਠਾ ।
ਸਰਬ ਸੂਖ ਤਾਹੀ ਮਨਿ ਵੂਠਾ । ੧ । ੫ ।
ਨਾਮ ਰੰਗਿ ਸਰਬ ਸੁਖੁ ਹੋਇ
ਬਡਭਾਗੀ ਕਿਸੈ ਪਰਾਪਤਿ ਹੋਇ । ੫ । ੧੨ ।
ਸੰਤ ਕੈ ਦੂਖਨਿ ਸੁਖੁ ਸਭੁ ਜਾਇ । ੧ । ੧੩ ।
ਏਕ ਆਸ ਹਰਿ ਮਨਿ ਰਖਹੁ
ਨਾਨਕ ਦੂਖੁ ਭਰਮੁ ਭਉ ਜਾਇ । ੧ । ੧੪ ।
ਤਿਸਕਾ ਹੁਕਮ ਬੂਝਿ ਸੁਖ ਹੋਇ । ੧ । ੧੪ ।
ਜੋ ਕਛੁ ਕਰੈ ਸੋਈ ਸੁਖੁ ਮਾਨੁ । ੪ । ੧੫ ।
ਸਤਿ ਨਾਮੁ ਪ੍ਰਭ ਕਾ ਸੁਖਦਾਈ । ੬ । ੧੬ ।
ਤਿਸਕੀ ਸਰਨ ਸਰਬ ਸੁਖ ਪਾਵਹਿ
ਤਿਸਕੈ ਦਰਸਨਿ ਸਭ ਪਾਪ ਮਿਟਾਵਹਿ । ੮ । ੧੭ ।
ਕਲਿ ਤਾਤੀ ਠਾਂਢਾ ਹਰਿ ਨਾਉ ।
ਸਿਮਰਿ ਸਿਮਰਿ ਸਦਾ ਸੁਖ ਪਾਉ । ੩ । ੧੯ ।
ਜੋ ਜਾਨੈ ਤਿਸੁ ਸਦਾ ਸੁਖੁ ਹੋਇ ।
ਆਪਿ ਮਿਲਾਇ ਲਏ ਪ੍ਰਭੁ ਸੋਇ ।੮।੨੩।
ਖੇਮ ਕੁਸਲ ਸਹਜ ਅਨੰਦ । ਸਾਧਸੰਗਿ ਭਜੁ ਪਰਮਾਨੰਦ । ੨ । ੨੩ ।
ਸੁਖਮਨੀ ਸਹਜ ਗੋਬਿੰਦ ਗੁਨ ਨਾਮ
ਜਿਸੁ ਮਨਿ ਬਸੈ ਸੁ ਹੋਤ ਨਿਧਾਨ । ੫ । ੨੪ ।

ਇਕ ਗੱਲ ਬਿਲਕੁਲ ਵੱਖਰੀ ਭਾਂਤ ਦੀ ਸਾਫ ਤੌਰ ਤੇ ਕਹੀ ਗਈ ਹੈ ਕਿ ਨਾਮ ਦਾ ਅਨੁਭਵ ਸਰਬ ਵਿਆਪਕ ਹਸਤੀ ਦਾ ਅਨੁਭਵ ਹੈ । ਇਸੇ ਅਨੁਭਵ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ ਲੇਕਿਨ ਜੇ ਇਸਦੇ ਉਲਟ ਮਨੁਖ ਹਉਮੈ ਤੇ ਮਮਤਾ ਦਾ ਸ਼ਿਕਾਰ ਹੋ ਜਾਵੇ ਤਾਂ ਸੁਖ ਕਿਸੇ ਤਰ੍ਹਾਂ ਵੀ ਨਸੀਬ ਨਹੀਂ ਹੁੰਦਾ ਭਾਵੇਂ ਕੋਈ ਕਿਤਨੀ ਪਦਾਰਥਕ ਪ੍ਰਾਪਤੀ ਕਰ ਲਵੇ । ਗੁਰਵਾਕ ਹੈ :—

ਜਬ ਲਗ ਜਾਨੈ ਮੁਝ ਤੇ ਕਛੁ ਹੋਇ
ਤਬ ਇਸ ਕਉ ਸੁਖੁ ਨਾਹੀ ਕੋਇ । ੪ । ੧੨ ।

ਇਸ ਬਚਨ ਤੋਂ ਇਹ ਗੱਲ ਸਪਸ਼ਟ ਹੈ ਕਿ ਦੁਖ ਹਉਮੈਂ ਕਰਕੇ ਹੈ, ਜਾਂ ਫਿਰ ਕਬਜ਼ੇ ਦੀ ਭਾਵਨਾ—ਮਮਤਾ ਕਰਕੇ । ਜੇ ਮਨੁਖ, ਹਉਮੈਂ ਨੂੰ ਤਿਆਗ ਦੇਵੇ ਤੇ ਮਮਤਾ ਦਾ ਖ਼ਿਆਲ ਵੀ ਉਕਾ ਛੱਡ ਦੇਵੇਂ ਤਾਂ ਫਿਰ ਕੋਈ ਕਾਰਣ ਨਹੀਂ ਕਿ ਉਸ ਦਾ ਮਨ ਪੀੜਤ ਹੋਵੇ, ਦੁਖੀ ਹੋਵੇ ਜਾਂ ਕਿਸੇ ਤਰ੍ਹਾਂ ਕਿਸੇ ਸੰਕਟ ਦਾ ਸ਼ਿਕਾਰ ਹੋਵੇ । ਹਉਮੈਂ ਦਾ ਇਲਾਜ ਨਾਮ ਸਿਮਰਨ ਹੈ, ਨਿੰਮ੍ਰਤਾ ਧਾਰਨ ਕਰਨਾ ਹੈ । ਨਿੰਮ੍ਰਤਾ ਰੱਖਣ ਵਾਲਾ ਜਾਂ ਗ਼ਰੀਬੀ ਦਾ ਗਹਿਣਾ ਪਾਉਣ ਵਾਲਾ ਕਦੀ ਸੁਖ ਸ਼ਾਂਤੀ ਵਲੋਂ ਗਰੀਬ ਨਹੀਂ ਹੁੰਦਾ । ਉਹ ਰੱਬ ਦੇ ਸਾਹਮਣੇ ਝੁਕਦਾ ਹੈ ਤੇ

ਸੰਸਾਰ ਉਸਦੇ ਸਨਮੁਖ ਝੁਕਦਾ ਹੈ :—

ਸੁਖੀ ਬਸੈ ਮਸਕੀਨੀਆ, ਆਪੁ ਨਿਵਾਰਿ ਤਲੇ । ੧੨ ।

ਜਾਂ

ਕਰਿ ਕ੍ਰਿਪਾ ਜਾਕੈ ਹਿਰਦੈ ਗਰੀਬੀ ਬਸਾਵੈ
ਨਾਨਕ ਈਹਾਂ ਮੁਕਤ ਆਗੈ ਸੁਖ ਪਾਵੈ । ੧ । ੧੨ ।

ਉਪਰੋਕਤ ਬਚਨਾਂ ਵਿਚ ਆਏ ਸੁਖ ਅਨੰਦ ਦੇ ਹਵਾਲੇ ਦਸਦੇ ਹਨ ਕਿ ਸੁਖਮਨੀ ਸਾਹਿਬ ਜਗਿਆਸੂ ਨੂੰ ਕਿਸ ਸੁਖ ਦੀ ਮੰਜ਼ਲ ਤੇ ਪਹੁੰਚਾਉਣਾ ਚਾਹੁੰਦੀ ਹੈ । ਇਹ ਸੁਖ ਵਿਸ਼ੈ ਵਿਕਾਰਾਂ ਜਾਂ ਦੁਨੀਆਦਾਰੀ ਦੇ ਠਾਠ-ਬਾਠ ਨਾਲ ਸੰਬੰਧਿਤ ਨਹੀਂ ਸਗੋਂ ਇਹ ਆਤਮਿਕ ਆਨੰਦ ਆਪਣੇ ਆਪ ਵਿਚ ਇਕ ਨਿਰਾਲੀ ਪ੍ਰਾਪਤੀ ਹੈ ਜਿਸਦਾ ਕੋਈ ਸਾਨੀ ਨਹੀਂ । ਅਧਿਆਤਮਕ ਨਿਸ਼ਠਾਵਾਨ ਹੀ ਇਸੇ ਪਾਸੇ ਤੁਰ ਕੇ ਪਰਮ ਆਨੰਦ ਦੀ ਮੰਜ਼ਲ ਪਾ ਸਕਦਾ ਹੈ ।

ਇਸ ਆਤਮਿਕ ਆਨੰਦ ਲਈ ਦੋ ਹੋਰ ਸਾਧਨ ਵੀ ਬਹੁਤ ਸਹਾਇਕ ਹੋਣ ਵਾਲੇ ਹਨ—ਇਕ ਭਾਣਾ ਤੇ ਦੂਜਾ ਸਮਦ੍ਰਿਸ਼ਟੀ । ਇਨ੍ਹਾਂ ਦੋਹਾਂ ਗੁਣਾਂ ਦੀ ਪ੍ਰਫੁਲਤਾ ਉਤੇ ਸੁਖਮਨੀ ਸਾਹਿਬ ਵਿਚ ਬਾਰ ਬਾਰ ਜ਼ੋਰ ਦਿਤਾ ਗਿਆ ਹੈ । ਜਦੋਂ ਇਕ ਆਦਮੀ ਭਾਣੇ ਵਿਚ ਚਲਣਾ ਪਰਵਾਨ ਕਰਦਾ ਹੈ ਤਾਂ ਉਸਦੇ ਲਈ ਕੋਈ ਘਟਨਾ ਦੁਖਦਾਈ ਪ੍ਰਤੀਤ ਹੀ ਨਹੀਂ ਹੁੰਦੀ, ਉਹ ਹਰ ਗੱਲ ਨੂੰ ਉਸਦੀ ਰਜ਼ਾ ਸਮਝਕੇ ਸਿਰ ਝੁਕਾਉਂਦਾ ਹੈ :

ਜੋ ਹੋਆ ਹੋਵਤ ਸੋ ਜਾਨੈ ।
ਪ੍ਰਭ ਅਪਨੇ ਕਾ ਹੁਕਮੁ ਪਛਾਨੈ ।

ਯਾ

ਜੋ ਕਿਛੁ ਕਰੈ ਸੋਈ ਸੁਖੁ ਮਾਨੁ ।
ਭੂਲਾ ਕਾਹੇ ਫਿਰਹਿ ਅਜਾਨ । ੪ । ੧੫ ।

ਸਾਰੀ ਚਰਚਾ ਬਾਦ ਇਹ ਫੈਸਲਾ ਦਿਤਾ ਗਿਆ ਹੈ ਕਿ ਜੇ ਕਰਨ ਕਰਾਵਨਹਾਰ ਪਰਮੇਸ਼ਰ ਹੀ ਹੈ ਤੇ ਉਸਦੇ ਕੀਤਿਆਂ ਹੀ ਸਭ ਕੁਝ ਹੋਣਾ ਹੈ ਤਾਂ ਸਹੀ ਰਸਤਾ ਇਹੋ ਹੈ ਕਿ ਉਸਦੇ ਹੁਕਮ ਵਿਚ ਚਲਿਆ ਜਾਵੇ ਤੇ ਇਹ ਭਾਣੇ ਦੀ ਸੋਝੀ ਹੀ ਸੁਖੀ ਜੀਵਨ ਦੀ ਕੁੰਜੀ ਬਣ ਸਕਦੀ ਹੈ ।

'ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨ ।
ਦੇਵਨ ਕਉ ਏਕੈ ਭਗਵਾਨੁ
ਜਿਸ ਕੈ ਦੀਐ ਰਹੈ ਅਘਾਇ ।
ਬਹੁਰਿ ਨ ਤ੍ਰਿਸਨਾ ਲਾਗੈ ਆਇ ।
ਮਾਰੈ ਰਾਖੈ ਏਕੋ ਆਪਿ ।
ਮਾਨੁਖ ਕੈ ਕਿਛੁ ਨਾਹੀ ਹਾਥਿ ।
ਤਿਸਕਾ ਹੁਕਮੁ ਬੂਝਿ ਸੁਖੁ ਹੋਇ ।
ਤਿਸਕਾ ਨਾਮੁ ਰਖੁ ਕੰਠਿ ਪਰੋਇ । ੧ । ੧੪ ।

ਭਾਣੇ ਵਿਚ ਵਿਚਰਨ ਵਾਲੇ ਸਦਾ ਅਨੰਦ ਤੇ ਖੁਸ਼ੀਆਂ ਵਿਚ ਰਹਿੰਦੇ ਹਨ ਤੇ ਉਨ੍ਹਾਂ

ਦੀਆਂ ਖੁਸ਼ੀਆਂ ਦਾ ਕੋਈ ਪਾਰਾਵਾਰ ਨਹੀਂ ।

ਪ੍ਰਭ ਕਾ ਕੀਆ ਜਨ ਮੀਠ ਲਗਾਨਾ
ਜੈਸਾ ਥਾ ਤੈਸਾ ਦ੍ਰਿਸਟਾਨਾ ।
ਜਿਸਤੇ ਉਪਜੇ ਤਿਸ ਮਾਹਿ ਸਮਾਏ
ਓਇ ਸੁਖ ਨਿਧਾਨੁ ਉਨਹੂ ਬਨਿ ਆਏ । ੮ । ੧੩ ।

ਬ੍ਰਹਮ ਗਿਆਨੀ ਦਾ ਇਕ ਲੱਛਣ ਇਹ ਵੀ ਦਸਿਆ ਗਿਆ ਹੈ ਕਿ ਉਹ ਸਮਦ੍ਰਿਸਟਾ ਹੁੰਦਾ ਹੈ, ਉਹ ਸੁਖ ਦੁਖ, ਸਤ੍ਰ ਮਿਤ੍ਰ ਤੇ ਮਾਨ ਅਪਮਾਨ ਨੂੰ ਸਮਾਨ ਸਮਝਦਾ ਹੈ । ਇਹ ਬਹੁਤ ਉਚਾ ਦਰਜਾ ਹੈ, ਹਰ ਕੋਈ ਇਥੇ ਨਹੀਂ ਪਹੁੰਚਦਾ । ਮਾਮੂਲੀ ਗੱਲ ਨਾਲ ਅਸੀਂ ਰੰਜ ਹੋ ਜਾਂਦੇ ਹਾਂ ਤੇ ਮਾਮੂਲੀ ਨਾਲ ਖੁਸ਼, ਜੇ ਕੋਈ ਥੋੜਾ ਜੇਹਾ ਸਾਡੀ ਮਰਜੀ ਦੇ ਉਲਟ ਕੰਮ ਕਰੇ ਤਾਂ ਅੱਖਾਂ ਕੌੜੀਆਂ ਕਰ ਲੈਂਦੇ ਹਾਂ ਲੇਕਿਨ ਅਧਿਆਤਮਕ ਉਚਤਾ ਪ੍ਰਾਪਤ ਕਰਨ ਵਾਲੇ ਇਸ ਤਰ੍ਹਾਂ ਨਹੀਂ ਕਰਦੇ । ਉਹ ਸਮਦ੍ਰਿਸ਼ਟੀ ਰਖਦੇ ਹੋਏ ਸਦਾ ਅਨੰਦ ਰਹਿੰਦੇ ਹਨ ।

ਬ੍ਰਹਮ ਗਿਆਨੀ ਸਦਾ ਸਮਦਰਸੀ
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ । ੩ ।
ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ
ਬ੍ਰਹਮ ਗਿਆਨੀ ਕੈ ਘਰਿ ਸਦਾ ਆਨੰਦ । ੫ । ੮ ।

ਸੋ ਸਦਾ ਸੁਖ ਦੀ ਅਵਸਥਾ ਕਾਇਮ ਰੱਖਣ ਲਈ ਪ੍ਰਭੂ ਅਗੇ ਆਤਮ ਸਮਰਪਣ ਕਰਕੇ ਭਾਣੇ ਵਿਚ ਜੀਵਨ ਬਿਤਾਉਣਾ ਹੀ ਸਹੀ ਮਾਰਗ ਹੈ । 'ਜੋ ਕਛੁ ਕਰੈ ਸੋਈ ਸੁਖ ਮਾਨ' ਦੀ ਨਸੀਹਤ ਪੈਰ ਪੈਰ ਤੇ ਜਗਿਆਸੂ ਨੂੰ ਸਾਵਧਾਨ ਕਰਦੀ ਹੈ ਕਿ ਉਸਨੇ ਰਜ਼ਾ ਵਿਚ ਰਾਜ਼ੀ ਰਹਿਣਾ ਹੈ । ਇਹ ਅਵਸਥਾ ਕੇਵਲ ਸਿਮਰਨ ਦੁਆਰਾ ਹੀ ਸੰਭਵ ਹੈ, ਇਸ ਕਰਕੇ ਸੁਖਮਨੀ ਸਾਹਿਬ ਵਿਚ ਨਾਮ ਸਿਮਰਨ ਨੂੰ ਹੀ ਬਾਰ ਬਾਰ ਸੁਖ ਦਾ ਸਾਧਨ ਕਿਹਾ ਗਿਆ ਹੈ ।

ਸਤਿਨਾਮੁ ਪ੍ਰਭ ਕਾ ਸੁਖਦਾਈ
ਵਿਸਵਾਸ ਸਤਿ ਨਾਨਕ ਗੁਰ ਤੇ ਪਾਈ । ੬ । ੧੬ ।

ਪਹਿਲੇ ਰਹਾਉ ਦੀ ਤੁਕ ਹੈ 'ਸੁਖਮਨੀ ਸੁਖੁ ਅੰਮ੍ਰਿਤੁ ਪ੍ਰਭੁ ਨਾਮੁ ।' ਤੇ ਅੰਤਮ ਸਤਰ ਹੈ— 'ਨਾਨਕ ਇਹ ਗੁਣਿ ਨਾਮ—ਸੁਖਮਨੀ ।' ਇਸਤੋਂ ਪਰਗਟ ਹੈ ਕਿ ਸੁਖਮਨੀ ਅਨੁਸਾਰ ਨਾਮ ਸਿਮਰਨ ਹੀ ਸਾਰੇ ਦੁਖਾਂ ਕਲੇਸ਼ਾਂ ਨੂੰ ਮੇਟਣ ਵਾਲਾ ਤੇ ਸਭ ਤਰ੍ਹਾਂ ਦੇ ਸੁਖ ਅਨੰਦ ਪ੍ਰਦਾਨ ਕਰਨ ਵਾਲਾ ਹੈ । ਇਹ ਹੈ ਸੁਖਮਨੀ ਦਾ ਸੁਖ-ਸਿਧਾਂਤ, ਜੋ ਸਤਿਗੁਰਾਂ ਆਪਣੇ ਅਨੁਭਵ ਰਾਹੀਂ ਵਰਣਨ ਕੀਤਾ ਹੈ।

# ਸੁਖਮਨੀ ਦਾ ਕਲਾ ਪੱਖ

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਕਾਵਿ-ਰਚਨਾ ਦਾ ਮਨੋਰਥ ਮਨੋਰੰਜਨ ਜਾਂ ਧਨ, ਕੀਰਤੀ ਪ੍ਰਾਪਤ ਕਰਨਾ ਹੈ। ਇਸੇ ਕਰਕੇ ਆਚਾਰਯ ਕਵੀ ਆਪਣੀ ਰਚਨਾ ਨੂੰ ਜਾਣ ਬੁਝ ਕੇ ਮਿਹਨਤ ਘਾਲ ਨਾਲ ਸਾਜ ਸਵਾਰ ਤੇ ਅਲੰਕ੍ਰਿਤ ਕਰਕੇ ਪੇਸ਼ ਕਰਦੇ ਹਨ ਤਾਂਕਿ ਉਹ ਪਾਠਕਾਂ ਨੂੰ ਸਭ ਤਰ੍ਹਾਂ ਚੰਗੀ ਲਗੇ। ਲੇਕਿਨ ਰਹੱਸਵਾਦੀ ਸੰਤ ਕਵੀ ਆਪਣੇ ਸਨਮੁਖ ਅਜੇਹਾ ਉਦੇਸ਼ ਨਹੀਂ ਰਖਦੇ। ਉਹ ਤਾਂ ਕੇਵਲ ਆਤਮ-ਪ੍ਰਕਾਸ਼ ਲਈ ਲਿਖਦੇ ਹਨ। ਉਨ੍ਹਾਂ ਦਾ ਮੁਖ ਵਿਸ਼ਾ ਆਪਣੇ ਇਸ਼ਟ ਪ੍ਰਭੂ ਪ੍ਰੀਤਮ ਦੀ ਮਹਿਮਾ ਹੈ, ਜਿਸ ਵਿਚ ਉਨ੍ਹਾਂ ਨੂੰ ਦਿਲੀ ਅਨੰਦ ਮਿਲਦਾ ਹੈ। ਅਨੰਤ ਦਾ ਵਚਿਤ੍ਰ ਸ੍ਵਰੂਪ, ਇਕ ਅਜੇਹਾ ਉਤਕ੍ਰਿਸ਼ਟ ਵਾਤਾਵਰਣ ਪੈਦਾ ਕਰਦਾ ਹੈ ਕਿ ਇਹ ਕਾਵਿ ਰਚਨਾ 'ਧੁਰ ਕੀ ਬਾਣੀ' ਹੋ ਨਿਬੜਦੀ ਹੈ ਤੇ ਇਸਦਾ ਸਹਿਜ ਸਰੂਪ ਹੀ ਇਤਨਾ ਸੁੰਦਰ ਹੋ ਜਾਂਦਾ ਹੈ ਕਿ ਉਸਦਾ ਬਿਆਨ ਨਹੀਂ ਕੀਤਾ ਜਾ ਸਕਦਾ। ਸੁਖਮਨੀ ਦੇ ਸਾਹਿਤਕ ਸੌਂਦ੍ਰਯ ਦਾ ਇਕ ਕਾਰਣ ਇਹ ਵੀ ਹੈ।

ਇਹ ਅਸੀਂ ਜਾਣਦੇ ਹਾਂ ਕਿ ਕੇਵਲ ਉਪਦੇਸ਼ਾਤਮਕ ਰਚਨਾ ਹਸਦਾਇਕ ਨਹੀਂ ਹੁੰਦੀ ਸਗੋਂ ਭਾਰੀ ਜਿਹੀ ਹੋ ਕੇ ਸੁਹਜ-ਸੁਆਦ ਖੋ ਬਹਿੰਦੀ ਹੈ ਪਰੰਤੂ ਕਲਾਕਾਰ ਗੁਰੂ ਨੇ ਉੱਚੀਆਂ ਸਦਾਚਾਰਕ ਕੀਮਤਾਂ ਦੀ ਪ੍ਰੇਰਨਾ ਦਿੰਦਿਆਂ ਹੋਇਆਂ ਵੀ ਅਜੇਹੀ ਮਨੋਹਰਤਾ ਦਰਸਾਈ ਹੈ ਕਿ ਇਸ ਛਬਿ ਨੇ ਵਾਤਾਵਰਣ ਨੂੰ ਰਸੀਲਾ ਬਣਾਇਆ ਤੇ ਸੁਖਮਨੀ ਦਾ ਰੂਪਕ ਪੱਖ ਆਪਣੇ ਆਪ ਚਮਕ ਉਠਿਆ ਹੈ। ਇਸ ਦੇ ਵਿਸ਼ਾ-ਵਸਤੂ ਦਾ ਗੌਰਵ ਆਪਣੀ ਥਾਂ ਹੈ, ਤੱਤ੍ਵ ਗਿਆਨ ਤੇ ਦ੍ਰਿੜ੍ਹ ਵਿਸ਼ਵਾਸ ਦਾ ਅਨੋਖਾ ਸੰਗਮ, ਅਨੰਤ ਦੀ ਵਿਆਪਕ ਵਚਿਤ੍ਰਤਾ ਤੇ ਮਨੁਖੀ ਸਮਾਜ ਦੀ ਸਿਹਤਮੰਦ ਸ੍ਰੇਸ਼ਟ ਨੇਮਾਵਲੀ ਨਾਲ ਨਾਲ ਚਲਦੀ ਹੈ। ਵੇਦਾਂਤ ਵਾਂਙ ਇਕੱਲਾ ਨੀਰਸ ਤੇ ਅਕਰਮਕ ਅਦ੍ਵੈਤ, ਸੁੰਨਾ ਸੁੰਨਾ ਨਹੀਂ ਲਗਦਾ ਤੇ ਨਾ ਹੀ ਇਹ ਸਾਡੀ ਆਤਮਾ ਨੂੰ ਨਿਖੇੜ ਕੇ ਇਕਲਵਾਂਝੇ ਬਹਾਉਂਦਾ ਹੈ, ਸਗੋਂ ਜੀਵਨ-ਸੰਗ੍ਰਾਮ ਵਿਚ ਜੂਝਦਾ ਆਪਾ, ਕਰਮਯੋਗ ਲਈ ਤਤਪਰ ਹੋ ਕੇ ਪੂਰਨ ਘਾਲ ਘਾਲਦਾ ਆਪਣੀ ਹਸਤੀ ਦੇ ਕ੍ਰਿਸ਼ਮੇ ਵੀ ਦਿਖਾਉਂਦਾ ਹੈ। ਇਸ ਵਿਚਾਰਧਾਰਾ ਨੇ ਇਸ ਕਾਵਿ ਨੂੰ ਸੌਂਦ੍ਰਯ ਦੇ ਨਾਲ ਨਾਲ ਇਕ ਸ਼ਕਤੀ ਪ੍ਰਦਾਨ ਕੀਤੀ ਹੈ ਤੇ ਏਸ ਸ਼ਕਤੀ ਦੇ ਜਲਾਲ ਨੇ ਵੀ ਸੁਖਮਨੀ ਦਾ ਸੌਂਦ੍ਰਯ ਦੂਣ-ਸਵਾਇਆ ਕੀਤਾ ਹੈ।

ਸੁਖਮਨੀ, ਸ਼ਾਂਤ ਰਸ ਪ੍ਰਧਾਨ ਮਹਾਨ ਕਾਵ੍ਯ ਹੈ, ਕਿਤੇ ਕਿਤੇ ਅਦਭੁਤ ਰਸ ਦੀ ਵੀ ਝਲਕ ਪੈਂਦੀ ਹੈ। ਕਈ ਵਿਦਵਾਨ, ਸ਼ਾਂਤ ਨੂੰ ਰਸ ਹੀ ਨਹੀਂ ਮੰਨਦੇ, ਉਨ੍ਹਾਂ ਦੇ ਵਿਚਾਰ ਵਿਚ ਜਿਥੇ ਰਾਗ ਜਾਂ ਪ੍ਰੀਤਿ ਦਾ ਅਭਾਵ ਹੋਵੇ ਉਥੇ ਵੈਰਾਗ ਅਵਸਥਾ ਕਾਰਣ ਬਿਲਕੁਲ ਸ਼ਾਂਤ ਅਵਸਥਾ ਹੁੰਦੀ ਹੈ ਅਤੇ ਕਿਸੇ ਭਾਵ ਦਾ ਲਹਰਾਉਣਾ ਸੰਭਵ ਨਹੀਂ। ਸੁਖਮਨੀ ਵਿਚ

ਭਾਵਾਂ ਦਾ ਉਛਾਲ ਹੈ, ਰਤਿ ਦਾ ਉਮਾਹ ਹੈ ਪਰ ਇਹ ਰਤਿ-ਪ੍ਰੀਤਿ ਪਰਮੇਸ਼ਰ ਲਈ ਹੈ ਤੇ ਉਸਨੂੰ ਸ਼ਰਧਾ ਪ੍ਰੇਮ ਸਮਰਪਣ ਲਈ ਜਜ਼ਬਾਤ ਵੀ ਨਵੇਂ ਤੋਂ ਨਵਾਂ ਰੰਗ ਲੈਂਦੇ ਹਨ। ਸੋ ਇਹ ਸ਼ਾਂਤ ਰਸ ਕੇਵਲ ਵੈਰਾਗ ਦਾ ਸਿਟਾ ਨਹੀਂ ਬਲਕਿ ਤੱਤ੍ਵ ਗਿਆਨ ਦੇ ਪ੍ਰਕਾਸ਼ ਦਾ ਫਲ ਹੈ। ਅਨੰਤ ਪ੍ਰਭੂ ਦੀ ਬੇਅੰਤ ਕੁਦਰਤ, ਆਪਣੇ ਵੰਨ-ਸੁਵੰਨੇ ਕ੍ਰਿਸ਼ਮਿਆਂ ਨਾਲ ਅਸਚਰਤਾ ਦਾ ਰੰਗ ਪੈਦਾ ਕਰਕੇ ਇਸ ਸ਼ਾਂਤ ਰਸ ਨੂੰ ਮਨੋਰੰਜਕ ਬਣਾਉਂਦੀ ਹੈ ਤੇ ਇਕ ਆਤਮਿਕ ਅਹਿਲਾਦ ਪੈਦਾ ਕਰਦੀ ਹੈ।

ਫਿਰ ਇਹ ਵਰਣਨ ਜਿਸ ਸਿੱਧੀ ਸਰਲ ਸ਼ੈਲੀ ਵਿਚ ਕੀਤਾ ਗਿਆ ਹੈ, ਉਹ ਪ੍ਰਸਾਦ ਗੁਣ ਦਾ ਧਾਰਨੀ ਹੈ, ਮਾਧੁਰਯ ਗੁਣ ਦੀ ਮਨੋਹਰਤਾ ਇਸ ਆਤਮ ਪਰਮਾਤਮ-ਸੰਵਾਦ ਨੂੰ ਹੋਰ ਸੁਹਾਵਣਾ ਬਣਾਉਂਦੀ ਹੈ। ਪ੍ਰਸਾਦ ਸ਼ੈਲੀ ਨੂੰ ਕਾਇਮ ਰੱਖਣ ਲਈ ਅਜੇਹੇ ਸਿਧੇ ਸਾਦੇ ਛੰਦ-ਪ੍ਰਬੰਧ ਦਾ ਆਸਰਾ ਲਿਆ ਗਿਆ ਹੈ ਜੋ ਕਿ ਦੋਹਰੇ ਚੌਪਈ ਨਾਲ ਮਿਲਦਾ ਜੁਲਦਾ ਹੈ, ਚੌਪਈ ਵਿਚ ਵਾਕ ਛੋਟਾ ਹੁੰਦਾ ਤੇ ਗੱਲ ਸੌਖੀ ਸਮਝ ਆ ਜਾਂਦੀ ਹੈ। ਇਹ ਮਾਤ੍ਰਿਕ ਚਰਣ-ਪ੍ਰਬੰਧ ਇਤਨਾ ਸਰਲ ਹੈ ਕਿ ਇਸ ਦੇ ਪਾਠਕ ਜਾਂ ਸ੍ਰੋਤੇ ਨੂੰ ਖਿਆਲ ਦੀ ਤੰਦ ਪਕੜਨ ਵਿਚ ਰਤਾ ਔਖ ਨਹੀਂ ਹੁੰਦੀ। ਇਸੇ ਤਰ੍ਹਾਂ ਵਰਤੀ ਭਾਸ਼ਾ ਟਕਸਾਲੀ ਸੰਤ-ਭਾਸ਼ਾ ਲੋਕ-ਭਾਸ਼ਾ ਹੈ, ਜਿਸਦੀ ਰਵਾਨੀ ਕਿਤੇ ਖੰਡਿਤ ਨਹੀਂ ਹੁੰਦੀ ਤੇ ਨਾ ਹੀ ਕਲਿਸ਼ਟ ਪ੍ਰਤੀਤ ਹੁੰਦੀ ਹੈ। ਇਸ ਤਰ੍ਹਾਂ ਇਹ ਇਕ ਸਹਿਜ-ਬੋਧ ਬਾਣੀ ਹੈ ਜੋ ਆਪਣੇ ਬਾਹਰਲੇ ਰੂਪ ਕਰਕੇ ਵੀ ਸਰਬ-ਪ੍ਰਿਯ ਹੈ।

## (੧) ਪ੍ਰਬੰਧ-ਕਾਵਿ-ਯੋਜਨਾ

ਭਾਰਤੀ ਸਾਹਿਤ ਕਸੌਟੀ ਅਨੁਸਾਰ, ਸੁਖਮਨੀ ਇਕ ਪ੍ਰਬੰਧ ਕਾਵ੍ਯ ਹੈ। ਕਾਵਿ ਦੀਆਂ ਦੋ ਕਿਸਮਾਂ ਮੰਨੀਆਂ ਗਈਆਂ ਹਨ—ਪ੍ਰਬੰਧ ਕਾਵਿ ਤੇ ਮੁਕਤਕ। ਪ੍ਰਬੰਧ-ਕਾਵਿ ਉਹ ਹੈ ਜਿਸ ਵਿਚ ਵਿਉਂਤ ਅਨੁਸਾਰ ਕਿਸੇ ਮਹਾਨ ਨਾਇਕ ਦੇ ਜੀਵਨ ਯਾ ਫਿਰ ਕਿਸੇ ਵੱਡੇ ਮਸਲੇ ਨੂੰ ਲੈ ਕੇ ਰਚਨਾ ਰਚੀ ਹੋਵੇ। ਮੁਕਤਕ—ਖੁਲ੍ਹੀ, ਛੋਟੀ ਰਚਨਾ ਨੂੰ ਕਹਿੰਦੇ ਹਨ ਜਿਵੇਂ ਕਿਸੇ ਇਕ ਵਿਸ਼ੇ ਤੇ ਲਿਖੀ ਨਿੱਕੀ ਕਵਿਤਾ। ਅੱਗੇ ਪ੍ਰਬੰਧ-ਕਾਵਿ ਦੇ ਦੋ ਭੇਦ ਹਨ—ਮਹਾਂਕਾਵਿ ਤੇ ਖੰਡ ਕਾਵਿ।

ਮਹਾਂ ਕਾਵਿ ਵਿਚ ਕਿਸੇ ਮਹਾਂਪੁਰਸ਼ ਦਾ ਸੰਪੂਰਣ ਜੀਵਨ-ਚਰਿਤ੍ਰ ਕਾਵਿ-ਰੰਗ ਨਾਲ ਪੇਸ਼ ਕੀਤਾ ਜਾਂਦਾ ਹੈ ਤੇ ਖੰਡ ਕਾਵਿ ਵਿਚ ਜੀਵਨ ਦੀ ਕੋਈ ਇਕ ਖਾਸ ਝਾਕੀ ਚਿਤ੍ਰਿਤ ਕੀਤੀ ਹੁੰਦੀ ਹੈ। ਆਚਾਰਯ ਭਾਮਹ ਅਨੁਸਾਰ 'ਲੰਮੀ ਕਥਾ ਕਹਾਣੀ ਵਾਲਾ, ਮਹਾਨ ਚਰਿਤ੍ਰ ਭਰਪੂਰ, ਨਾਟਕੀ ਰੰਗਣ, ਉਤਕ੍ਰਿਸ਼ਟ ਅਤੇ ਅਲੰਕਾਰਕ ਸ਼ੈਲੀ ਵਿਚ ਰਚਿਆ ਵੰਨ-ਸੁਵੰਨੇ ਚਿਤ੍ਰ ਦੇਣ ਵਾਲਾ ਸੁਖਾਂਤ-ਜੀਵਨ, ਮਹਾਂਕਾਵ੍ਯ ਹੁੰਦਾ ਹੈ।'

ਸੁਖਮਨੀ ਵਿਚ ਭਾਵੇਂ ਕਥਾ ਤੱਤ ਨਹੀਂ ਪਰ ਇਸ ਵਿਚ ਜੀਵਨ ਦਾ ਅਨੰਦ ਮਾਰਗ ਦਰਸਾਉਣ ਲਈ ਭਾਰਤੀ ਵਿਚਾਰਧਾਰਾ ਦੀ ਇਕ ਸੰਪੂਰਨ ਵਿਵੇਚਨਾ ਪੇਸ਼ ਕੀਤੀ ਗਈ ਹੈ ਤੇ ਫਿਰ ਆਪਣਾ ਮੌਲਿਕ ਸਿਧਾਂਤ ਵੀ ਰੱਖਿਆ ਹੈ। ਪੰਡਿਤ ਰਾਮਚੰਦ੍ਰ ਸ਼ੁਕਲ ਨੇ ਲਿਖਿਆ ਹੈ, 'ਪ੍ਰਬੰਧ ਕਾਵਿ ਵਿਚ ਜੀਵਨ ਦਾ ਪੂਰਾ ਦ੍ਰਿਸ਼ ਹੁੰਦਾ ਹੈ, ਉਸ ਵਿਚ ਘਟਨਾਵਾਂ ਦੀ ਲੜੀ ਸੁਭਾਵਕ, ਦਿਲ ਨੂੰ ਟੁੰਬਣ ਵਾਲੀ ਤੇ ਭਾਵਾਂ ਦਾ ਰਸਾਤਮਕ ਅਨੁਭਵ ਕਰਾਉਣ ਵਾਲੀ ਹੁੰਦੀ ਹੈ।' ਸੋ ਕੇਵਲ ਇਤਿਹਾਸਕ ਕਥਾ ਮਾਤ੍ਰ ਨਾਲ ਇਹ ਰੰਗ ਨਹੀਂ ਬੱਝਦਾ,

ਕੋਟੀ ਉਚੇਰਾ ਆਦਰਸ਼ ਹੀ ਇਹ ਉਤਕ੍ਰਿਸ਼ਟਤਾ ਪੈਦਾ ਕਰਦਾ ਹੈ। ਚੂੰਕਿ ਸੁਖਮਨੀ ਇਕ ਬਾਕਾਇਦਾ ਵਿਉਂਤ ਨਾਲ ਲਿਖੀ ਮਹਾਨ ਰਚਨਾ ਹੈ, ਜਿਸ ਵਿਚ ਜੀਵਨ ਦੀ ਗੁੱਥੀ ਨੂੰ ਸੁਲਝਾਉਣ ਉਤੇ ਜ਼ੋਰ ਹੈ, ਦੁਖੀ ਅਵਸਥਾ ਵਿਚੋਂ ਨਿਕਲਕੇ ਸੁਖੀ ਅਵਸਥਾ ਵਲ ਆਉਣ ਦਾ ਸਫਰ ਹੈ, ਵਿਕਾਰੀ ਜੰਜਾਲਾਂ ਤੋਂ ਖਲਾਸੀ ਪਾ ਕੇ ਮੁਕਤੀ ਦੇ ਪਰਮ ਧਾਮ ਪਹੁੰਚਣ ਦੀ ਕਹਾਣੀ ਹੈ, ਜੋ ਕਿ ਪ੍ਰਬਲ ਪ੍ਰੇਰਨਾ ਪ੍ਰਦਾਨ ਕਰਦੀ ਹੈ। ਕੀ ਕੁਝ ਕਰਨਾ ਹੈ ਤੇ ਕੀ ਕੁਝ ਨਹੀਂ ਕਰਨਾ ਅਤੇ ਹੋਰ ਲੋਕ ਹੁਣ ਤਕ ਕਿਹੋ ਜੇਹੇ ਉਪਰਾਲੇ ਕਰਦੇ ਆਏ ਹਨ, ਉਨ੍ਹਾਂ ਦੀ ਪਰਖ ਪੜਤਾਲ ਬਾਦ ਸਿਮਰਨ ਦਾ ਸਪਸ਼ਟ ਤੇ ਸਹਿਜ ਮਾਰਗ ਪ੍ਰਸਤੁਤ ਕੀਤਾ ਗਿਆ ਹੈ। ਤਰਕ ਦਾ ਵਰਤਾਉ ਵੀ ਹੈ ਪਰ ਅਨੁਭਵ ਦਾ ਪ੍ਰਮਾਣ ਇਤਨਾ ਬਲਵਾਨ ਹੈ ਕਿ ਉਹ ਵੀ ਅਪਣੇ ਆਪ ਵਿਚ ਤਰਕ ਬਣ ਜਾਂਦਾ ਹੈ। ਸੋ ਕੇਵਲ ਇਹ ਅਕਾਰ ਹੀ ਇਸ ਨੂੰ ਪ੍ਰਬੰਧ ਕਾਵਿ ਨਹੀਂ ਬਣਾਉਂਦਾ ਬਲਕਿ ਇਸਦਾ ਉਦੇਸ਼ ਤੇ ਉਸ ਉਦੇਸ਼ ਲਈ ਵਰਤੀ ਬੌਧਿਕ ਗੰਭੀਰਤਾ ਤੇ ਭਾਵਕ ਤਰਲਤਾ ਵੀ ਇਸਨੂੰ ਇਕ ਉਤਕ੍ਰਿਸ਼ਟ ਰਚਨਾ ਦਾ ਰੂਪ ਦਿੰਦੀ ਹੈ।

ਭਾਵੇਂ ਕਈ ਸਨਾਤਨੀ ਵਿਦਵਾਨਾਂ ਜੀਵਨ ਦੀਆਂ ਗੁੰਝਲਾਂ ਹੱਲ ਕਰਨ ਵਾਲੇ ਕਈ ਸ਼ਾਸਤ੍ਰੀ ਗ੍ਰੰਥ ਲਿਖੇ ਹਨ ਪਰ ਉਹ ਉਨ੍ਹਾਂ ਵਿਚ ਰੋਚਿਕਤਾ ਪੈਦਾ ਨਹੀਂ ਕਰ ਸਕੇ। ਇਥੇ ਜੀਵਨ-ਦਰਸ਼ਨ ਦੇ ਤੱਤ੍ਵੇਤਾ ਚੂੰਕਿ ਮਹਾਨ ਕਵੀ ਸਨ, ਇਸ ਕਰਕੇ ਉਨ੍ਹਾਂ ਕਲਾ ਦੀਆਂ ਸਾਰੀਆਂ ਖੂਬੀਆਂ ਪਾ ਕੇ ਇਸਨੂੰ ਸਰਸ ਤੇ ਸੌਂਦ੍ਰਯਮਯ ਬਣਾਉਣ ਦਾ ਸਫਲ ਯਤਨ ਕੀਤਾ ਹੈ। ਗੀਤਾ ਵਿਚ ਅਜੇਹੀ ਸਰਸਤਾ ਦਾ ਅਭਾਵ ਹੈ, ਉਥੇ ਦਿਲ ਦੀ ਥਾਂ ਦਿਮਾਗ ਨੂੰ ਜ਼ਿਆਦਾ ਕੰਮ ਕਰਨਾ ਪੈਂਦਾ ਹੈ। 'ਯੋਗ ਵਸ਼ਿਸ਼ਠ' ਆਪਣੇ ਬਣੇ ਬਣਾਏ ਸੰਵਾਦਾਂ ਤੋਂ ਪਰੇ ਨਹੀਂ ਜਾ ਸਕਿਆ, ਭਾਰਤੀ ਦਰਸ਼ਨਕਾਰ ਬੇਚਾਰੇ ਤਕਨੀਕੀ ਸ਼ਬਦਾਵਲੀ ਵਿਚ ਉਲਝ ਕੇ ਰਹਿ ਗਏ ਹਨ। ਇਸੇ ਤਰ੍ਹਾਂ ਸੂਫੀ ਗ੍ਰੰਥ ਬੌਧਿਕ ਵਾਦ ਵਿਵਾਦ ਦੇ ਚੱਕ੍ਰ ਨੂੰ ਨਹੀਂ ਛੱਡ ਸਕੇ ਤੇ ਕੁਰਾਨ ਅਤੇ ਰਸੂਲ ਤੇ ਆ ਕੇ ਰੁਕ ਜਾਂਦੇ ਹਨ। ਜੀਵਨ ਦੀ ਸਮੱਸਿਆ ਕੇਵਲ ਦਿਮਾਗੀ ਘੁੰਤਰਬਾਜ਼ੀ ਨਾਲ ਸੁਲਝਾਈ ਜਾਣ ਜੋਗੀ ਨਹੀਂ, ਇਹ ਪਿਛਲੀਆਂ ਸਦੀਆਂ ਨੇ ਵੀ ਦੇਖ ਲਿਆ ਹੈ ਤੇ ਹੁਣ ਦੇ ਸੁਵਿਗਿਆਨਕ ਯੁਗ ਨੇ ਵੀ ਆਪਣੇ ਹੱਥ ਅਜ਼ਮਾ ਲਏ ਹਨ। ਇਸ ਲਈ ਇਕ ਸੁਹਿਰਦਤਾ ਦੀ ਲੋੜ ਹੈ, ਅਪਣੱਤ ਦੀ ਸੂਖਮ ਭਾਵਨਾ ਚਾਹੀਦੀ ਹੈ ਜੋ ਕਿ ਸੁਖਮਨੀ ਵਿਚ ਥਾਂ ਥਾਂ ਵਿਆਪਕ ਹੈ ਪਰਮੇਸ਼ਰ ਦੀ ਸਰਬੱਗਤਾ ਤੇ ਸਮਰੱਥਾ ਦੇ ਮੁਕਾਬਲੇ ਤੇ ਮਨੁੱਖ ਦੀ ਅਲਪੱਗਤਾ ਤੇ ਅਸਮਰਥਤਾ ਦਾ ਬਰਾਬਰ ਧਿਆਨ ਰੱਖਿਆ ਗਿਆ ਹੈ। ਇਹੋ ਇਕ ਨੁਕਤਾ ਹੈ ਜੋ ਇਸ ਵਿਥ ਨੂੰ ਮੇਟ ਕੇ ਆਤਮਾ ਨੂੰ ਪਰਮਾਤਮਾ ਦੇ ਨਿਕਟ ਲਿਜਾਂਦਾ ਤੇ ਚਿੰਤਾ ਦੁਖ ਦੀ ਥਾਂ ਸੁਖ ਸ਼ਾਂਤੀ ਪੈਦਾ ਕਰਦਾ ਹੈ। ਇਹ ਇਕ ਪਵਿਤਰ ਮੰਤਵ ਹੈ, ਜੋ ਇਸ ਰਚਨਾ ਨੂੰ ਸਰਬਦੇਸੀ ਤੇ ਸਰਬਕਾਲੀ ਬਣਾ ਕੇ ਸਰਬ-ਪ੍ਰਿਯ ਬਣਾਉਂਦਾ ਹੈ। ਅਜੇਹੇ ਪਰਮਾਰਥਕ ਵਿਸ਼ੇ ਨੂੰ ਅਜੇਹੀ ਰੋਚਿਕਤਾ ਨਾਲ ਵਿਸਤਾਰ ਸਹਿਤ ਪੇਸ਼ ਕਰ ਸਕਣਾ, ਇਸ ਪ੍ਰਬੰਧ ਕਾਵਿ ਦੀ ਸਫਲਤਾ ਹੈ। ਇਹ ਜ਼ਰੂਰੀ ਨਹੀਂ ਕਿ ਪ੍ਰਬੰਧ ਕਾਵਿ ਜ਼ਰੂਰ ਕਥਾ-ਕਾਵਿ ਹੀ ਹੋਵੇ ਤੇ ਇਸਦਾ ਨਾਇਕ ਕੋਈ ਜ਼ਰੂਰ ਰਾਜਾ ਜਾਂ ਉਚ ਸ਼੍ਰੇਣੀ ਦਾ ਹੋਵੇ। ਇਥੇ ਤਾਂ ਜੂਨੀਆਂ ਦੇ ਸਰਦਾਰ ਮਨੁਖ ਦੀ ਜੀਵਨ-ਕਥਾ ਨੂੰ ਲਿਆ ਗਿਆ ਹੈ ਤੇ ਉਸ ਦੀਆਂ ਸਮੱਸਿਆਵਾਂ ਦਾ ਸਾਧਾਰਣੀਕਰਣ ਕਰਕੇ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਹਰ ਪਾਠਕ ਨੂੰ ਇਹ ਆਪ-ਬੀਤੀ ਲਗਦੀ ਹੈ।

ਸਿਖਿਆ ਵਿਚ ਅਪਣੱਤ ਭਾਵ ਇਤਨਾ ਹੈ ਕਿ ਇਹ ਹਦਾਇਤਾਂ ਬੋਝਲ ਨ ਹੋ ਕੇ ਅਤਿ ਪਿਆਰੀਆਂ ਜਾਪਦੀਆਂ ਤੇ ਪਾਠਕ ਇਨ੍ਹਾਂ ਨੂੰ ਆਪਣੇ ਆਪ ਅਪਣਾਉਣ ਲਈ ਮਜਬੂਰ ਹੋ ਜਾਂਦਾ ਹੈ। ਇਹ ਸਤਿਗੁਰਾਂ ਦੀ ਸਹਿਜ–ਭਾਵੀ ਸੁਹਿਰਦਤਾ ਦਾ ਸਿੱਟਾ ਹੈ। ਇਸ ਤੋਂ ਬਿਨਾ ਸੁਖਮਨੀ ਦੇ ਸੌਂਦ੍ਰਯ ਨੂੰ ਦ੍ਰਿਸ਼ ਵਰਣਨ ਵੀ ਭਾਗ ਲਾਉਂਦਾ ਹੈ। ਭਾਵੇਂ ਸਤਿਗੁਰੂ ਕਾਦਰ ਦੀ ਕੁਦਰਤ ਦਾ ਅਸਿਧੇ ਢੰਗ ਨਾਲ ਚਰਚਾ ਕਰਦੇ ਹਨ ਤੇ ਉਸ ਦੀ ਬੇਅੰਤਤਾ, ਅਸਚਰਜਤਾ ਤੇ ਵਿਵਿਧਤਾ ਦੇ ਪੱਖ ਉਜਾਗਰ ਕਰਕੇ ਸਾਡੇ ਮਨੋਭਾਵਾਂ ਨੂੰ ਕਾਦਰ ਅੱਗੇ ਪਰਣਾਮ ਕਰਨ ਲਈ ਤਿਆਰ ਕਰਦੇ ਹਨ ਪਰ ਇਹ ਨਿਰੂਪਣ ਸੁਹਜ ਸੁਆਦ ਦੇ ਪੱਖ ਤੋਂ ਵੀ ਇਕ ਅਨੋਖਾ ਰੰਗ ਪ੍ਰਦਾਨ ਕਰਦਾ ਹੈ। ਅਧਿਆਤਮਕ ਰਚਨਾਵਾਂ ਵਿਚ ਆਮ ਤੌਰ ਤੇ ਅਜੇਹਾ ਰੰਗ ਘੱਟ ਹੁੰਦਾ ਹੈ ਪਰ ਇਥੇ ਪੂਰੇ ਵਿਸਤਾਰ ਵਿਚ ਇਹ ਮੀਨਾਕਾਰੀ ਹੋਈ ਹੈ ਜੋ ਜ਼ਿੰਦਗੀ ਦੀ ਫੁਲਕਾਰੀ ਨੂੰ ਆਕਰਸ਼ਕ ਬਣਾ ਕੇ ਪੇਸ਼ ਕਰਦੀ ਹੈ। ਸੁਖਮਨੀ ਵਿਚ ਇਕ ਅਨੋਖਾ ਜੇਹਾ ਰੁਮਾਂਸ ਵੀ ਹੈ, ਪਰਮ ਸੁੰਦਰ ਸਿਰਜਨਹਾਰ ਦੇ ਸੌਂਦ੍ਰਯ ਦਾ, ਉਸਦੀ ਗ਼ੈਬੀ ਸ਼ਕਤੀ ਦੀ ਵਚਿਤ੍ਰਤਾ ਦਾ ਜਿਸ ਦੁਆਰਾ ਉਹ ਸਾਰੀ ਸ੍ਰਿਸ਼ਟੀ ਰਚਨਾ ਕਰਦਾ ਤੇ ਇਸਦੀ ਤਰ੍ਹਾਂ ਤਰ੍ਹਾਂ ਨਾਲ ਪ੍ਰਤਿਪਾਲਣਾ ਵੀ ਕਰਦਾ ਹੈ। ਉਸਦੀ ਸਰਬ ਵਿਆਪਕਤਾ ਕਮਾਲ ਦੀ ਹੈ, ਉਸਦੀ ਮਿਹਰਵਾਨੀ ਬੇਮਿਸਾਲ ਹੈ ਤੇ ਇਹ ਸਾਰਾ ਕੁਝ ਅਨੋਖੇ ਵਿਸਮਾਦ ਵਿਚ ਗੁੰਮ ਕਰਨ ਵਾਲਾ ਹੈ।

ਗੁਰੂ ਸਾਹਿਬ ਨੇ ਇਸਦਾ ਥਾਂ ਥਾਂ ਜ਼ਿਕਰ ਕੀਤਾ ਹੈ :

ਨਹ ਕਿਛੁ ਜਨਮੈ ਨਹ ਕਿਛੁ ਮਰੈ।
ਆਪਨ ਚਲਿਤੁ ਆਪ ਹੀ ਕਰੈ।
ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ।
ਆਗਿਆਕਾਰੀ ਧਾਰੀ ਸਭ ਸ੍ਰਿਸਟਿ।
ਆਪੇ ਆਪਿ ਸਗਲ ਮਹਿ ਆਪਿ :
ਅਨਿਕ ਜੁਗਤਿ ਰਚਿ ਥਾਪਿ ਉਥਾਪ।
ਅਬਿਨਾਸੀ ਨਾਹੀ ਕਿਛੁ ਖੰਡ।
ਧਾਰਣ ਧਾਰਿ ਰਹਿਓ ਬ੍ਰਹਮੰਡ।'
'ਟੂਟੀ ਗਾਢਨਹਾਰੁ ਗੋਪਾਲ। ਸਰਬ ਜੀਆ ਆਪੇ ਪ੍ਰਤਿਪਾਲ
ਸਗਲ ਕੀ ਚਿੰਤਾ ਜਿਸੁ ਮਨ ਮਾਹਿ। ਤਿਸਤੇ ਬਿਰਥਾ ਕੋਈ ਨਾਹਿ।'
'ਹਰਨ ਭਰਨ ਜਾਕਾ ਨੇਤ੍ਰ ਫੋਰੁ। ਤਿਸਕਾ ਮੰਤ੍ਰ ਨ ਜਾਨੈ ਹੋਰੁ
ਅਨਦ ਰੂਪ ਮੰਗਲ ਸਦ ਜਾਕੈ। ਸਰਬ ਥੋਕ ਸੁਨੀਅਹਿ ਘਰਿ ਤਾ ਕੈ।'
'ਨਿਰਗੁਨ ਆਪਿ ਸਰਗੁਨ ਭੀ ਓਹੀ। ਕਲਾ ਧਾਰਿ ਜਿਨਿ ਸਗਲੀ ਮੋਹੀ।
ਆਪਨ ਚਰਿਤ ਪ੍ਰਭਿ ਆਪ ਬਨਾਏ। ਅਪੁਨੀ ਕੀਮਤਿ ਆਪੇ ਪਾਏ।'
'ਸਰਬਭੂਤ ਆਪ ਵਰਤਾਰਾ। ਸਰਬ ਨੈਨ ਆਪਿ ਪੇਖਨਹਾਰਾ
ਸਗਲ ਸਮਗ੍ਰੀ ਜਾਂਕਾ ਤਨਾ। ਆਪਨ ਜਸੁ ਆਪ ਹੀ ਸੁਨਾ
ਆਵਨੁ ਜਾਨੁ ਇਕੁ ਖੇਲੁ ਬਨਾਇਆ। ਆਗਿਆਕਾਰੀ ਕੀਨੀ ਮਾਇਆ
ਸਭ ਕੈ ਮਧਿ ਅਲਿਪਤੋ ਰਹੈ। ਜੋ ਕਛੁ ਕਹਣਾ ਸੁ ਆਪ ਕਹੈ। ੬।੨੩'

ਇਸੇ ਤਰ੍ਹਾਂ ਉਸਦੇ ਬਹੁਭਾਂਤੀ ਸ੍ਰਿਸ਼ਟੀ ਵੀ ਵਚਿਤ੍ਰ ਹੈ, ਉਸਦਾ ਖਿਆਲ ਕਰਕੇ ਹੋਰ ਹੈਰਾਨੀ ਹੁੰਦੀ ਹੈ ।

ਕਈ ਕੋਟਿ ਸਿਧ ਜਤੀ ਜੋਗੀ । ਕਈ ਕੋਟਿ ਰਾਜੇ ਰਸ ਭੋਗੀ
ਕਈ ਕੋਟਿ ਪੰਖੀ ਸਰਪ ਉਪਾਏ । ਕਈ ਕੋਟਿ ਪਾਥਰ ਬਿਰਖ ਨਿਪਜਾਏ
ਕਈ ਕੋਟਿ ਪਵਣ ਪਾਣੀ ਬੈਸੰਤਰ । ਕਈ ਕੋਟਿ ਦੇਸ ਭੂ ਮੰਡਲ
ਕਈ ਕੋਇ ਸਸੀਅਰ ਸੂਰ ਨਖਯਤ੍ਰ ।
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ
ਸਗਲ ਸਮਗ੍ਰੀ ਅਪਨੈ ਸੂਤ ਧਾਰੈ ।
ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ । ੩ । ੧੦ ।

ਸੁਖਮਨੀ ਦੀ ਕਿਸੇ ਅਸ਼ਟਪਤੀ ਨੂੰ ਧਿਆਨ ਨਾਲ ਵਿਚਾਰੋ, ਉਸ ਵਿਚ ਅਦਭੁਤਤਾ ਦੇ ਭਾਵ ਉਦੀਪਮਾਨ ਹਨ । ਸਾਧ ਜਨਾਂ ਕੀ ਅਚਰਜ ਕਥਾ ਆਪਣੇ ਆਪ ਵਿਚ ਵਿਸਮਾਦ-ਭਰਪੂਰ ਹੈ । ਰੱਬ ਦੀ ਮੇਹਰ ਵੀ ਬੇਇਨਤਹਾ ਹੈ ਤੇ ਦੂਜੇ ਪਾਸੇ ਮਨੁੱਖ ਦੀ ਅਕ੍ਰਿਤਘਣਤਾ ਵੀ ਪਰੇ ਦੀ ਹੈ ਜੋ ਇਨ੍ਹਾਂ ਮਿਹਰਵਾਨੀਆਂ ਦਾ ਭੋਰਾ ਆਦਰ ਨਹੀਂ ਕਰਦੀ । ਗੁਰੂ ਸਾਹਿਬ ਧਿਆਨ ਦਿਵਾਉਂਦੇ ਹਨ :—

ਰਮਈਆ ਕੇ ਗੁਨ ਚੇਤਿ ਪਰਾਨੀ !
ਕਵਨ ਮੂਲ ਤੇ ਕਵਨ ਦ੍ਰਿਸ਼ਟਾਨੀ
ਜਿਨਿ ਤੂੰ ਸਾਜਿ ਸਵਾਰਿ ਸੀਂਗਾਰਿਆ
ਗਰਭ ਅਗਨਿ ਮਹਿ ਜਿਨਹਿ ਉਬਾਰਿਆ ।
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ
ਭਰਿ ਜੋਬਨ ਭੋਜਨ ਸੁਖ ਸੂਧ ।
ਬਿਰਧ ਭਇਆ ਊਪਰਿ ਸਾਕ ਸੈਨ
ਮੁਖਿ ਅਪਿਆਉ ਬੈਠ ਕਉ ਦੈਨ ।
ਇਹ ਨਿਰਗੁਨ ਗੁਨ ਕਿਛੂ ਨ ਬੂਝੈ
ਬਖਸਿ ਲੇਹੁ ਤਉ ਨਾਨਕ ਸੀਝੈ ।

ਅਗੇ ਹੋਰ ਰੱਬੀ ਕ੍ਰਿਪਾਲਤਾ ਦਾ ਚਰਚਾ ਹੈ ਪਰ ਨਾਲ ਹੀ ਮਨੁਖ ਦੀ ਲਾਪਰਵਾਹੀ ਤੇ ਅਕ੍ਰਿਤਘਣਤਾ ਵੀ ਦਰਸਾਈ ਹੈ । ਦੋਹਾਂ ਪਾਸਿਆਂ ਦੀ ਇਹ ਅਤਿ ਦੀ ਅਵਸਥਾ, ਅਚੰਭਾ ਪੈਦਾ ਕਰਦੀ ਹੈ ਤੇ ਪਾਠਕ ਠਠੰਬਰ ਜਾਂਦਾ ਹੈ ਤੇ ਇਹ ਪਰੇਸ਼ਾਨੀ ਉਸ ਨੂੰ ਮੁੜ ਅਰਦਾਸ ਵਿਚ ਜਾਣ ਦੀ ਪ੍ਰੇਰਨਾ ਦਿੰਦੀ ਹੈ ।

ਤੂ ਠਾਕੁਰ ਤੁਮ ਪਹਿ ਅਰਦਾਸਿ ਜੀਉ ਪਿੰਡ ਸਭ ਤੇਰੀ ਰਾਸਿ ।
ਤੁਮ ਮਾਤ ਪਿਤਾ ਹਮ ਬਾਰਕ ਤੇਰੇ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ।

### (੨) **ਅਲੰਕਾਰ-ਯੋਜਨਾ**

ਕਿਸੇ ਪ੍ਰਬੰਧ ਕਾਵਿ ਜਾਂ ਮੁਕਤਕ ਕਾਵਿ ਨੂੰ ਰਸੀਲਾ ਬਣਾਉਣ ਵਿਚ ਜਿਥੇ ਉਸਦੀ ਵਸਤੂ ਦਾ ਹੱਥ ਹੁੰਦਾ ਹੈ, ਉਥੇ ਅਲੰਕਾਰਾਂ ਦੀ ਸਜਾਵਟ ਵੀ ਉਸਨੂੰ ਸੁਹਾਵਣਾ ਬਣਾਉਣ ਵਿਚ ਹਿੱਸਾ ਪਾਉਂਦੀ ਹੈ । ਚਾਹੇ ਇਸ਼ਕਮਜਾਜ਼ੀ ਦੀ ਰਚਨਾ ਹੈ, ਚਾਹੇ

ਇਸ਼ਕ ਹਕੀਕੀ ਦੀ ਸਭ ਦਾ ਸ਼ਿੰਗਾਰ ਅਲੰਕਾਰ ਹੈ। ਅਲੰਕਾਰ ਬਿਨਾ ਕੋਈ ਕਥਨ ਸੋਹਣਾ ਨਹੀਂ ਲਗਦਾ। ਚਾਹੇ ਸ਼ਬਦਾਂ ਦਾ ਚਮਤਕਾਰ ਹੋਵੇ, ਚਾਹੇ ਅਰਥਾਂ ਦਾ, ਇਹ ਚਮਤਕਾਰ ਕਾਵਿ-ਰਚਨਾ ਦੀ ਕਾਇਆ ਨੂੰ ਬਾਂਕਾ ਜ਼ਰੂਰ ਬਣਾਉਂਦਾ ਹੈ। ਇਹ ਠੀਕ ਹੈ ਕਿ ਰਹੱਸਵਾਦੀ ਮਹਾਂਪੁਰਸ਼ਾਂ ਦੇ ਅਨੁਭਵੀ ਤੇ ਉਪਦੇਸ਼ਮਈ ਬਚਨ ਵੈਸੇ ਹੀ ਪ੍ਰਭਾਵਸ਼ਾਲੀ ਹੁੰਦੇ ਹਨ ਪਰ ਅਲੰਕਾਰਕ ਗੋਂਦ ਕਾਰਣ ਇਹ ਪ੍ਰਭਾਵ ਹੋਰ ਵਧ ਜਾਂਦਾ ਹੈ। ਸੁਖਮਨੀ ਸਾਹਿਬ ਵਿਚ ਦ੍ਰਿਸ਼ਟਾਂਤ, ਰੂਪਕ ਤੇ ਪੁਨਰੁਕਤੀ ਆਦਿ ਦਾ ਯੋਗਦਾਨ ਸਚਮੁਚ ਰੰਗ ਬੰਨ੍ਹਣ ਵਾਲਾ ਹੈ ਭਾਵੇਂ ਇਹ ਥੋੜੀ ਮਾਤਰਾ ਵਿਚ ਹੈ।

ਸਾਹਿਤ ਵਿਚ ਪੁਨਰਕਤੀ ਦੋਸ਼ ਵੀ ਹੈ ਤੇ ਅਲੰਕਾਰ ਵੀ। ਦੋਸ਼ ਉਥੇ ਜਦੋਂ ਕਿਤੇ ਬੇਲੋੜੀ ਦੁਹਰਾਈ ਹੋਵੇ, ਅਲੰਕਾਰ ਉਥੇ ਜਦੋਂ ਕਿਸੇ ਗੱਲ ਦੀ ਪੁਸ਼ਟੀ ਲਈ ਉਸਨੂੰ ਬਾਰ ਬਾਰ ਪੱਕਿਆਂ ਕੀਤਾ ਜਾਂਦਾ ਹੋਵੇ। ਸੁਖਮਨੀ ਵਿਚ ਪੁਨਰੁਕਤੀ ਅਲੰਕਾਰ ਦੀ ਵਰਤੋਂ ਕਾਫ਼ੀ ਹੋਈ ਹੈ ਮਿਸਾਲ ਲਈ, ਪ੍ਰਭੂ ਸਿਮਰਨ ਦੇ ਲਾਭ ਦਸਦਿਆਂ 'ਪ੍ਰਭੂ ਕੈ ਸਿਮਰਨ' ਬਾਰ ਬਾਰ ਦੁਹਰਾਇਆ ਗਿਆ ਹੈ। ਇਸੇ ਤਰ੍ਹਾਂ 'ਸਾਧ' ਤੇ 'ਬ੍ਰਹਮ ਗਿਆਨੀ' ਵਾਲੀ ਅਸਟਪਦੀ ਵਿਚ ਉਚੇ ਜੀਵਨ ਦੀ ਮਹਿਮਾ ਵਰਣਨ ਕਰਦਿਆਂ ਤਰ੍ਹਾਂ ਤਰ੍ਹਾਂ ਨਾਲ ਇਨ੍ਹਾਂ ਗੁਣਾਂ ਦਾ ਵਿਖਿਆਨ ਕੀਤਾ ਗਿਆ ਹੈ ਤੇ ਫਿਰ 'ਸੰਤ ਕੇ ਨਿੰਦਕ' ਦੀ ਕਾਲਖ—ਭਰੇ ਜੀਵਨ ਦੀ ਨਿਖੇਧੀ ਵੀ ਇਸੇ ਢੰਗ ਨਾਲ ਕੀਤੀ ਗਈ ਹੈ। ਇਹ ਇਸ ਬਿਆਨ ਦਾ ਸਿਖਰ ਹੈ :—

'ਸੰਤ ਕੇ ਨਿੰਦਕ ਕਉ ਸਰਬ ਰੋਗ।'

ਪਰ ਨਾਲ ਹੀ, ਇਹ ਕਹਿਕੇ ਨਿਰਾਸਤਾ ਮਿਟਾ ਦਿਤੀ ਹੈ :—

ਨਾਨਕ ਸੰਤ ਭਾਵੈ ਤ ਉਸਕਾ ਭੀ ਹੋਇ ਮੋਖ।

ਇਸ ਤਰ੍ਹਾਂ ਦੁਖੀ ਪ੍ਰਾਣੀ ਨਾਲ ਵਰਤੀ ਸੁਹਿਰਦਤਾ ਇਸ ਬਾਣੀ ਨੂੰ ਹਰਮਨ ਪਿਆਰਾ ਬਣਾਉਂਦੀ ਤੇ ਉਸ ਵਿਚ ਅਪਣੱਤ ਦੇ ਭਾਵ ਜਗਾਉਂਦੀ ਹੈ।

**ਪ੍ਰਤੀਕ** : ਪ੍ਰਤੀਕ-ਵਿਧਾਨ ਐਸੀ ਪ੍ਰਕ੍ਰਿਆ ਹੈ ਜਿਸ ਦੁਆਰਾ ਸੰਕੇਤਾਂ ਇਸ਼ਾਰਿਆਂ ਨਾਲ ਅਸਲ ਗੱਲ ਸਮਝਾ ਦਿਤੀ ਜਾਂਦੀ ਹੈ ਭਾਵੇਂ ਉਸਦਾ ਸਿੱਧਾ ਵਰਣਨ ਨਹੀਂ ਹੁੰਦਾ। ਮਿਸਾਲ ਲਈ ਕਿਹਾ ਗਿਆ ਹੈ ਕਿ ਪਦਾਰਥਕ ਮਮਤਾ ਦਾ ਮਾਰਿਆ ਝੱਲਾ ਮਨੁੱਖ, ਅਸਲੀਅਤਾਂ ਤੋਂ ਜਾਣ ਨਹੀਂ, ਬਿਰਛ ਦੀ ਛਾਂ ਨੂੰ ਪਕੜਨਾ ਚਾਹੁੰਦਾ ਹੈ, ਜਾਂਦੇ ਮੁਸਾਫਰ ਨਾਲ ਰਿਸ਼ਤੇ ਪਾ ਰਿਹਾ ਹੈ, ਰੇਤ ਦਾ ਮਹਲ ਉਸਾਰ ਕੇ ਉਸ ਵਿਚ ਪੱਕੀ ਰਿਹੈਸ਼ ਦੇ ਸੁਪਨੇ ਲੈਂਦਾ ਹੈ ਪਰ ਇਹ ਸਭੇ ਗੱਲਾਂ ਸੰਭਵ ਨਹੀਂ।

ਬਿਰਖ ਕੀ ਛਾਇਆ ਸਿਉ ਰੰਗੁ ਲਾਵੈ।
ਓਹ ਬਿਨਸੈ ਉਹੁ ਮਨਿ ਪਛੁਤਾਵੈ
ਬਟਾਊ ਸਿਉ ਜੋ ਲਾਵੈ ਨੇਹੁ। ਤਾਂ ਕੈ ਹਾਥਿ ਨ ਆਵੈ ਕੇਹੁ ।੩।੫।
ਬਲੂਆ ਕੇ ਗ੍ਰਿਹ ਭੀਤਰਿ ਵਸੈ।
ਅਨੰਦ ਕੇਲ ਮਾਇਆ ਰੰਗਿ ਰਸੈ। ੭। ੪।

ਇਸੇ ਤਰ੍ਹਾਂ ਅੰਨ੍ਹੇ, ਬੋਲੇ, ਗੂੰਗੇ, ਪਿੰਗਲੇ ਦੇ ਪ੍ਰਤੀਕ ਲੈ ਕੇ ਮਨੁਖ ਦੀ ਅਸਮਰੱਥਾ ਪ੍ਰਗਟਾਈ ਹੈ ਤੇ ਨਾਲ ਹੀ ਪ੍ਰਭੂ ਦੀ ਸਮਰੱਥਾ ਦਸਕੇ ਅਸੰਭਵ ਨੂੰ ਸੰਭਵ ਹੁੰਦਾ ਦਿਖਾਇਆ ਹੈ :—

ਸੁਨਿ ਅੰਧਾ ਕੈਸੇ ਮਾਰਗੁ ਪਾਵੈ

ਕਹੁ ਗਹਿ ਲੇਹੁ ਓੜਿ ਨਿਬਹਾਵੈ
ਕਹਾਂ ਬੁਝਾਰਤਿ ਬੂਝੈ ਡੋਰਾ
ਨਿਸ ਕਹੀਐ ਤਉ ਸਮਝੈ ਭੋਰਾ ।
ਕਹਾ ਬਿਸਨਪਦ ਗਾਵੈ ਗੁੰਗ
ਜਤਨ ਕਰੈ ਤਉ ਭੀ ਸੁਰ ਭੰਗ ।
ਕਹ ਪਿੰਗੁਲ ਪਰਬਤ ਪਰਭਵਨ
ਨਹੀਂ ਹੋਤ ਊਹਾਂ ਉਸੁ ਗਵਨ ।
ਕਰਤਾਰ ਕਰਣਾਮੈ ਦੀਨ ਬੇਨਤੀ ਕਰੈ
ਨਾਨਕ ਤੁਮਰੀ ਕ੍ਰਿਪਾ ਤਰੈ ।

**ਦ੍ਰਿਸ਼ਟਾਂਤ** : ਜਦੋਂ ਕਿਸੇ ਘਟਨਾ ਦੀ ਮਿਸਾਲ ਦੇ ਕੇ ਕੋਈ ਗੱਲ ਕੀਤੀ ਜਾਵੇ, ਪ੍ਰਤਿਬਿੰਬ ਦੀ ਗੱਲ ਕਰਕੇ ਬਿੰਬ ਬਿਆਨ ਕੀਤਾ ਜਾਵੇ ਤਾਂ ਦ੍ਰਿਸ਼ਟਾਂਤ ਹੁੰਦਾ ਹੈ ਇਸ ਅਲੰਕਾਰ ਦੀ ਵਰਤੋਂ ਸਭ ਤੋਂ ਵਧ ਹੋਈ ਹੈ। ਸਿਮਰਨ ਬਿਨਾ ਜੀਵਨ ਇਉਂ ਬੇਅਰਥ ਲੰਘਦਾ ਹੈ, ਜਿਵੇਂ ਮੇਘ ਬਿਨਾ ਖੇਤੀ, ਬਾਕੀ ਕੰਮ ਫਜ਼ੂਲ ਹਨ ਜਿਵੇਂ ਸ਼ੂਮ ਦੀ ਦੌਲਤ—

ਬਿਨੁ ਸਿਮਰਨ ਦਿਨ ਰੈਨਿ ਬ੍ਰਿਥਾ ਬਿਹਾਇ
ਮੇਘ ਬਿਨਾ ਜਿਉਂ ਖੇਤੀ ਜਾਇ ।
ਗੋਬਿੰਦ ਭਜਨ ਬਿਨੁ ਬ੍ਰਿਥੇ ਸਭ ਕਾਮ
ਜਿਉ ਕਿਰਪਨ ਕੇ ਨਿਰਾਰਥ ਦਾਮ । ੬ । ੫ ।

ਬ੍ਰਹਮ ਗਿਆਨੀ ਦੀ ਵਿਸ਼ੇਸ਼ਤਾ ਦਰਸਾਉਂਦਿਆਂ ਕਿਹਾ ਹੈ ਕਿ ਉਹ ਨਿਰਲੇਪ ਇਉਂ ਰਹਿੰਦਾ ਹੈ ਜਿਵੇਂ ਪਾਣੀ ਵਿਚ ਕੰਵਲ ਫੁਲ, ਨਿਰਦੋਖ ਇਉਂ ਵਿਚਰਦਾ ਹੈ ਜਿਵੇਂ ਸੂਰਜ। ਸਮਦ੍ਰਿਸਟਾ ਇਉਂ ਜਿਵੇਂ ਪੌਣ ਰਾਣਾ ਰੰਕ ਨੂੰ ਬਰਾਬਰ ਸਪਰਸ਼ ਕਰਦੀ ਹੈ, ਧੀਰਜਵੰਤ ਇਉਂ ਹੈ ਜਿਵੇਂ ਧਰਤੀ, ਨਿਰਮਲ ਇਉਂ ਜਿਵੇਂ ਜਲ, ਪ੍ਰਕਾਸ਼ਮਾਨ ਇਉਂ ਜਿਵੇਂ ਉਜਲ ਗਗਨ, ਉਸਦੀ ਜੋਤਿ ਰੱਬੀ ਜੋਤਿ ਵਿਚ ਇਉਂ ਹਲੂਲ ਹੋ ਜਾਂਦੀ ਹੈ ਜਿਵੇਂ ਪਾਣੀ ਵਿਚ ਪਾਣੀ।

ਬ੍ਰਹਮ ਗਿਆਨੀ ਸਦਾ ਨਿਰਲੇਪ
ਜੈਸੇ ਜਲ ਮਹਿ ਕਮਲੁ ਅਲੇਪ ।
ਬ੍ਰਹਮ ਗਿਆਨੀ ਸਦਾ ਨਿਰਦੋਖ । ਜੈਸੇ ਸੂਰ ਸਰਬ ਕਉ ਸੋਖ
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨ ।
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ
ਬ੍ਰਹਮ ਗਿਆਨੀ ਕੈ ਧੀਰਜੁ ਏਕ ।
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ
ਬ੍ਰਹਮ ਗਿਆਨੀ ਕਾ ਇਹੈ ਗੁਨਾਉ
ਨਾਨਕ ਜਿਉਂ ਪਾਵਕ ਕਾ ਸਹਜ ਸੁਭਾਉ । ੧ । ੪ ।
ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ।
ਜੈਸੇ ਮੈਲੁ ਨ ਲਾਗੈ ਜਲਾ
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ।

ਜੈਸੇ ਧਰ ਊਪਰਿ ਆਕਾਸੁ ।
ਜਿਉ ਜਲ ਮਹਿ ਜਲੁ ਆਇ ਖਟਾਨਾ ।
ਤਿਉ ਜੋਤੀ ਸੰਗਿ ਜੋਤਿ ਸਮਾਨਾ । ੪ । ੧੧ ।

ਇਸੇ ਤਰ੍ਹਾਂ ਸੰਤ-ਨਿੰਦਕ ਦੀ ਮੰਦੀ ਦਸ਼ਾ ਕਈ ਆਮ ਮਿਸਾਲਾਂ ਦੇ ਕੇ ਦਰਸਾਈ ਹੈ। ਸੰਤ ਦੋਖੀ ਇਉਂ ਕੁਰਲਾਂਦਾ ਫਿਰਦਾ ਹੈ ਜਿਵੇਂ ਕਾਂ, ਸੰਤ-ਦੋਖੀ ਇਸ ਤਰ੍ਹਾਂ ਅੰਦਰੋਂ ਸੱਖਣਾ ਹੁੰਦਾ ਹੈ ਜਿਵੇਂ ਮੁਰਦੇ ਦੀ ਲਾਸ਼। ਸੰਤ-ਦੋਖੀ ਇਉਂ ਵਿਲਕਦਾ ਹੈ ਜਿਵੇਂ ਪਾਣੀ ਬਾਝੋਂ ਮਛਲੀ। ਸੰਤ-ਦੋਖੀ ਇਸ ਤਰ੍ਹਾਂ ਤ੍ਰਿਸ਼ਨਾ ਦਾ ਮਾਰਿਆ ਭੁਖਣ-ਭਾਣਾ ਭਟਕਦਾ ਹੈ ਜਿਵੇਂ ਅੱਗ ਕਿਤਨਾ ਇੰਨ੍ਹਣ ਖਾ ਕੇ ਵੀ ਰੱਜਦੀ ਨਹੀਂ। ਸੰਤ ਦੋਖੀ ਆਖਰ ਇਉਂ ਕੱਲਮ-ਕੱਲਾ ਰਹਿ ਜਾਂਦਾ ਹੈ, ਜਿਵੇਂ ਦਾਣੇ ਰਹਿਤ ਬੂਆੜ ਤਿਲ, ਖੇਤ ਵਿਚ ਹੀ ਸੁੱਟ ਦਿਤੇ ਜਾਂਦੇ ਹਨ।

ਸੰਤਨ ਕੈ ਦੂਖਨਿ ਕਾਗ ਜਿਉਂ ਲਵੈ ।
ਸੰਤ ਕਾ ਦੋਖੀ ਅੰਤਰ ਤੇ ਥੋਥਾ ।
ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ।
ਸੰਤ ਕਾ ਦੋਖੀ ਇਉਂ ਬਿਲਲਾਇ ।
ਜਿਉਂ ਜਲ ਬਿਹੂਨ ਮਛੁਲੀ ਤੜਫੜਾਇ ।
ਸੰਤ ਕਾ ਦੋਖੀ ਭੂਖਾ ਨਹੀਂ ਰਾਜੈ ।
ਜਿਉਂ ਪਾਵਕੁ ਈਧਨਿ ਨਹੀਂ ਧ੍ਰਾਪੈ ।
ਸੰਤ ਦਾ ਦੋਖੀ ਛੁਟੈ ਇਕੇਲਾ ।
ਜਿਉਂ ਬੂਆੜੁ ਤਿਲੁ, ਖੇਤ ਮਾਹਿ ਦੁਹੇਲਾ । ੯ । ੧੩ ।

ਇਸੇ ਤਰ੍ਹਾਂ ਇਕ ਥਾਂ ਆਖਿਆ ਹੈ ਜਿਵੇਂ ਮੰਦਰ ਦੀ ਛੱਤ ਨੂੰ ਥਮਲਾ ਥੰਮ ਕੇ ਰਖਦਾ ਹੈ ਤਿਵੇਂ ਗੁਰੂ ਦਾ ਸ਼ਬਦ ਮਨ ਨੂੰ ਥੰਮ ਕੇ ਰਖਦਾ ਹੈ। ਜਿਸ ਤਰ੍ਹਾਂ ਪੱਥਰ ਵੀ, ਬੇੜੀ ਵਿਚ ਰਖਕੇ ਪਾਰ ਹੋ ਜਾਂਦਾ ਹੈ, ਤਿਵੇਂ ਪ੍ਰਾਣੀ ਗੁਰੂ ਚਰਨਾਂ ਦੇ ਆਸਰੇ ਤਰ ਜਾਂਦਾ ਹੈ। ਜਿਵੇਂ ਅੰਧੇਰੇ ਵਿਚ ਦੀਵੇ ਨਾਲ ਰੋਸ਼ਨੀ ਹੁੰਦੀ ਹੈ, ਤਿਵੇਂ ਸਤਿਗੁਰੂ-ਦਰਸ਼ਨਾਂ ਨਾਲ ਅੰਦਰ ਚਾਨਣ ਹੋ ਜਾਂਦਾ ਹੈ। ਜਿਸ ਤਰ੍ਹਾਂ ਭਾਰੀ ਜੰਗਲ ਵਿਚ ਕਿਸੇ ਨੂੰ ਰਸਤਾ ਲੱਭ ਪਵੇ, ਤਿਵੇਂ ਸਤਿਸੰਗ ਵਿਚ ਆਉਣ ਨਾਲ ਮਾਰਗ ਦੀ ਸੋਝੀ ਹੁੰਦੀ ਤੇ ਚਿੰਤਾ ਮਿਟ ਜਾਂਦੀ ਹੈ।

'ਜਿਉ ਮੰਦਰ ਕਉ ਥਾਮੈ ਥੰਮਨੁ ।
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ
ਜਿਉ ਪਾਖਾਣੁ ਨਾਵ ਚੜਿ ਤਰੈ
ਪ੍ਰਾਣੀ ਗੁਰਚਰਣ ਲਗਤੁ ਨਿਸਤਰੈ ।
ਜਿਉ ਅੰਧਕਾਰ ਦੀਪਕ ਪਰਗਾਸੁ ।
ਗੁਰਦਰਸਨੁ ਦੇਖਿ ਮਨਿ ਹੋਇ ਬਿਗਾਸੁ ।
ਜਿਉ ਮਹਾਂ ਉਦਿਆਨ ਮਹਿ ਮਾਰਗ ਪਾਵੈ ।
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ।

**ਉਲੇਖ** : ਜਿਥੇ ਕਿਸੇ ਚੀਜ਼ ਨੂੰ ਕਈ ਤਰ੍ਹਾਂ ਨਾਲ ਬਿਆਨ ਕੀਤਾ ਜਾਵੇ, ਉਥੇ ਉਲੇਖ ਅਲੰਕਾਰ ਹੁੰਦਾ ਹੈ। ਨਾਮ ਦੀ ਵਡਿਆਈ ਪ੍ਰਗਟ ਕਰਦਿਆਂ ਉਸਨੂੰ ਤੋਸਾ, ਉਜਿ-

ਆਰਾ, ਜਾਣੂ-ਪਛਾਣੂ ਤੇ ਸ਼ਾਂਤਭਰੀ ਛਾਇਆ ਜਾਂ ਅੰਮ੍ਰਿਤ ਕਹਿਕੇ ਸਲਾਹਿਆ ਹੈ, ਕਿ: ਉਸਨੂੰ ਕਲਪ-ਬਿਰਛ ਤੇ ਕਿਤੇ ਕਾਮਧੇਨੁ ਆਖਿਆ ਹੈ :—

'ਪਾਰਜਾਤ ਇਹੁ ਹਰਿਕੋ ਨਾਮੁ ।
ਕਾਮਧੇਨੁ ਹਰਿ ਹਰਿ ਗੁਣ ਗਾਮ । ੮ । ੨ ।
'ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ।
ਹਰਿ ਕਾ ਨਾਮੁ ਊਹਾ ਸੰਗਿ ਤੋਸਾ ।
ਜਿਹ ਪੈਂਡੇ ਮਹਾ ਅੰਧ ਗੁਬਾਰਾ । ਹਰਿ ਕਾ ਨਾਮੁ ਸੰਗਿ ਉਜਆਰਾ
ਜਹਾਂ ਪੰਥ ਤੇਰਾ ਕੋ ਨ ਸਿਞਾਨੂ ।
ਹਰਿ ਕਾ ਨਾਮੁ ਤਹ ਨਾਲਿ ਪਛਾਨੂ
ਜਹ ਮਹਾ ਭਇਆਨ ਤਪਤਿ ਬਹੁ ਘਾਮ ।
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ
ਜਹ ਤ੍ਰਿਖਾ ਮਨੁ ਤੁਝ ਆਕਰਖੈ ।
ਤਹ ਨਾਨਕ ਹਰਿ ਹਰਿ ਅੰਮ੍ਰਿਤ ਬਰਖੈ ।

ਇਸੇ ਤਰ੍ਹਾਂ ਪਰਮ ਸ਼ਕਤੀਵਾਨ ਪਰਮੇਸ਼ਰ ਨੂੰ ਅਨੇਕ ਰੂਪ ਵਿਚ ਉਲੇਖਦਿਆਂ ਕਿਹਾ ਹੈ ।

ਰਾਜ ਮਹਿ ਰਾਜੁ ਜੋਗ ਮਹਿ ਜੋਗੀ
ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ । ੨ । ੧੬ ।
ਧਿਆਇ ਧਿਆਇ ਭਗਤਹ ਸੁਖੁ ਪਾਇਆ ।
ਨਾਨਕ ਤਿਸ ਪੁਰਖ ਕਾ ਕਿਨੈ ਅੰਤੁ ਨ ਪਾਇਆ ।

**ਸਾਰ** : ਸਾਰ ਅਲੰਕਾਰ ਉਥੇ ਹੁੰਦਾ ਹੈ ਜਿਥੇ ਕਿਤੇ ਦੋ ਜਾਂ ਵਧ ਚੀਜ਼ਾਂ ਦੇ ਮੁਕਾਬਲੇ ਤੇ ਇਕ ਨੂੰ ਵਧੀਆ ਦੱਸਿਆ ਜਾਵੇ । ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ :—

'ਜਹਿਂ ਉਤਰੋਤਰ ਹਹੈ ਅਧਿਕਾਈ
ਅਲੰਕਾਰ ਸੋ ਸਾਰ ਕਰਾਈ ।' (ਗਰਬਗੰਜਨੀ)

ਇਸ ਦੀ ਇਹ ਸੁੰਦਰ ਉਦਾਹਰਣ ਹੈ :

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ । ਹਰਿ ਕੋ ਨਾਮੁ ਜਪਿ ਨਿਰਮਲ ਕਰਮੁ
ਸਗਲਿ ਕ੍ਰਿਆ ਮਹਿ ਊਤਮ ਕ੍ਰਿਆ । ਸਾਧਸੰਗਿ ਦੁਰਮਤਿ ਮਲੁ ਹਿਰਿਆ।
ਸਗਲ ਉਦਮ ਮਹਿ ਉਦਮੁ ਭਲਾ । ਹਰਿ ਕਾ ਨਾਮੁ ਜਪਹੁ ਜੀਅ ਸਦਾ ।
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ । ਹਰਿ ਕੋ ਜਸੁ ਸੁਨਿ ਰਸਨ ਬਖਾਨੀ
ਸਗਲ ਥਾਨ ਤੇ ਓਹੁ ਊਤਮ ਥਾਨੁ । ਨਾਨਕ ਜਿਹ ਘਟਿ ਵਸੈ ਹਰਿ ਨਾਮੁ । ੮ । ੩ ।

**ਯਥਾ ਸੰਖਯ** : ਜਦੋਂ ਕੋਈ ਖਾਸ ਤਰਤੀਬ ਦੇ ਕੇ ਗੱਲ ਕੀਤੀ ਜਾਵੇ ਤਾਂ ਯਥਾਸੰਖਯ ਅਲੰਕਾਰ ਹੁੰਦਾ ਹੈ । ਪਰਮੇਸ਼ਤ ਦੀਆਂ ਮਿਹਰਵਾਨੀਆਂ ਦਾ ਚਰਚਾ ਕਰਦਿਆਂ ਹੋਇਆਂ ਮਨੁਖ ਦੇ ਜਨਮ, ਬਚਪਨ, ਜੁਆਨੀ ਤੇ ਬੁਢਾਪੇ ਤਕ ਦੀ ਸੇਵਾ ਸੰਭਾਲ ਦਾ ਚਰਚਾ ਇਉਂ ਕੀਤਾ ਗਿਆ ਹੈ :—

'ਰਮਈਆ ਕੇ ਗੁਨ ਚੇਤਿ ਪ੍ਰਾਨੀ । ਕਵਨ ਮੂਲ ਤੇ ਕਵਨ ਦ੍ਰਿਸਟਾਨੀ
ਜਿਨ ਤੂ ਸਾਜਿ ਸਵਾਰਿ ਸੀਗਾਰਿਆ । ਗਰਭ ਅਗਨਿ ਮਹਿ ਜਿਨਹਿ
ਉਬਾਰਿਆ ।
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ । ਭਰਿ ਜੋਬਨ ਭੋਜਨ ਸੁਖ ਸੂਧ ।
ਬਿਰਧਿ ਭਇਆ ਊਪਰਿ ਸਾਕ ਸੈਨ । ਮੁਖਿ ਅਪਿਆਉ ਬੈਠ ਕਉ
ਦੈਨ । ੧ । ੪ ।

ਸ਼ਬਦਾਲੰਕਾਰ ਦੀ ਉਚੇਚੀ ਘਾੜਤ ਕਰਨਾ ਭਾਵੇਂ ਸੰਤ ਕਵੀ ਦਾ ਪ੍ਰਯੋਜਨ ਨਹੀਂ ਹੁੰਦਾ ਫਿਰ ਵੀ ਇਸ ਸਹਿਜ ਸੁਭਾਵਕ ਵਰਣਨ ਵਿਚ ਸ਼ਬਦਾਲੰਕਾਰ ਦਾ ਚਮਤਕਾਰ ਨਜ਼ਰ ਆਉਂਦਾ ਹੈ ਕਿਸੇ ਅੱਖਰ ਦਾ ਆਦਿ ਯਾ ਅੰਤ ਵਿਚ ਬਾਰ ਬਾਰ ਆ ਕੇ ਇਕ ਤਰ੍ਹਾਂ ਦੀ ਅਵਾਜ਼ ਦੀਆਂ ਇਕਸੁਰਤਾ ਤੇ ਮਨੋਹਰਤਾ ਬਣਾਉਣਾ ਇਸ ਅਲੰਕਾਰ ਦਾ ਚਮਤਕਾਰ ਹੈ। ਜਿਵੇਂ

'ਭਗਉਤੀ ਭਗਵੰਤ ਭਗਤਿ ਕਾ ਰੰਗੁ'
'ਕਈ ਕੋਟਿ ਕਿਰਪਨ ਕਠੋਰ ।'
'ਜਬ ਲਗ ਮੋਹ ਮਗਨ ਸੰਗਿ ਮਾਇ ।'
'ਇਹ ਵਾਪਾਰੁ ਵਿਰਲਾ ਵਾਪਾਰੈ ।'
'ਦੀਨ ਦਰਦ ਦੁਖ ਭੰਜਨਾ ।'
'ਸਗਲ ਸਮਗ੍ਰੀ ਸੰਗਿ ਸਾਥਿ ਬਸਾ ।'

ਅੰਤਅਨੁਪ੍ਰਾਸ ਦੀ ਮਿਸਾਲ ਵੀ ਕਈ ਥਾਂ ਮਿਲਦੀ ਹੈ । ਉਦਾਹਰਣ ਵਜੋਂ ਤਕਾਰ ਅੰਤ ਪਦਾਂ ਦੀ ਤੁਕਾਂ ਦੇਖੋ :

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ
ਜੀਵਨ ਮੁਕਤ ਜਿਸੁ ਰਿਦੈ ਭਗਵੰਤੁ । ੮ । ੨੩ ।

ਹੋਰ

'ਬਾਹਰਿ ਗਿਆਨ ਧਿਆਨ ਇਸਨਾਨ ।'
'ਖੇਮ ਸਾਂਤਿ ਰਿਧਿ ਨਵਨਿਧਿ
ਬੁਧਿ ਗਿਆਨੁ ਸਰਬ ਤਹ ਸਿਧਿ । ੬ । ੨੪ ।

## (੩) ਛੰਦ-ਯੋਜਨਾ

ਸੁਖਮਨੀ ਸਾਹਿਬ ਵਿਚ 24 ਸਲੋਕ ਤੇ 24 ਅਸਟਪਦੀਆਂ ਹਨ । ਹਰ ਅਸ਼ਟਪਦੀ ਦੇ ਅਰੰਭ ਵਿਚ ਸਲੋਕ ਹੈ ਤੇ ਫਿਰ ਅੱਠ ਪਦੇ ਨਾਲ ਮਿਲਾ ਕੇ 'ਅਸ਼ਟਪਦੀ ਕਹੀ ਗਈ ਹੈ । ਸਲੋਕ ਦਾ ਚਰਣ-ਪ੍ਰਬੰਧ ਲਗਭਗ ਦੋਹਰੇ ਵਾਲਾ ਹੈ ਤੇ ਪਦਿਆਂ ਦਾ ਇਕ ਦੋ ਥਾਂ ਨੂੰ ਛੱਡ ਕੇ ਚੌਪਈ ਵਰਗਾ । ਦੋਹਰਾ, ਇਕ ਮਾਤ੍ਰਿਕ ਛੰਦ ਹੈ ਜਿਸ ਵਿਚ ਦੋ ਤੁਕਾਂ ਹੁੰਦੀਆਂ ਤੇ ਪ੍ਰਤੀ ਤੁਕ ਵਿਚ 24 ਮਾਤ੍ਰਾ ਤੇ ਵਿਸਰਾਮ । 3 1 । ਤੇ ਹੁੰਦਾ ਹੈ । ਇਸੇ ਤਰ੍ਹਾਂ ਚੌਪਈ 16 ਮਾਤ੍ਰਾਂ ਦਾ ਛੰਦ ਹੈ ਤੇ ਇਸਦੀਆਂ ਤੁਕਾਂ ਚਾਰ ਹੁੰਦੀਆਂ ਹਨ । ਸੁਖਮਨੀ ਦੇ ਪਦੇ ਚੌਪਈ ਦੀ ਮਾਤ੍ਰਿਕ ਚਾਲ ਤੇ ਹੀ ਚਲਦੇ ਹਨ ਭਾਵੇਂ ਕਿਤੇ ਕਿਤੇ ਮਾਤ੍ਰਾ ਦਾ ਅੰਤਰ ਵੀ ਹੈ, ਫਿਰ ਤੁਕਾਂ ਚੌਪਈ ਨਾਲੋਂ ਦੁਗਣੀਆਂ ਹੁੰਦੀਆਂ ਹਨ ਅਰਥਾਤ ਚਾਰ ਦੀ ਥਾਂ ਅੱਠ ਦਸ । ਜਦੋਂ ਅਸੀਂ

ਇਸ ਸਲੋਕ ਤੇ ਪਦੇ ਨੂੰ ਦੋਹਰੇ ਚੌਪਈ ਨਾਲ ਮਿਲਾਕੇ ਇਕ ਕਹਿੰਦੇ ਹਾਂ ਤਾਂ ਇਸਦਾ ਭਾਵ ਦੋਹਾਂ ਦੀ ਬਣਤਰੀ ਸਮਾਨਤਾ ਤੋਂ ਹੈ। ਭਗਤੀ ਲਹਿਰ ਦੇ ਜ਼ਮਾਨੇ ਸਰਗੁਣਵਾਦੀ ਭਗਤ ਕਵੀ ਕਥਾ-ਕਾਵਿ ਲਈ ਜ਼ਿਆਦਾਤਰ ਦੋਹਰੇ ਚੌਪਈ ਦੀ ਵਰਤੋਂ ਕਰਦੇ ਰਹੇ ਹਨ ਜਿਵੇਂ ਕਿ ਤੁਲਸੀ ਕ੍ਰਿਤ 'ਰਾਮ ਚਰਿਤ ਮਾਨਸ' ਤੇ ਜਾਇਸੀ ਰਚਿਤ 'ਪਦਮਾਵਤ ਤੋਂ ਸਪਸ਼ਟ ਹੁੰਦਾ ਹੈ। ਨਿਰਗੁਣਵਾਦੀ ਕਵੀਆਂ ਨੇ ਦੋਹਰੇ ਵਾਲੇ ਵਜ਼ਨ ਅਰਥਾਤ ਸਲੋਕ ਦੀ ਜ਼ਿਆਦਾ ਵਰਤੋਂ ਕੀਤੀ ਹੈ ਜਾਂ ਫਿਰ ਰਾਗ ਵਿਚ ਭਜਨ ਜਾਂ ਪਦੇ ਲਿਖੇ ਹਨ।

ਗੁਰੂ ਸਾਹਿਬ ਨੇ ਵੀ ਰਾਗਾਂ ਵਿਚ ਭਜਨ ਲਿਖੇ ਜਿਨ੍ਹਾਂ ਨੂੰ ਦੁਪਦੇ, ਤਿਪਦੇ, ਚਉਪਦੇ ਆਦਿ ਦਾ ਨਾਮ ਦਿਤਾ ਗਿਆ ਹੈ ਪਰ ਜਦੋਂ ਉਨ੍ਹਾਂ ਪ੍ਰਬੰਧ ਕਾਵਿ-ਰਚਨਾ ਦੀ ਯੋਜਨਾ ਬਣਾਈ ਤਾਂ ਫਿਰ ਉਹ ਵੀ ਦੋਹਰੇ ਚੌਪਈ ਵਾਲੇ ਵਜ਼ਨ ਨੂੰ ਹੀ ਢੁਕਵਾਂ ਸਮਝਕੇ ਇਸਦੀ ਵਰਤੋਂ ਕਰਦੇ ਹਨ। ਗੁਰੂ ਅਰਜਨ ਸਾਹਿਬ ਨੇ ਆਪਣੇ ਸਮੇਂ ਦੀ ਸਾਹਿਤਕ ਪ੍ਰਣਾਲੀ ਦੇ ਅਨੁਸਾਰ ਹੀ ਇਸ ਸਲੋਕ ਤੇ ਅਸਟਪਦੀ ਦੇ ਬਹਰ ਨੂੰ ਅਪਣਾਇਆ ਹੈ। ਜੋ ਭਾਵ-ਧਾਰਾ ਤੇ ਭਾਸ਼ਾ ਧਾਰਾ ਦੇ ਨਾਲ ਨਾਲ ਛੰਦਾਬੰਦੀ ਦੀ ਸੀਮਾ ਨੂੰ ਬਣਾਈ ਰਖਦਾ ਹੈ। ਇਸ ਵਿਚ ਆਕਾਰ ਦੀ ਅਲਪਤਾ ਕਾਰਣ ਚਪਲਤਾ ਤੇ ਰਵਾਨੀ ਹੈ, ਕਿਤੇ ਕੋਈ ਬਾਧਾ ਨਹੀਂ ਪੈਂਦੀ, ਗੱਲ ਆਪਣੇ ਆਪ ਅੱਗੇ ਅੱਗੇ ਤੁਰੀ ਜਾਂਦੀ ਹੈ ਅਤੇ ਸੰਗੀਤਕਤਾ ਦਾ ਹੁਲਾਰ ਬਣਿਆ ਰਹਿੰਦਾ ਹੈ। ਸੁਖਮਨੀ ਦੇ ਚਰਣ-ਪ੍ਰਬੰਧ ਜਾਂ ਮੀਟਰ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਪਾਠਕ ਨੂੰ ਨਾਲ ਲੈ ਕੇ ਚਲਦਾ ਹੈ ਤੇ ਸੁਰਤਿ ਨੂੰ ਕਾਵਿ ਦੇ ਵਿਸ਼ਾ-ਵਸਤੂ ਨਾਲ ਜੁੜਨ ਵਿਚ ਭਾਰੀ ਮੱਦਦ ਦਿੰਦਾ ਹੈ।

ਸਰੋਦੀ ਕਾਵਿ ਲਈ ਆਮ ਤੌਰ ਤੇ ਚਉਪਦੇ, ਦੁਪਦੇ ਆਦਿ ਵਰਤੇ ਗਏ ਹਨ ਲੇਕਿਨ ਵਿਚਾਰ-ਪ੍ਰਧਾਨ ਕਾਵਿ ਵਿਚ ਛੋਟਾ ਬਹਰ ਰੱਖਣਾ ਵਧੇਰੇ ਲਾਭਵੰਦਾ ਸਿੱਧ ਹੁੰਦਾ ਹੈ। ਸੁਖਮਨੀ ਸਾਹਿਬ ਇਸਦੀ ਵਧੀਆ ਮਿਸਾਲ ਹੈ ਜਿਸਨੇ ਨਿਕੇ ਬਹਰ ਰਾਹੀਂ ਵੱਡੇ ਵਿਸ਼ੇ ਨੂੰ ਵਿਸਤਾਰ ਨਾਲ ਪੇਸ਼ ਕਰਕੇ ਪਾਠਕ ਦੇ ਅੰਗ ਸੰਗ ਰਹਿਣ ਦਾ ਸਫਲ ਜਤਨ ਕੀਤਾ ਹੈ।

### (੪) **ਸ਼ਬਦ ਯੋਜਨਾ**

ਜਿਵੇਂ ਛੰਦ ਦਾ ਪ੍ਰਬੰਧ ਵਿਸ਼ੇ ਦੀ ਅਨੁਕੂਲਤਾ ਅਨੁਸਾਰ ਕੀਤਾ ਜਾਂਦਾ ਹੈ—ਤਿਵੇਂ ਭਾਸ਼ਾ ਜਾਂ ਸ਼ਬਦ-ਯੋਜਨਾ ਦੀ ਸਾਰੀ ਵਿਉਂਤ ਕਲਾਕਾਰ ਦੀ ਸ਼ੈਲੀ ਉਤੇ ਨਿਰਭਰ ਕਰਦੀ ਹੈ ਕਿ ਉਸਨੇ ਆਪਣੀ ਗੱਲ ਨੂੰ ਕਿਸ ਪਰਕਾਰ ਸੁਗਮ ਤੇ ਪ੍ਰਭਾਵਸ਼ਾਲੀ ਬਣਾ ਕੇ ਪੇਸ਼ ਕਰਨਾ ਹੈ। ਵਿਸ਼ੇ ਦੀ ਨੁਹਾਰ ਮੁਖ ਹੁੰਦੀ ਹੈ, ਉਸੇ ਮੁਤਾਬਿਕ ਸ਼ਬਦ-ਚੋਣ ਕਰਕੇ ਇਹ ਚਿਤ੍ਰ ਬਣਾਉਣਾ ਠੀਕ ਰਹਿੰਦਾ ਹੈ। ਬੀਰ ਰਸੀ ਰਚਨਾ ਵਾਸਤੇ ਕੜਾਕੇਦਾਰ ਸ਼ਬਦਾਵਲੀ ਵਧੇਰੇ ਸੂਤ ਬੈਠਦੀ ਹੈ ਤੇ ਸ਼ਿੰਗਾਰ-ਰਸੀ ਵਾਤਾਵਰਣ ਬੰਨ੍ਹਣ ਹਿਤ ਮਧੁਰ, ਕੋਮਲ ਸ਼ਬਦ ਜ਼ਿਆਦਾ ਲਾਭਕਾਰੀ ਸਿੱਧ ਹੁੰਦੇ ਹਨ ਪਰ ਅਧਿਆਤਮਕ ਗੰਭੀਰਤਾ ਨੂੰ ਛੋਹਣ ਲਈ ਸ਼ਾਂਤਮਈ ਸ਼ਬਦਾਵਲੀ ਦਾ ਪ੍ਰਯੋਗ ਜ਼ਰੂਰੀ ਹੈ। ਸੁਖਮਨੀ ਸਾਹਿਬ ਆਤਮਿਕ ਸ਼ਾਂਤੀ ਦਾ ਸੰਦੇਸ਼ ਹੈ, ਰੂਹ ਦੇ ਸੰਕਟ ਕੱਟਣ ਲਈ ਕੀਤੀ ਜੋਦੜੀ ਹੈ, ਸਮੁਚੇ ਮਨੁਖ ਦੇ ਕਲਿਆਣ ਦਾ ਤਰਲਾ ਹੈ, ਇਸ ਕਰਕੇ ਇਸ ਵਿਚ ਕਠਿਨ ਤੇ ਕਠੋਰ ਸ਼ਬਦ ਆਉਣੇ ਸੰਭਵ ਨਹੀਂ ਸਨ ਤੇ ਨਾ ਹੀ ਆਏ। ਦੂਸਰੇ, ਇਹ ਵੀ ਹਕੀਕਤ ਅੱਖੋਂ ਉਹਲੇ ਕੀਤੀ ਜਾਣ ਵਾਲੀ ਨਹੀਂ ਕਿ ਮੱਧ-ਕਾਲੀਨ ਭਗਤੀ ਸਾਹਿਤ ਸਰਲ ਭਾਸ਼ਾ ਵਿਚ ਇਸ ਲਈ ਵੀ ਹੈ ਕਿ ਜੋ ਸੰਤ ਭਗਤ ਰਚਨਾ

ਰਚਣ ਵਾਲੇ ਸਨ, ਉਹ ਵਧੇਰੇ ਹੇਠਲੇ ਦਰਜੇ ਦੀਆਂ ਸ਼੍ਰੇਣੀਆਂ ਵਿਚੋਂ ਆਏ ਸਨ ਤੇ ਉਨ੍ਹਾਂ ਦੀ ਪ੍ਰਿਯ ਭਾਸ਼ਾ ਲੋਕ-ਬੋਲੀ ਸੀ। ਇਹੋ ਟਕਸਾਲੀ ਬਣਕੇ ਸੰਤ-ਭਾਸ਼ਾ ਕਹਿਲਾਈ ਤੇ ਹਿੰਦੁਸਤਾਨ ਭਰ ਵਿਚ ਪ੍ਰਸਿੱਧ ਹੋਈ। ਇਸ ਵਿਚ ਕਵੀ ਦੇ ਨਿਜਤ੍ਵ ਕਾਰਣ ਸਥਾਨਕ ਪ੍ਰਭਾਵ ਸਨ, ਲੇਕਿਨ ਉਹ ਪ੍ਰਭਾਵ ਅਜੇਹੇ ਨਹੀਂ ਸਨ ਜੋ ਇਸ ਸੰਤ-ਲੋਕ-ਭਾਸ਼ਾ ਨੂੰ ਬਿਖਮ ਬਣਾਉਣ ਵਾਲੇ ਹੋਣ। ਗੁਰੂਆਂ ਦੀ ਸੰਤ-ਭਾਸ਼ਾ ਵਿਚ ਪੰਜਾਬੀ ਦਾ ਰੰਗ ਹੈ ਪਰ ਇਜੇਹਾ ਨਹੀਂ ਕਿ ਹੋਰਨਾਂ ਪ੍ਰਾਂਤਾਂ ਲਈ ਇਹ ਕੋਈ ਓਪਰਾਪਣ ਪੈਦਾ ਕਰਦਾ ਹੋਵੇ। ਸੋ ਗੁਰੂਆਂ, ਫ਼ਕੀਰਾਂ, ਸੰਤਾਂ ਨੇ ਜੋ ਜ਼ਬਾਨ ਵਰਤੀ ਹੈ ਉਹ ਸਰਲ ਹਿੰਦੁਸਤਾਨੀ ਦਾ ਸਰੇਸ਼ਟ ਰੂਪ ਹੈ ਤੇ ਇਸਦੀ ਸਭ ਤੋਂ ਵਧੀਆ ਪ੍ਰਮਾਣਿਕ ਮਿਸਾਲ ਸੁਖਮਨੀ ਦੀ ਭਾਸ਼ਾ ਹੈ, ਜਿਸਦੀ ਜਿਤਨੀ ਸਿਫ਼ਤ ਕੀਤੀ ਜਾਵੇ, ਥੋੜੀ ਹੈ।

ਸੁਖਮਨੀ ਦਾ ਵਿਸ਼ਾ ਤਾਂ ਮਹੱਤ੍ਵਪੂਰਣ ਹੈ ਹੀ ਪਰ ਜਿਸ ਬੋਲੀ ਤੇ ਸ਼ੈਲੀ ਵਿਚ ਇਹ ਪੇਸ਼ ਕੀਤਾ ਗਿਆ ਹੈ, ਉਹ ਵੀ ਘੱਟ ਅਹਿਮੀਅਤ ਨਹੀਂ ਰੱਖਦਾ। ਕਲਾਕਾਰ ਗੁਰੂ ਦਾ ਇਹ ਕਮਾਲ ਮੰਨਣਾ ਪੈਣਾ ਹੈ ਕਿ ਉਨ੍ਹਾਂ ਕਿਸ ਸੂਝਬੂਝ ਤੇ ਸਿਸ਼ਟਤਾ ਨਾਲ ਇਸ ਸ਼ਬਦ-ਪ੍ਰਬੰਧ ਨੂੰ ਵਿਉਂਤਿਆ ਹੈ। ਕਿਸੇ ਥਾਂ ਵੀ ਵਿਚਾਰਧਾਰਾ ਦਾ ਪ੍ਰਵਾਹ ਜ਼ਰਾ ਭੰਗ ਨਹੀਂ ਹੁੰਦਾ ਨਾ ਹੀ ਕਿਸੇ ਪ੍ਰਕਾਰ ਦੀ ਕੋਈ ਔਖਿਆਈ ਹੁੰਦੀ ਹੈ। ਇਹ ਪ੍ਰਵਾਹ-ਮਈ ਵੇਗ, ਉਮਲ ਰਹੇ ਚਸ਼ਮੇ ਵਰਗਾ ਹੈ ਜਿਸ ਨੂੰ ਕਿਤੇ ਠਾਕ ਨਹੀਂ ਪੈਂਦੀ, ਇਹ ਸਭ ਸੁਚੱਜੀ ਭਾਸ਼ਾ-ਜੁਗਤਿ ਦਾ ਸਿੱਟਾ ਹੈ। ਜੇਕਰ ਕਿਤੇ ਇਸੇ ਵਿਸ਼ਾ-ਵਸਤੂ ਨੂੰ ਲੈ ਕੇ ਸਰਲ ਲੋਕ ਭਾਸ਼ਾ ਦੀ ਥਾਂ 'ਅਚਾਰਯ-ਭਾਸ਼ਾ' ਦਾ ਪ੍ਰਯੋਗ ਹੁੰਦਾ ਤਾਂ ਪਤਾ ਨਹੀਂ ਇਸਨੂੰ ਕੋਈ ਵਿਰਲਾ ਵਿਦਵਾਨ ਹੀ ਵਾਚਦਾ ਪਰ ਹੁਣ ਇਸਦੇ ਪਾਠਕਾਂ ਦੀ ਸੰਖਿਆ ਅਜ ਵੀ ਲੱਖਾਂ ਵਿਚ ਹੈ, ਸਭੇ ਧਾਰਮਿਕ ਭਾਵਨਾ ਰੱਖਣ ਵਾਲੇ ਲੋਕ ਇਸਨੂੰ ਸਨੇਹ ਨਾਲ ਪੜ੍ਹਦੇ ਹਨ। ਇਹ ਸਭ ਸਰਲ ਭਾਸ਼ਾ ਦਾ ਸਿੱਟਾ ਹੈ। ਇਹ ਪ੍ਰਾਪਤੀ ਗਿਣਨ ਯੋਗ ਹੈ ਕਿ ਇਹ ਰਚਨਾ ਸਦੀਆਂ ਤੋਂ ਭਾਰਤ ਦੇ ਕੋਨੇ ਕੋਨੇ ਵਿਚ ਸਿਖਾਂ ਤੇ ਗ਼ੈਰ ਸਿਖਾਂ ਵਲੋਂ ਨਿਤਨੇਮ ਵਜੋਂ ਬਾਰ ਬਾਰ ਪੜ੍ਹੀਂਦੀ ਚਲੀ ਆ ਰਹੀ ਹੈ ਤੇ ਇਸਦਾ ਪ੍ਰਭਾਵ ਕਦੀ ਮੱਧਮ ਨਹੀਂ ਪਿਆ। ਫਿਰ ਜਦ ਕਦੀ ਸੰਕਟ ਕਾਲ ਵਿਚ ਬਾਣੀ ਦਾ ਪਾਠ ਕਰਨਾ ਚਿਤਵਿਆ ਜਾਂਦਾ ਹੈ ਤਾਂ ਚੋਣ, ਸੁਖਮਨੀ ਸਾਹਿਬ ਤੇ ਹੀ ਆਉਂਦੀ ਹੈ। ਹਰ ਥਾਂ, ਹਰ ਸਮੇਂ, ਹਰ ਵਿਅਕਤੀ ਇਸਤੋਂ ਫੈਜ਼ਯਾਬ ਹੁੰਦਾ ਹੈ। ਜਿਥੇ ਇਸ ਲੋਕ-ਪ੍ਰਿਯਤਾ ਦਾ ਕਾਰਣ ਇਸ ਵਿਚ ਆਖਿਆ ਮਨੋਹਰ ਸੰਦੇਸ਼ ਹੈ, ਉਥੇ ਇਸਦੀ ਸਰਲ ਭਾਸ਼ਾ ਤੇ ਸਹਿਜ ਸ਼ੈਲੀ ਨੂੰ ਵੀ ਇਹ ਸਿਹਰਾ ਜਾਂਦਾ ਹੈ ਕਿ ਉਸਨੇ ਹਰ ਸ਼ਰਧਾਵਾਨ ਸੁਹਜਵਾਨ ਤੇ ਸੂਝਵਾਨ ਆਸਤਿਕ ਪਾਠਕ ਨੂੰ ਆਪਣੇ ਵਲ ਆਕਰਸ਼ਿਤ ਕੀਤਾ ਹੈ।

ਰੱਬੀ ਸਿਦਕ, ਸ੍ਰੇਸ਼ਟਾਚਾਰ, ਸੁਹਿਰਦਤਾ, ਸਹਿਨਸ਼ੀਲਤਾ, ਸੰਤੁਸ਼ਟਤਾ, ਸਰਬ-ਕਲਿਆਣਕਾਰੀ ਭਾਵਨਾ ਤੇ ਸਹਜ ਸੰਤੁਲਨ ਸਿਖ ਲਹਿਰ ਦੇ ਪ੍ਰਮੁਖ ਲੱਛਣ ਹਨ। ਸੁਖਮਨੀ ਸਾਹਿਬ ਇਨ੍ਹਾਂ ਗੁਣਾਂ ਦਾ ਪਾਠ ਦ੍ਰਿੜ੍ਹਾਉਂਦੀ ਜੀਵਨ ਦੀਆਂ ਉਚੀਆਂ ਸਿਖਰਾਂ ਨੂੰ ਛੂੰਹਦੀ ਹੈ। ਅੰਤ ਆਪਣੇ ਨਾਇਕ ਦਾ ਵਿਖਿਆਨ ਇਉਂ ਕਰਦੀ ਹੈ :—

ਜਿਸ ਮਨਿ ਬਸੈ ਸੁਨੈ ਲਾਇ ਪ੍ਰੀਤਿ।
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ
ਜਨਮ ਮਰਨ ਤਾਂਕਾ ਦੂਖੁ ਨਿਵਾਰੈ

ਦੁਲਭ ਦੇਹ ਤਤਕਾਲ ਉਧਾਰੈ ।
ਨਿਰਮਲ ਸੋਭਾ ਅੰਮ੍ਰਿਤ ਤਾਂ ਕੀ ਬਾਨੀ
ਏਕੁ ਨਾਮੁ ਮਨ ਮਾਹਿ ਸਮਾਨੀ ।
ਦੂਖ ਰੋਗ ਬਿਨਸੈ ਭੈ ਭਰਮ
ਸਾਧ ਨਾਮ ਨਿਰਮਲ ਤਾਂਕੇ ਕਰਮ ।
ਸਭ ਤੇ ਊਚ ਤਾਂਕੀ ਸੋਭਾ ਬਨੀ
ਨਾਨਕ ਇਹ ਗੁਣਿ ਨਾਮੁ ਸੁਖਮਨੀ ।

## PROF. T. L. VASVANI

Let me refer to some of the characteristics of the Sukhmani. I have been impressed, in the first place, with its lack of dogmatism or speculative theology. Sukhmani is pre-eminently practical in its outlook upon the problems of life. When was the world created ? How many spirits can dance on the point of a needle ? Questions such as these engaged the attention of many theologians in Christian Europe during the pre-scientific era. Questions such these are ignored by the Guru as having no reference to the life of religion. Such questions, I may add, are prejudical to the development of spiritual life in the measure in which they disturb concentration on the vital values of religion. Sukhmani is a gospal of life, I am impressed, too, with its note of devotion to the ideal. Such love is sung in hymn after hymn of the Sukhmani. Years have passed away since my heart was knit to this great book. As a lisping child I listened to its simple verse. As a boy without understanding much, I was strangely moved by its melody. In the growing years of my manhood. I have felt again and again that the Bhagvadgita and the Sukhmani are two of the books which India's young men should study. They may will be read as text-books in Higher Nationalism. Indeed, some years ago when I was asked to recommend a text book in religion for college students in Sind, I referred to the Sukhmani as one of the great books for India's young men. The message of this book is, I believe, for the Nations. The world has glorified imperialism and narrow nationcults. Counsels of hate and strife are growing. The law of blood and death has been openly declared in Enrope as the law of 'national' life. "Altruism", we have been unblushingly told,

"is mob-egotism of the weak". Love and self-abnegation and humility have been condemned as "chandala (slave) morality"! The 'civilised' world is in piteous need of a message of the Spirit. Such a message is sung in the Sukhmani. It speaks of the law of peace, not 'efficiency' and blood of spiritual idealism, not arrogant imperialism; of the will-to-sacrifice, not the will-to-power: of the love which serves, not the power which appropriates and enslaves.

—*In the Sikh Sanctury* (1922)

## PROFESSOR PURAN SINGH

Guru Arjun Dev has sent us a Hymn of peace. It is like a river of peace in which we can dip our soul. Bathing is a mechanical process, sometimes we do no feel like bathing. But whenever we bathe we feel refreshed. We feel new. We love ourselves. Our clogged pores of the body are cleaned Mind too, becomes rectified by a mechanical process. I feel when we read Sukhmani, there is, unconcious to ourselves, a strange effect on our minds. And there is a reflex action on the body. The mind mounts up to some delectable heights and the body becomes light and ethereal and soars with it. We feel bodiless. In this river of peace, we must plunge daily and refresh ourselves. And when the mind is risen, we should kiss in every line and in every word the beautiful hands of our King who composed it for us. No Hymns can give one the love-spark unless they belong to oneself....Sukhmani is the Hari-Mandir built in song. It has the Spiritual atmosphere of the presence of the celestials. And those who read Sukhmani to meet those angels meet them in its music,

—*The Spirit Born People* (1692)

## NICHOLAS ROERICH

Unity is the light-winged dream of humanity. But when this dream is to be turned in to intention, few followers remain. The transmutation of the intention into action disperses the

majority. Thus the affirmation of Unity is the aspiration to the Higher Law, which humanity in its present stage cognizes with difficulty. Whoseever wishes to serve the Brotherhood of Light does not fear conceptions which are not accepted by the multitudes.

Thus wisdom ordains And are these commandments abstract and in applicable ? If Truth is one and Culture is one, the concept of Unity and Peace reveals itself in full understanding Verily it is a reality for those hearts which are aflame. The call for Peace and Co-operation is indeed a call for creative labour, for Good and Bliss !

May 'The Psalm of Peace' kindle many searching hearts !

—*The Psalm of Peace* (1983)

Acc. No. 77050
Date 15.10.91

Library IIAS, Shimla
P 294.682 P 13 S
00077050